ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 25 | 25 June 2021 to 01 July 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਨਵਜੋਤ ਸਿੱਧੂ ਨੂੰ ਪੰਜਾਬ ਪ੍ਰਧਾਨ ਬਣਾਉਣਾ ਚਾਹੁੰਦੀ ਹੈ ਹਾਈਕਮਾਂਡ, ਕੈਪਟਨ ਔਖਾ

**ਪਟਿਆਲਾ/ਏ.ਟੀ.ਨਿਊਜ਼ :** ਕਈ ਦਿਨਾਂ ਤੋਂ ਚੱਲ ਰਹੇ ਕੈਪਟਨ-ਸਿੱਧੂ ਵਿਵਾਦ ਦੀ ਅਸਲ ਜੜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਹੈ। ਕਾਂਗਰਸ ਪਾਰਟੀ ਦੇ ਉੱਚ ਪੱਧਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਹਾਈਕਮਾਂਡ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਉਣਾ ਚਾਹੁੰਦੀ ਹੈ। ਇਸ ਬਾਰੇ ਲਗਭਗ ਫ਼ੈਸਲਾ ਹੋ ਵੀ ਚੁੱਕਾ ਹੈ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਸੇ ਵੀ ਹਾਲ ’ਚ ਸਿੱਧੂ ਨੂੰ ਪੰਜਾਬ ਪ੍ਰਧਾਨ ਬਣਾਉਣਾ ਮਨਜ਼ੂਰ ਨਹੀਂ ਹੈ। ਇਸ ਦਾ ਇੱਕੋ-ਇਕ ਕਾਰਨ ਇਹੀ ਹੈ ਕਿ ਜੇਕਰ ਹਾਈਕਮਾਂਡ ਸਿੱਧੂ ਨੂੰ ਪੀ. ਪੀ. ਸੀ. ਸੀ. ਦਾ ਪ੍ਰਧਾਨ ਬਣਾਉਂਦੀ ਹੈ ਤਾਂ ਪੰਜਾਬ ’ਚ ਇਹ ਮੈਸੇਜ ਚਲਾ ਜਾਵੇਗਾ ਕਿ ਅਗਲੇ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਨਵਜੋਤ ਸਿੰਘ ਸਿੱਧੂ ਹੀ ਹੋਵੇਗਾ।

ਇਸ ਤੋਂ ਇਲਾਵਾ ਸਿੱਧੂ ਪੰਜਾਬ ’ਚ ਕੈਪਟਨ ਦੇ ਸਮਾਨਾਂਤਰ ਇਕ ਸ਼ਕਤੀ ਦੇ ਰੂਪ ’ਚ ਖੜੇ ਹੋ ਜਾਣਗੇ ਅਤੇ ਵਿਵਾਦਿਤ ਮੁੱਦਿਆਂ ’ਤੇ ਬੋਲ ਕੇ ਕੈਪਟਨ ਅਮਰਿੰਦਰ ਸਿੰਘ ਲਈ ਸਮੱਸਿਆ ਖੜੀ ਕਰਨਗੇ। ਇਹੀ ਕਾਰਨ ਹੈ ਕਿ ਕੈਪਟਨ ਕਿਸੇ ਵੀ ਤੇਜ਼-ਤਰਾਰ ਆਗੂ ਨੂੰ ਪੰਜਾਬ ਪ੍ਰਧਾਨ ਨਹੀਂ ਬਣਨ ਦੇਣਾ ਚਾਹੁੰਦੇ। ਕਾਂਗਰਸ ਹਾਈਕਮਾਂਡ ਕੋਲ ਵੱਖ-ਵੱਖ ਸਰੋਤਾਂ ਤੋਂ ਇਹ ਸੂਚਨਾ ਪਹੁੰਚੀ ਹੈ ਕਿ ਪੰਜਾਬ ’ਚ ਨਵਜੋਤ ਸਿੰਘ ਸਿੱਧੂ ਦੇ ਬਿਨਾਂ ਸਰਕਾਰ ਰਿਪੀਟ ਹੋਣਾ ਨਾਮੁਮਕਿਨ ਹੈ। ਤਿੰਨ ਮੈਂਬਰੀ ਕਮੇਟੀ ਨੇ ਪੰਜਾਬ ਦੇ ਜਿਹੜੇ ਵੀ ਵਿਧਾਇਕਾਂ ਨਾਲ ਮੀਟਿੰਗ ਕੀਤੀ ਹੈ, ਉਨਾਂ ਨੇ ਇਹੀ ਫੀਡਬੈਕ ਦਿੱਤੀ ਹੈ ਕਿ ਪੰਜਾਬ ਵਿਚ ਕਾਂਗਰਸ ਦੀ ਨਹੀਂ, ਸਗੋਂ ਅਫਸਰਸ਼ਾਹੀ ਦੀ ਸਰਕਾਰ ਹੈ। ਟਕਸਾਲੀ ਕਾਂਗਰਸੀਆਂ ਦੀ ਕੋਈ ਸੁਣਵਾਈ ਨਹੀਂ ਹੈ। ਇੱਥੋਂ ਤੱਕ ਕਿ ਮੰਤਰੀਆਂ ਦੀ ਉਨਾਂ ਦੇ ਵਿਭਾਗਾਂ ਦੇ ਸਕੱਤਰ ਵੀ ਨਹੀਂ ਮੰਨਦੇ ਅਤੇ ਮੰਤਰੀਆਂ ਦੇ ਕਹਿਣ ਦੇ ਬਾਵਜੂਦ ਫਾਈਲਾਂ ਨਹੀਂ ਕੱਢੀਆਂ ਜਾਂਦੀਆਂ ਹਨ।



ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਧਾਨ ਹਰ ਹਾਲ ’ਚ ਬਣਾਉਣਾ ਚਾਹੁੰਦੇ ਹਨ। ਇਸ ਲਈ ਜਿਥੇ ਸੋਨੀਆ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮਨਾਉਣ ਲਈ ਅੰਬਿਕਾ ਸੋਨੀ ਦੀ ਡਿਊਟੀ ਲਾਈ ਹੈ, ਉੱਥੇ ਰਾਹੁਲ ਗਾਂਧੀ ਨੇ ਪੰਜਾਬ ਦੇ ਐੱਮ. ਪੀਜ਼ ਦੀ ਡਿਊਟੀ ਲਾਈ ਹੈ। ਇਹੀ ਕਾਰਨ ਹੈ ਕਿ ਰਵਨੀਤ ਸਿੰਘ ਬਿੱਟੂ ਵਰਗੇ ਐੱਮ. ਪੀ. ਵੀ ਕੈਪਟਨ ਦੇ ਪੱਖ ’ਚ ਖੜੇ ਹੋ ਗਏ। ਸੂਤਰਾਂ ਅਨੁਸਾਰ ਰਵਨੀਤ ਬਿੱਟੂ ਰਾਹੁਲ ਗਾਂਧੀ ਦੇ ਕਹਿਣ ’ਤੇ ਹੀ ਕੈਪਟਨ ਨਾਲ ਖੜੇ ਹਨ। ਹਾਈਕਮਾਂਡ ਚਾਹੁੰਦੀ ਹੈ ਕਿ ਪੰਜਾਬ ’ਚ ਕਾਂਗਰਸ ਦੀ ਸਰਕਾਰ ਰਿਪੀਟ ਹੋਵੇ ਤਾਂ ਕਿ ਕੇਂਦਰ ਦੀ ਮੋਦੀ ਸਰਕਾਰ ਦਾ ਮਨੋਬਲ ਤੋੜਿਆ ਜਾ ਸਕੇ। ਇਸ ਲਈ ਹਾਈਕਮਾਂਡ ਕੈਪਟਨ ਤੇ ਸਿੱਧੂ ਦੋਹਾਂ ਨੂੰ ਇਕੱਠੇ ਮਿਲ ਕੇ ਚੱਲਣ ਲਈ ਦਬਾਅ ਬਣਾ ਰਹੀ ਹੈ। ਸਰਕਾਰ ਰਿਪੀਟ ਕਰਨ ਲਈ ਦੋਹਾਂ ਦੀ ਹੀ ਲੋੜ ਹੈ। ਹਾਈਕਮਾਂਡ ਨੂੰ ਪਤਾ ਹੈ ਕਿ ਕੈਪਟਨ ਤੇ ਪੰਜਾਬ ਸਰਕਾਰ ਖ਼ਿਲਾਫ਼ ਜੋ ਐਂਟੀ ਇਨਕੰਬੈਂਸੀ ਹੈ, ਉਸ ਨੂੰ ਸਿਰਫ ਨਵਜੋਤ ਸਿੰਘ ਸਿੱਧੂ ਹੀ ਦੂਰ ਕਰ ਸਕਦੇ ਹਨ। ਸਿੱਧੂ ਤੋਂ ਬਿਨਾਂ ਪੰਜਾਬ ’ਚ ਸਰਕਾਰ ਰਿਪੀਟ ਹੋਣਾ ਮੁਸ਼ਕਿਲ ਹੈ। ਇਸ ਲਈ ਹਾਈਕਮਾਂਡ ਦੋਹਾਂ ਨੂੰ ਨਾਲ ਰਹਿ ਕੇ ਮਿਸ਼ਨ 2022 ਫਤਿਹ ਕਰਨ ਲਈ ਦਬਾਅ ਬਣਾ ਰਹੀ ਹੈ।

ਕਾਂਗਰਸ ਹਾਈਕਮਾਂਡ ਨੇ ਜਦੋਂ ਪੰਜਾਬ ਦੇ ਵਿਧਾਇਕਾਂ ਨਾਲ ਗੱਲਬਾਤ ਕੀਤੀ ਤਾਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਕਿ ਵਿਧਾਇਕ ਇਹ ਤਾਂ ਮੰਨਦੇ ਹਨ ਕਿ ਨਵਜੋਤ ਸਿੰਘ ਸਿੱਧੂ ਕਾਂਗਰਸ ਦੀ ਕਿਸ਼ਤੀ ਪਾਰ ਲਾ ਸਕਦੇ ਹਨ ਅਤੇ ਉਨਾਂ ਦੀ ਲੋਕਪ੍ਰਿਯਤਾ ਹੈ ਪਰ ਕੈਪਟਨ ਦੀ ਤਰਾਂ ਵਿਧਾਇਕ ਵੀ ਸਿੱਧੂ ਦੇ ਵਿਵਹਾਰ ਤੋਂ ਖੁਸ਼ ਨਹੀਂ ਹਨ। ਨਵਜੋਤ ਸਿੱਧੂ ਵੀ ਮਹਾਰਾਜਾ ਸਟਾਈਲ ’ਚ ਕੰਮ ਕਰਦੇ ਹਨ ਅਤੇ ਕਿਸੇ ਦੀ ਨਹੀਂ ਸੁਣਦੇ। ਵਿਧਾਇਕਾਂ ਨੇ ਇਹ ਗੱਲ ਜ਼ਰੂਰ ਕਹੀ ਹੈ ਕਿ ਪੰਜਾਬ ਦੀ ਰਾਜਨੀਤੀ ਮੌਜੂਦਾ ਸਮੇਂ ਉਸ ਮੋੜ ’ਤੇ ਖੜੀ ਹੈ ਕਿ ਸਿੱਧੂ ਜਿਸ ਪਾਸੇ ਜਾਣਗੇ, ਪੱਲੜਾ ਉਸੇ ਦਾ ਭਾਰੀ ਹੋਵੇਗਾ ਪਰ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਵਰਗੇ ਟਕਸਾਲੀ ਕਾਂਗਰਸੀ ਚਾਹੁੰਦੇ ਹਨ ਕਿ ਕੈਪਟਨ, ਸਿੱਧੂ ਸਮੇਤ ਸਾਰਿਆਂ ਨੂੰ ਨਾਲ ਲੈ ਕੇ ਚੱਲ ਸਕੇ।

## ਅੰਦਰ ਪੜ੍ਹੋ

10 ਵਿਸ਼ੇਸ਼ ਰਪੋਰਟ
ਕੇਜਰੀਵਾਲ ਵਲੋਂ ਦਾਅਵਾ : ਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਹੋਵੇਗਾ ਸਿੱਖ



15 ਕਿਸਾਨੀ ਮਸਲਾ
ਪੰਜਾਬ ਦੀ ਮੌਜੂਦਾ ਰਾਜਨੀਤੀ ਤੇ ਕਿਸਾਨੀ ਅੰਦੋਲਨ ਦੇ ਰੋਲ ਦਾ ਸੁਆਲ



## ਟੋਰਾਂਟੋ ਪੁਲਿਸ ਵੱਲੋਂ 9 ਪੰਜਾਬੀਆਂ ਸਮੇਤ 20 ਅੰਤਰਰਾਸ਼ਟਰੀ ਨਸ਼ਾ ਤਸਕਰ ਗ੍ਰਿ੍ਫ਼ਤਾਰ

✪ 1000 ਕਿੱਲੋ ਡਰੱਗ ਫੜੀ ✪ ਬਾਜ਼ਾਰੂ ਕੀਮਤ 61 ਮਿਲੀਅਨ ਡਾਲਰ ਦੱਸੀ ਗਈ



**ਟੋਰਾਂਟੋਂ/ਏ.ਟੀ.ਨਿਊਜ਼ :** ਨਵੰਬਰ 2020 ਤੋਂ ਸ਼ੁਰੂ ਹੋਏ ਅਤੇ ਮਈ 2021 ਤੱਕ ਚੱਲੇ ਇਸ ਓਪ੍ਰੇਸ਼ਨ ਵਿਚ 35 ਥਾਵਾਂ ਤੇ ਛਾਪੇ ਮਾਰਕੇ ਟੋਰਾਂਟੋ ਪੁਲਿਸ ਨੇ 1000 ਕਿੱਲੋ ਡਰੱਗ ਬਰਾਮਦ ਕੀਤੀ ਅਤੇ 9 ਪੰਜਾਬੀਆਂ ਸਮੇਤ 20 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਖੀ ਜੇਮਜ਼ ਰੇਮਰ ਅਨੁਸਾਰ ਛੇ ਮਹੀਨਿਆਂ ਵਿਚ ਸਿਰੇ ਚੜ੍ਹੇ ਇਸ ਅਪ੍ਰੇਸ਼ਨ ਵਿਚ ‘ਬੀਰਸਾ’ 10 ਸੁਰੱਖਿਆ ਏਜੰਸੀਆਂ ਵਲੋਂ ਹਿੱਸਾ ਲਿਆ ਗਿਆ। ਉਨਾਂ ਦੱਸਿਆ ਕਿ ਸਰੀ ਤੋਂ ਫੜੇ ਗਏ ਜੈਸਨ ਹਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਨੂੰ ਤਸਕਰੀ ਵਾਲੇ ਟਰੱਕਾਂ ਦੀ ਪਛਾਣ ਕਰਨੀ ਅਤੇ ਪੈੜ ਨੱਪਣੀ ਸੁਖਾਲੀ ਹੋ ਗਈ ਹੈ। ਕਿਉਂਕਿ ਨਸ਼ੇ ਦੀਆਂ ਖੇਪਾਂ ਮੈਕਸੀਕੋ ਤੋਂ ਚੱਲ ਕੇ ਅਮਰੀਕਾ ਰਾਹੀਂ ਕੈਨੇਡਾ ਪਹੁੰਚਦੀਆਂ ਸਨ। ਇਸ ਸਬੰਧੀ ਜਾਂਚ ਵਿੱਚ ਅਮਰੀਕੀ ਪੁਲਿਸ ਦਾ ਸਹਿਯੋਗ ਵੀ ਲੈਣਾ ਪਿਆ।

ਸਥਾਨਕ ਮੁੱਖ ਮੀਡੀਆ ਨੇ ਪੁਲਿਸ ਦੀ ਇਸ ਸਫ਼ਲਤਾ ਨੂੰ ਉਭਾਰ ਕੇ ਪੇਸ਼ ਕੀਤਾ ਹੈ। ਇਸ ਅਪ੍ਰੇਸ਼ਨ ਦੌਰਾਨ 444 ਕਿੱਲੋ ਕੋਕੀਨ,182 ਕਿੱਲੋ ਕ੍ਰਿਸਟਲ ਮੈਥ, 427 ਕਿੱਲੋ ਮੇਰੁਆਨਾ, 300 ਨਸ਼ੀਲੀਆਂ ਗੋਲੀਆਂ ਅਤੇ 966,0220 ਕੈਨੇਡੀਅਨ ਡਾਲਰ ਬਰਾਮਦ ਕੀਤੇ ਗਏ। ਪੁਲਿਸ ਵਲੋਂ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿਚ ਬਰੈਂਪਟਨ ਤੋਂ ਗੁਰਬਖਸ਼ ਸਿੰਘ ਗਰੇਵਾਲ(37), ਕੈਲੇਡਨ ਤੋਂ ਹਰਬਲਜੀਤ ਸਿੰਘ ਤੂਰ, ਕੈਲੇਡਨ ਤੋਂ ਅਮਰਬੀਰ ਸਿੰਘ ਸਰਕਾਰੀਆ (25), ਕੈਲੇਡਨ ਤੋਂ ਹਰਬਿੰਦਰ ਭੁੱਲਰ (43 ਔਰਤ), ਕਿਚਨਰ ਤੋਂ ਸਰਜੰਟ ਸਿੰਘ ਧਾਲੀਵਾਲ(37), ਕਿਚਨਰ ਤੋਂ ਹਰਬੀਰ ਧਾਲੀਵਾਲ (26), ਕਿਚਨਰ ਤੋਂ ਗੁਰਮਨਪ੍ਰੀਤ ਗਰੇਵਾਲ (26), ਬਰੈਂਪਟਨ ਤੋਂ ਸੁਖਵੰਤ ਬਰਾੜ (37), ਬਰੈਂਪਟਨ ਤੋਂ ਪਰਮਿੰਦਰ ਗਿੱਲ (33), ਸਰੀ ਤੋਂ ਜੈਸਨ ਹਿਲ (43), ਟਰਾਂਟੋ ਤੋਂ ਰਿਆਨ(28), ਟਰਾਂਟੋ ਤੋਂ ਜਾ ਮਿਨ (23), ਟਰਾਂਟੋ ਤੋਂ ਡੈਮੋ ਸਰਚਵਿਲ(24), ਵਾਹਨ ਤੋਂ ਸੈਮੇਤ ਹਾਈਸਾ(28), ਟਰਾਂਟੋ ਤੋਂ ਹਨੀਫ ਜਮਾਲ (43), ਟਰਾਂਟੋ ਤੋਂ ਵੀ ਜੀ ਹੁੰਗ(28), ਟਰਾਂਟੋ ਤੋਂ ਨਦੀਮ ਲੀਲਾ(35), ਟਰਾਂਟੋ ਤੋਂ ਯੂਸਫ ਲੀਲਾ (65), ਟਰਾਂਟੋ ਤੋ ਐਂਡਰੇ ਵਿਲਿਅਮ(35) ਦੇ ਨਾਮ ਸ਼ਾਮਿਲ ਹਨ ਅਤੇ ਦੋ ਜਣੇ ਹਾਲੇ ਵੀ ਫਰਾਰ ਹਨ।

# ਕਿਸਾਨ ਨੇਤਾ ਰਾਜੇਵਾਲ ‘ਆਪ’ ਵਿਚ ਸ਼ਾਮਿਲ ਨਹੀਂ ਹੋਣਗੇ

**ਜਲੰਧਰ/ਏ.ਟੀ.ਨਿਊਜ਼ :** ਮਿਸ਼ਨ 2022 ਤਹਿਤ ਆਮ ਆਦਮੀ ਪਾਰਟੀ ਲਗਾਤਾਰ ਨਵੇਂ ਚਿਹਰਿਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰ ਰਹੀ ਹੈ। ਪਿਛਲੇ ਦਿਨੀ ਅੰਮ੍ਰਿਤਸਰ ਪਹੁੰਚੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕੁੰਵਰ ਵਿਜੇ ਪ੍ਰਤਾਪ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਮੌਕੇ ਇਹ ਗੱਲ ਕਹੀ ਸੀ ਕਿ ਪੰਜਾਬ ਵਿੱਚ ਸਿੱਖ ਚਿਹਰਾ ਹੀ ਮੁੱਖ ਮੰਤਰੀ ਦਾ ਉਮੀਦਵਾਰ ਹੋਵੇਗਾ ਅਤੇ ਸਾਰਿਆਂ ਨੂੰ ਉਸ ’ਤੇ ਮਾਣ ਹੋਵੇਗਾ। ਉਦੋਂ ਤੋਂ ਹੀ ਸਿਆਸੀ ਹਲਕਿਆਂ ਵਿੱਚ ਇਸ ‘ਚਿਹਰੇ’ ਨੂੰ ਲੈ ਕੇ ਕਿਆਸਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ ਸੀ। ਹੁਣ ਚਰਚਾਵਾਂ ਚੱਲ ਰਹੀਆਂ ਹਨ ਕਿ ਆਉਣ ਵਾਲੇ ਦਿਨਾਂ ’ਚ ਆਪ ਪਾਰਟੀ ਇੱਕ ਵੱਡੇ ਕਿਸਾਨ ਆਗੂ ਨੂੰ ਪਾਰਟੀ ਵਿਚ ਸ਼ਾਮਲ ਕਰ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਸੰਭਾਵਨਾ ਹੈ ਕਿ ਇਹ ਆਗੂ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਉਮੀਦਵਾਰ ਦਾ ਚਿਹਰਾ ਹੋਵੇ।

ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਚਰਚਾਵਾਂ ਦਰਮਿਆਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਇਹ ਬੀਜੇਪੀ ਦਾ ਨਵਾਂ ਪੈਂਤੜਾ ਹੈ, ਜਦਕਿ ਅਸਲੀਅਤ ਵਿੱਚ ਉਹ ਕਿਸੇ ਵੀ ਪਾਰਟੀ



ਵਿੱਚ ਸ਼ਾਮਲ ਨਹੀਂ ਹੋ ਰਹੇ। ਉਨਾਂ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਮੋਦੀ ਸਰਕਾਰ ਘਬਰਾਈ ਪਈ ਹੈ, ਇਸ ਕਰਕੇ ਅੰਦੋਲਨ ਨੂੰ ਬਦਨਾਮ ਕਰਨ ਲਈ ਹਰ ਰੋਜ਼ ਨਵਾਂ ਝੂਠ ਪ੍ਰਚਾਰਿਆ ਜਾਂਦਾ ਹੈ ਅਤੇ ਫਿਰ ਉਸਨੂੰ ਸੱਚ ਬਣਾਉਣ ਦੇ ਯਤਨ ਕੀਤੇ ਜਾਂਦੇ ਹਨ।

ਬਲਬੀਰ ਰਾਜੇਵਾਲ ਨੇ ਕਿਹਾ ਕਿ ਭਾਜਪਾ ਸ਼ੁਰੂ ਤੋਂ ਹੀ ਕਿਸਾਨੀ ਘੋਲ ਨੂੰ ਬਦਨਾਮ ਕਰਨ ਲਈ ਕਈ ਪੈਂਤੜੇ ਅਪਣਾ ਚੁੱਕੀ ਹੈ ਤੇ ਉਸੇ ਤਰਾਂ ਹੀ ਇਹ ਨਵਾਂ ਸ਼ੋਸ਼ਾ ਹੈ ਜਿਸ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਬਲਬੀਰ ਰਾਜੇਵਾਲ ਨੇ ਕਿਹਾ ਕਿ ਪਿਛਲੇ ਦਿਨੀਂ ਇੱਕ ਵੀਡੀਓ ਵਾਇਰਲ ਹੋਈ ਸੀ ਜਿਸ ਵਿੱਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੈਂ ‘ਆਪ’ ਵਿੱਚ ਸ਼ਾਮਿਲ ਹੋ ਰਿਹਾ ਹਾਂ ਅਤੇ ਮੈਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਿਆ ਜਾਵੇਗਾ ਪਰ ਅਸਲੀਅਤ ਇਹ ਹੈ ਕਿ ਮੈਂ ਪਿਛਲੇ ਇੱਕ ਸਾਲ ਤੋਂ ਆਮ ਆਦਮੀ ਪਾਰਟੀ ਦੇ ਕਿਸੇ ਛੋਟੇ ਲੀਡਰ ਨੂੰ ਵੀ ਨਹੀਂ ਮਿਲਿਆ।

ਉਨਾਂ ਕਿਹਾ ਕਿ ਕਈ ਵਾਰ ਕੁਝ ਜਥੇਬੰਦੀਆਂ ਜੇਕਰ ਮੈਨੂੰ ਇਸ ਤਰਾਂ ਦੀ ਕੋਈ ਸਲਾਹ ਵੀ ਦਿੰਦੀਆਂ ਨੇ ਤਾਂ ਮੈਂ ਉਨਾਂ ਨੂੰ ਸਪੱਸ਼ਟ ਕਹਿ ਦਿੰਦਾ ਹਾਂ ਕਿ ਮੇਰਾ ਨਿਸ਼ਾਨਾ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣਾ ਹੈ, ਜਿਸ ਲਈ ਕਿਸਾਨ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ’ਤੇ ਡੇਰੇ ਲਾਈ ਬੈਠੇ ਹਨ। ਰਾਜਨੀਤਕ ਮਾਹਿਰਾਂ ਦਾ ਮੰਨਣਾ ਕੀ ਭਾਜਪਾ ਆਪ ਦੀ ਡੂੰਘੀ ਸਾਂਝ ਹੈ।ਭਾਜਪਾ ਆਪ ਨੂੰ ਮਜਬੂਤ ਕਰਨ ਲਈ ਇਹ ਬਿਰਤਾਂਤ ਸਿਰਜ ਰਹੀ ਹੈ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਹਿਜ ਪਾਠਾਂ ਦੀ ਆਰੰਭਤਾ

## ਤਪਤੇਜਦੀਪ ਸਿੰਘ ਨੂੰ ਸਮਰਪਿਤ ਖ਼ੂਨਦਾਨ ਕੈਂਪ ਅਤੇ ਵੈਕਸੀਨ ਡਰਾਈਵ




**ਫਰੀਮਾਂਟ/ਏ.ਟੀ.ਨਿਊਜ਼ :** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਮੂਹਿਕ ਤੌਰ 'ਤੇ ਪਰਿਵਾਰਾਂ ਦੀ ਸੁੱਖ ਸ਼ਾਂਤੀ, ਪੰਥ ਦੀ ਚੜਦੀ ਕਲਾ ਅਤੇ ਸਰਬੱਤ ਦੇ ਭਲੇ ਲਈ 132 ਦੇ ਕਰੀਬ ਸਹਿਜ ਪਾਠ ਆਰੰਭ ਕੀਤੇ ਜਾ ਰਹੇ ਹਨ। ਇਨਾਂ ਪਾਠਾਂ ਦੀ ਸੰਪੂਰਨਤਾ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ 'ਤੇ 19 ਨਵੰਬਰ 2021 ਨੂੰ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿਖੇ ਪਿਛਲੇ ਇਕ ਹਫ਼ਤੇ ਤੋਂ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਨੂੰ ਸਮਰਪਿਤ ਐਤਵਾਰ ਦੇ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿੱਚ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਅਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਦੇ ਜਥਿਆਂ ਨੇ ਸੰਗਤਾਂ ਨੂੰ ਰਸਭਿੰਨਾ ਕੀਰਤਨ ਸਰਵਣ ਕਰਵਾਇਆ ਅਤੇ ਭਾਈ ਮਹਿਲ ਸਿੰਘ ਪਟਿਆਲੇ ਵਾਲ਼ਿਆਂ ਨੇ ਗੁਰਮਤਿ ਵਿਚਾਰਾਂ ਸਰਵਣ ਕਰਾਕੇ ਸੰਗਤਾਂ ਨੂੰ ਨਿਹਾਲ ਕੀਤਾ।

ਪਿਛਲੇ ਦਿਨੀਂ **VTA** ਯਾਰਡ ਸੈਨਹੋਜ਼ੇ ਵਿਖੇ ਹੋਈ ਗੋਲੀਬਾਰੀ ਦੌਰਾਨ ਯੂਨੀਅਨ ਸਿਟੀ ਨਿਵਾਸੀ ਗੁਰਸਿੱਖ ਨੌਜਵਾਨ ਭਾਈ ਤਪਤੇਜਦੀਪ ਸਿੰਘ ਅਤੇ ਉਸ ਨਾਲ ਨਿਹੱਥੇ ਮਾਰੇ ਗਏ ਅੱਠ ਹੋਰ ਵਿਅਕਤੀਆਂ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਾਇਆ ਗਿਆ ਜਿਸ ਵਿੱਚ ਸਿੱਖ ਸੰਗਤਾਂ ਨੇ ਸਵੇਰੇ ਨੌ ਵਜੇ




ਤੋਂ ਲੈ ਕੇ ਸ਼ਾਮੀ ਪੰਜ ਵਜੇ ਤੱਕ ਖ਼ੂਨ ਦਾਨ ਕੀਤਾ।

ਇਸ ਦੇ ਨਾਲ ਹੀ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਕੋਰੋਨਾ ਵੈਕਸੀਨ ਲਗਾਈ ਗਈ। ਕੋਰੋਨਾ ਮਹਾਂਮਾਰੀ ਤੋਂ ਬਾਅਦ ਸੰਗਤਾਂ ਦੀ ਆਮਦ ਸ਼ੁਰੂ ਹੋਈ।




ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਨੂੰ ਧਾਰਮਿਕ ਅਤੇ ਸਮਾਜਿਕ ਖੇਤਰ ਵੱਲ ਪ੍ਰੇਰਿਤ ਕਰਨ ਲਈ ਕੀਰਤਨ, ਖੇਡਾਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਰਜਿਸਟਰੇਸ਼ਨ ਕੀਤੀ ਗਈ।

ਅਮਰੀਕਨ ਸਿੱਖ ਬੱਚਿਆਂ ਵੱਲੋਂ ਅਫ਼ਰੀਕਾ ਵਿੱਚ ਗਰੀਬ ਅਤੇ ਲੋੜਵੰਦ ਲੋਕਾਂ ਲਈ ਲੋੜੀਂਦਾ ਸਮਾਨ ਭੇਜਣ ਲਈ ਮਾਇਆ ਇਕੱਤਰ ਕੀਤੀ ਗਈ।

ਪ੍ਰਬੰਧਕਾਂ ਵੱਲੋ ਵਿਸ਼ਵਾਸ ਦਿਵਾਇਆ ਗਿਆ ਕਿ ਭਵਿੱਖ ਵਿੱਚ ਵੀ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੇ ਪ੍ਰੋਜੈਕਟਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਦਿਆਂ ਹੋਇਆਂ ਹੋਰ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ।

ਗੁਰਦੁਆਰਾ ਸਾਹਿਬ ਵਿਖੇ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਯਾਦਗਾਰ ਬਣਾਈ ਜਾਵੇਗੀ।ਸਮੂਹ ਸੰਗਤਾਂ ਦਾ ਧੰਨਵਾਦ।

# ਅਗਲੀ ਸੁਪਰੀਮ ਕੌਂਸਲ ਚੋਣ 12 ਮਾਰਚ 2023 ਨੂੰ : ਜੱਜ ਜੈਫਰੀ ਬਰੈਂਡ

**ਫਰੀਮਾਂਟ/ਏ.ਟੀ.ਨਿਊਜ਼ :** ਬਾਸਾ-ਗੁਰਮੀਤ ਧੜੇ ਨੂੰ ਅੱਜ ਇੱਕ ਹੋਰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਧੜੇ ਵੱਲੋਂ ਸੰਗਤ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਖੱਜਲ-ਖ਼ੁਆਰ ਕਰਨ ਦੀ ਨੀਤੀ ਨਾਲ ਸੁਪਰੀਮ ਕੌਂਸਲ ਦੀਆਂ ਅਗਲੀਆਂ ਚੋਣਾਂ 13 ਮਾਰਚ 2022 ਨੂੰ ਕਰਾਉਣ ਲਈ ਰਿੱਟ ਪਾਈ ਸੀ ਪਰ ਮਾਨਯੋਗ ਜੱਜ ਨੇ ਸਿੱਖ ਪੰਚਾਇਤ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ 12 ਮਾਰਚ 2023 ਨੂੰ ਚੋਣਾਂ ਹੋਣ ਦੀ ਤਰੀਕ ਮਿੱਥ ਦਿੱਤੀ ਹੈ।

ਬਾਸਾ-ਗੁਰਮੀਤ ਧੜੇ ਵੱਲੋਂ ਇਹ ਬਹੁਤ ਖ਼ਤਰਨਾਕ ਖੇਡ ਖੇਡੀ ਗਈ ਸੀ ਜਿਸਨੇ ਅਗਲੇ ਸਾਲਾਂ ਵਿੱਚ ਹਰੇਕ ਚੋਣ ਕਚਹਿਰੀਆਂ ਵਿੱਚ ਖਤਮ ਕਰਨੀ ਸੀ। ਭਵਿੱਖ ਵਿੱਚ ਇਹ ਨਿਸ਼ਚਿਤ ਕਿ ਜਿਹੜੀ ਧਿਰ ਪ੍ਰਬੰਧ ਤੇ ਕਾਬਜ਼ ਹੈ ਤੇ ਜਦੋਂ ਉਸਨੇ ਚੋਣ ਵਿੱਚ ਹਾਰਨਾ ਸੀ ਤਾਂ ਕਚਿਹਰੀ ਵਿੱਚ ਚੋਣ ਚੈਲੰਜ ਹੋਣੀ ਸੀ। ਕਿਉਂ ਕਿ ਕੋਰਟ ਦੇ ਨਿਯਮਾਂ ਅਨੁਸਾਰ ਜਿੰਨੀ ਦੇਰ ਕੋਰਟ ਕੇਸ ਦਾ ਨਿਪਟਾਰਾ ਨਹੀਂ ਹੁੰਦਾ ਤਾਂ ਕਾਬਜ਼ ਧਿਰ ਨੇ ਹੀ ਪ੍ਰਬੰਧ ਵਿੱਚ ਰਹਿਣਾ ਸੀ। ਇਸ ਲਈ ਜਿੱਤੀ ਧਿਰ ਨੂੰ ਸਾਲਾਂਬੱਧੀ ਕਮੇਟੀ ਦਾ ਚਾਰਜ ਲੈਣ ਲਈ ਅਦਾਲਤਾਂ ਦੇ ਗੇੜੇ ਖਾਣੇ ਪੈਣੇ ਸਨ। ਸਿੱਖ ਪੰਚਾਇਤ ਨੇ ਹੋਰ ਦਲੀਲਾਂ ਦੇਣ ਸਮੇਂ ਜੱਜ ਨੂੰ ਇਸ ਹਕੀਕਤ ਤੋਂ ਵੀ ਜਾਣੂ ਕਰਵਾਇਆ ਤੇ ਜੱਜ ਨੇ ਆਪਣਾ ਫੈਸਲਾ ਦਿੰਦੇ ਹੋਏ ਕਿਹਾ ਕਿ ਇਸ ਤਰਾਂ ਕਰਨ ਨਾਲ

> Fourth, policy reasons support the Court's conclusions. The facts here demonstrate how a party challenging an election, regardless of a particular challenge's merit, can delay the installation of a new board. Adoption of a rule that commences the two-year term from the date of the election would encourage challenges as a delay tactic, frustrating the clear language of Bylaw IIA that Council members serve a two-year term. The Court emphasizes that it does *not* find that the challenges in this case were brought with the intent to delay.
>
> ORDER
>
> Therefor, it is ORDERED that the term of the new Council be deemed to have commenced on 05/03/2021 and that the next Gurdwara election shall be held on 03/12/2023 pursuant to Bylaw IIA.
>
> Dated: 6/22/2021
>
> Jeffrey S. Brand
> Judge, Alameda County Superior Court

ਚੋਣਾਂ ਦੇ ਚੈਲੰਜ ਨੂੰ ਉਤਸ਼ਾਹਿਤ ਕਰਨਾ ਹੈ ਤੇ ਜਿੱਤੀ ਧਿਰ (ਸਬੂਤ) ਹੋਣ ਤੋਂ ਬਿਨਾਂ ਹੀ ਨਵੀਂ ਸੁਪਰੀਮ ਕੌਂਸਲ ਵਜੋਂ ਚਾਰਜ ਨਹੀਂ ਲੈ ਸਕੇਗੀ ਤੇ ਇਸ ਨੂੰ ਦੇਰੀ ਕਰਨ ਲਈ ਚਾਲ **(delay tactics)** ਵਜੋਂ ਵਰਤਿਆ ਜਾਵੇਗਾ ਅਤੇ ਇਹ ਬਾਈਲਾਅਜ ਦੀ ਦੋ ਸਾਲ ਦੀ ਮਿਆਦ ਨੂੰ ਵੀ ਖ਼ਰਾਬ ਕਰੇਗੀ। (ਅੰਗਰੇਜ਼ੀ ਦੀ ਅਸਲ ਨਕਲ ਫੋਟੋ ਵਿੱਚ ਦੇਖ ਸਕਦੇ ਹੋ)। ਇਸ ਮੁਕੱਦਮੇ ਕਰਕੇ ਸੰਗਤ ਵਿੱਚ ਜੋ ਨਿਰਾਸ਼ਾ ਹੋਈ ਹੈ ਅਸੀਂ ਉਸ ਨੂੰ ਸਮਝ ਸਕਦੇ ਹਾਂ ਪਰ ਇਸ ਕੇਸ ਨਾਲ ਕਈ ਅਜਿਹੇ ਮੁੱਦਿਆਂ ਬਾਰੇ ਫ਼ੈਸਲੇ ਹੋਏ ਹਨ ਜਿਨਾਂ ਨਾਲ ਕੋਈ ਵੀ ਧਿਰ ਕਚਹਿਰੀ ਵਿੱਚ ਜਾਣ ਤੋਂ ਗੁਰੇਜ਼ ਕਰੇਗੀ ਅਤੇ ਧਾਰਮਿਕ ਪ੍ਰੰਪਰਾ ਅਨੁਸਾਰ ਇਹ ਕੇਸ ਮੀਲ-ਪੱਥਰ ਸਾਬਿਤ ਹੋਏਗਾ। ਇਸ ਨਾਲ ਹੱਲ ਹੋਏ ਮੁੱਦੇ ਇਸ ਤਰਾਂ ਹਨ:

1. ਗੁਰਮਤਿ ਪ੍ਰੰਪਰਾ ਦੀ ਰੋਸ਼ਨੀ ਵਿੱਚ ਪ੍ਰਬੰਧ ਚੱਲੇਗਾ। ਕਾਰਪੋਰੇਸ਼ਨ ਕੋਡ ਅਧੀਨ ਚਲਾਉਣ ਵਾਲ਼ਿਆਂ ਦਾ ਸਦਾ ਲਈ ਰਾਹ ਬੰਦ ਹੋ ਗਿਆ ਹੈ।
2. ਸੁਪਰੀਮ ਕੌਂਸਲ ਦੀ ਕਿਸੇ ਮੀਟਿੰਗ ਲਈ ਸਾਰੇ 5 ਮੈਂਬਰਾਂ ਦਾ ਲਾਜ਼ਮੀ ਹੋਵੇਗਾ।
3. ਸਾਰੀ ਸੁਪਰੀਮ ਕੌਂਸਲ ਸਰਬ-ਸੰਮਤੀ ਨਾਲ ਹੀ ਫ਼ੈਸਲੇ ਲੈ ਸਕੇਗੀ।
4. ਮੈਂਬਰਸ਼ਿਪ ਲਿਸਟ ਦਰੁਸਤ ਹੈ ਤੇ ਇਸੇ ਅਨੁਸਾਰ ਅਗਲੀਆਂ ਚੋਣਾਂ ਹੋਣਗੀਆਂ
5. ਅੱਜ ਦੇ ਫ਼ੈਸਲੇ ਨਾਲ **delay tactics** ਦੀ ਰਾਜਨੀਤੀ ਨਹੀਂ ਚੱਲੇਗੀ।

ਇੱਥੇ ਇੱਕ ਗੱਲ ਸੰਗਤ ਨਾਲ ਸਾਂਝੀ ਕਰ ਦਈਏ ਕਿ ਇਨਾਂ ਨੇ ਜੱਜ ਦੇ ਚੋਣਾਂ ਸਬੰਧੀ ਫ਼ੈਸਲੇ ਨੂੰ ਉਪਰਲੀ ਅਦਾਲਤ ਵਿੱਚ ਚੈਲੰਜ ਕਰ ਦਿੱਤਾ ਹੈ। ਹੋ ਸਕਦਾ ਹੈ ਅੱਜ ਵਾਲਾ ਫੈਸਲਾ ਵੀ ਚੈਲੰਜ ਕਰ ਦੇਣ। ਹੁਣ ਇਨਾਂ ਵੱਲੋਂ ਗੁਰਦੁਆਰਾ ਸਾਹਿਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਝੀ ਕੋਸ਼ਿਸ਼ ਵੀ ਹੋ ਸਕਦੀ ਹੈ, ਸੰਗਤਾਂ ਸੁਚੇਤ ਰਹਿਣ।



# ਇਤਿਹਾਸ ਤੇ ਗੁਰਮਤਿ ਵਿਰੁੱਧ ਪੰਜ ਪਿਆਰਿਆਂ ਦੀ ਚੋਣ ਕਿਸ ਨੇ ਅਤੇ ਕਦੋਂ ਕਰਵਾਈ : ਕਿਸ਼ਤ-3

**ਫਰੀਮਾਂਟ/ਏ.ਟੀ.ਨਿਊਜ਼ :** ਹਰਜੀਤ ਸਿੰਘ ਵੱਲੋਂ ਕਚਹਿਰੀ ਵਿੱਚ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਪੰਜ ਪਿਆਰੇ ਸਿਧਾਂਤ ਦਾ ਸੁਪਰੀਮ ਕੌਂਸਲ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਤਾਂ ਕਾਰਪੋਰੇਸ਼ਨ ਕੋਡ ਅਧੀਨ ਬੋਰਡ ਆਫ ਡਾਇਰੈਕਟਰ ਹਨ। ਪੰਜ ਪਿਆਰੇ ਪ੍ਰਬੰਧਕੀ ਕੰਮਾਂ ਵਿੱਚ ਦਖਲ ਨਹੀਂ ਦਿੰਦੇ ਇਹ ਤਾਂ ਸਿਰਫ ਨੀਂਹ ਪੱਥਰ ਰੱਖਣ, ਨਗਰ ਕੀਰਤਨਾਂ ਆਦਿ ਦੀ ਅਗਵਾਈ ਕਰਨ ਲਈ ਹੁੰਦੇ ਹਨ।

ਪੰਜ ਪਿਆਰਿਆਂ ਦੀ ਚੋਣ ਨਹੀਂ ਹੋ ਸਕਦੀ। ਇਹੀ ਸੁਆਲ ਇਹ ਸਾਨੂੰ ਕਰਦੇ ਹਨ ਕਿ ਪੰਜ ਪਿਆਰਿਆਂ ਦੀ ਚੋਣ ਹੋ ਸਕਦੀ ਹੈ ? ਅਸੀਂ ਪਹਿਲੇ ਦਿਨ ਤੋਂ ਹਮੇਸ਼ਾ ਕਿਹਾ ਕਿ ਨਹੀਂ, ਸਾਡੇ ਵੱਲੋਂ ਕੋਈ ਦਸਤਾਵੇਜ ਦਿਖਾਉ ਜਿੱਥੇ ਅਸੀਂ ਕਿਹਾ ਹੋਵੇ ਕਿ ਪੰਜ ਪਿਆਰਿਆਂ ਦੀ ਵੋਟ ਪਾ ਕੇ ਚੋਣ ਹੋ ਸਕਦੀ ਹੈ।

ਪਰ ਇਸਦੇ ਉਲਟ ਤੁਹਾਨੂੰ ਬੇਨਤੀ ਹੈ ਕਿ ਇਹ ਸੁਆਲ ਗੁਰਮੀਤ ਸਿੰਘ ਨੂੰ ਪੁੱਛੋ ਕਿ ਉਸਨੇ ਕੋਰਟ ਵਿੱਚ ਵੈਬਸਟਰ ਡਿਕਸ਼ਨਰੀ ਦੇ ਹਵਾਲੇ ਨਾਲ ਨਹੀਂ ਕਿਹਾ ਕਿ ਸਿਲੈਕਸ਼ਨ ਅਸਲ ਵਿੱਚ ਵੋਟ ਪਾਉਣ ਨੂੰ ਵੀ ਕਿਹਾ ਜਾਂਦਾ ਹੈ। (ਦੇਖੋ ਕੋਰਟ ਵਿੱਚ ਇਨਾਂ ਵੱਲੋਂ ਦਿੱਤੇ ਹਲਫੀਆ ਬਿਆਨ)।

2002 ਦੇ ਕੇਸ ਵਿੱਚ ਗੁਰਮੀਤ ਸਿੰਘ ਨੇ ਇਹੀ ਦਾਅ ਵਰਤਿਆ ਸੀ। ਇਹੀ ਕਈ ਸਾਲ ਚੋਣਾਂ ਕਰਾਉਣ ਦਾ ਹੱਕ ਲੈ ਕੇ ਦੇਣ ਦੀਆਂ ਟਾਹਰਾਂ ਮਾਰਦਾ ਰਿਹਾ ਹੈ। ਉਸ ਸਮੇਂ ਇਨਾਂ ਨੇ ਪੰਜ ਪਿਆਰਿਆਂ ਨੂੰ ਬੋਰਡ ਆਫ ਡਾਇਰੈਕਟਰ ਦੇ ਬਰਾਬਰ ਲਿਆ ਕੇ ਇਹ ਖੇਡ ਖੇਡੀ ਸੀ। ਇਨਾਂ ਵੱਲੋਂ ਕੋਰਟ ਵਿੱਚ ਦਿੱਤੇ ਹਲਫੀਆ ਬਿਆਨਾਂ ਦਾ ਉਤਾਰਾ :

**ਫੋਟੋ ਨੰਬਰ 1:** ਪੰਜ ਪਿਆਰੇ ਹੀ ਸੁਪਰੀਮ ਕੌਂਸਲ ਹੈ। ਸੁਪਰੀਮ ਕੌਂਸਲ, ਬੋਰਡ ਆਫ ਡਾਇਰੈਕਟਰ ਹੈ ਤੇ ਇਸਦੀ ਹਰ ਸਾਲ ਇਲੈਕਸ਼ਨ ਹੋਣੀ ਜਰੂਰੀ ਹੈ।

**ਫੋਟੋ ਨੰਬਰ 2:** ਬਾਈਲਾਅਜ ਵਿੱਚ ਚਾਹੇ ਪੰਜ ਪਿਆਰੇ ਚੁਨਣ ਦੀ ਵਿਧੀ ਸਿਲੈਕਸ਼ਨ ਹੈ ਪਰ ਵੈਬਸਟਰ ਡਿਕਸ਼ਨਰੀ ਮੁਤਾਬਕ ਸਿਲੈਕਸ਼ਨ ਵੋਟ ਪਾ ਕੇ ਚੁਨਣ ਨੂੰ ਵੀ ਕਿਹਾ ਜਾਂਦਾ ਹੈ। ਇਸ ਲਈ ਜਨਰਲ ਬਾਡੀ ਵੋਟ ਪਾ ਕੇ ਸੁਪਰੀਮ ਕੌਂਸਲ ਚੁਣ ਸਕਦੀ ਹੈ।

**ਫੋਟੋ ਨੰਬਰ** 3: ਕਾਰਪੋਰੇਸ਼ਨ ਕੋਡ 9210 ਮੁਤਾਬਕ ਸੁਪਰੀਮ ਕੌਂਸਲ, ਬੋਰਡ ਆਫ ਡਾਇਰੈਕਟਰ ਦੇ ਬਰਾਬਰ ਸਮਝੀ ਜਾਵੇ ਤੇ ਕਨੂੰਨ ਮੁਤਾਬਕ ਉਨਾਂ ਦੀ ਹਰ ਸਾਲ ਇਲੈਕਸ਼ਨ ਹੋਵੇ। ਇਸ ਦੇ ਅਖੀਰਲੇ ਪਹਿਰੇ ਵਿੱਚ ਗੁਰਮੀਤ ਸਿੰਘ ਹੋਰਾਂ ਵੱਲੋਂ ਕਿਹਾ ਗਿਆ ਕਿ ਗੁਰਦੁਆਰਾ ਬਾਈਲਾਅਜ ਵਿੱਚ ਜਿਹੜੀ ਗੁਰਮਤਿ ਪ੍ਰੰਪਰਾ ਦੀ ਗੱਲ ਕੀਤੀ ਗਈ ਹੈ ਉਹ ਧਰਮ ਨਾਲ ਸਬੰਧਤ ਹੈ ਉਸਦਾ ਪ੍ਰਬੰਧ ਨਾਲ ਕੋਈ ਸਬੰਧ ਨਹੀਂ।

**ਨੋਟ :** *ਸਾਨੂੰ ਇਸ ਵਾਰ ਪਤਾ ਸੀ ਕਿ ਅਸੀਂ 2002 ਵਿਚਲੇ ਕੋਰਟ ਕੇਸ ਦੀਆਂ ਇਨਾਂ ਵੱਲੋਂ ਗਲਤ ਸੈੱਟ ਕਰਾਏ ਮੁੱਦਿਆਂ ਦਾ ਸਿੱਧਾ ਗੇੜਾ ਦੇਣਾ ਹੈ। ਜੱਜ ਨੇ ਇਨਾਂ ਦੀਆਂ ਸਾਰੀਆਂ ਉਹੀ ਪੁਰਾਣੀਆਂ ਦਲੀਲਾਂ ਰੱਦ ਕੀਤੀਆਂ ਹਾਲਾਂਕਿ ਹਰਜੀਤ ਸਿੰਘ ਵੱਲੋਂ ਕੋਰਟ ਵਿੱਚ ਬਹੁਤ ਦੁਹਾਈ ਪਾਈ ਗਈ ਕਿ 2002 ਵਾਲਾ ਕੇਸ ਦੇਖਿਆ ਜਾਵੇ।*

**ਫੋਟੋ ਨੰਬਰ 1**

1642132

MARK COHEN (SBN: 104317)
ATTORNEY AT LAW
39510 Paseo Padre Parkway
Suite 190
Fremont, CA 94538
Phone No: 510-792-4008
Fax No.: 510-796-1624

Attorney for Plaintiffs

FILED
ALAMEDA COUNTY
JUN - 3 2002
CLERK OF THE SUPERIOR COURT
By Cheryl C Farales
Deputy

**STATEMENT OF FACTS**

The governing body of the defendant SIKH TEMPLE-FRANCISCO BAY AREA, Inc., (hereinafter referred to as 'the Sikh Temple") is known as the Supreme Council. For purposes of non-profit, Religious Corporation law, the Supreme Council is the board of directors. Notwithstanding the fact that Corporations Code §9220(b) requires a board of directors to be elected every year, the last election of the defendant Sikh Temple's Supreme Council was held in 1996. The defendants, who compose the Supreme Council, have failed to hold an election.

__1. PANJ PYARAS:__ The Panj Pyaras is the Supreme Council of the defendant Sikh Temple. (See Article II of the by-laws). The Supreme Council is the board of directors. As Article II states: "the institution of Panj Pyaras (five beloved ones) will be revived in order to provide the guidelines for day to day functions of the Gurdwara [Temple]."

**Question: Does the by-law provision in Article II wherein it states "The Panj Pyaras (five beloved ones) will be *selected and appointed* by Sadh Sangat or membership of the Gurdwara Sahib"(emphasis added) mean that the membership or general body gets to elect or otherwise choose who sits on the Supreme Council?** To answer this question Webster's Encyclopedic Unabridged Dictionary of the English Language(1989 edition) has been consulted. Webster defines "Select" as "to choose in preference to another or others; pick out."

Webster defines "Appoint" as "1. to name or assign to a position, an office, or the like, designate, *to appoint a new secretary; to appoint a judge to the bench.* 2. To determine by authority or agreement; "

**ਫੋਟੋ ਨੰਬਰ 2**

Finally, Webster defines "Elect" as "1. To select by vote, as for an office: *to elect a mayor.* 2. To determine in favor of ( a method, course of action, etc. ) 3. To pick out; choose; ...5. To choose or select someone or something, as by voting. "

With some help from Webster it is seen that there is no material difference between the words "select" and "appoint" and "elect." If anything, the terms "select" and "appoint" connotes a more informal process of election than "elect." Consequently, this distinction still supports the conclusion that the by-law contained in Article II provides for the general body of the defendant Temple to select, designate, choose, and elect the members of the Supreme Council. And the plaintiffs attempted to do just that: have the general body at the annual general body meeting, elect a new Supreme Council. In the final analysis however, what took place and what is provided for in the by-laws is an election of the Supreme Council.

**FOR PURPOSES OF RELIGIOUS NON PROFIT CORPORATIONS LAW THE SUPREME COUNCIL IS THE LEGAL EQUIVALENT OF THE BOARD OF DIRECTORS AND IS SUBJECT TO THE PROVISIONS OF THE CORPORATIONS CODE THAT PERTAIN TO THE BOARD OF DIRECTORS**

It must first be understood that the Corporations Code requires a religious non-profit corporation to have a board of directors govern its affairs. Such a board of directors is subject only to the provisions of the Corporations Code and by-laws or articles of a religious non-profit corporation itself. As Corporations Code §9210 states:

> "Subject to the provisions of this part and any provision in the articles or bylaws:
> (a) Each corporation shall have a board of directors. The activities and affairs of a corporation shall be conducted and all corporate powers shall be exercised by or under the direction of the board.
> (b) The board may delegate the management of the activities of the corporation to any person or persons provided that the activities and affairs of the corporation shall be managed and all corporate powers shall be exercised under the ultimate direction of the board."

**ਫੋਟੋ ਨੰਬਰ 3**

Article II clearly provides for the management of the Gurdwara or Temple to be guided by the principles and practices "espoused by the Sikh faith and the Gurmat tradition." However, the Gurmat tradition refers to matters of religion and ritual and not temple administration. Secondly, by Article II, the management of the Temple is specifically delegated to the Panj Pyaras or Supreme Council, which is revived in "order to provide the guidelines for day to day functions of the Gurdwara."



# 5 ਮਹੀਨਿਆਂ ਵਿਚ 30 ਕਰੋੜ ਅਮਰੀਕੀਆਂ ਦਾ ਟੀਕਾਕਰਨ ਹੋਇਆ : ਬਾਈਡਨ

## ਟੀਕਾਕਰਨ ਨਾ ਕਰਵਾਉਣ ਵਾਲੇ ਲੋਕ ਹੋ ਰਹੇ ਹਨ ਬਿਮਾਰ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ) :** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਨੇ 5 ਮਹੀਨਿਆਂ ਵਿਚ 30 ਕਰੋੜ ਅਮਰੀਕੀਆਂ ਦੇ ਕੋਵਿਡ-19 ਟੀਕਾਕਰਨ ਕੀਤਾ ਹੈ। ਉਨਾਂ ਕਿਹਾ ਕਿ ਕੋਵਿਡ ਮਹਾਂਮਾਰੀ ਉਪਰ ਕਾਬੂ ਪਾਉਣ ਦੇ ਯਤਨਾਂ ਵਿਚ ਇਹ ਇਕ ਮੀਲ ਪੱਥਰ ਹੈ। ਰਾਸ਼ਟਰਪਤੀ ਵਾਇਟ ਹਾਊਸ ਵਿਖੇ ਕੋਵਿਡ-19 ਬਾਰੇ ਗੱਲਬਾਤ ਕਰ ਰਹੇ ਸਨ। ਉਨਾਂ ਕਿਹਾ ਕਿ 65% ਬਾਲਗ ਅਮਰੀਕੀਆਂ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ। ਇਨਾਂ ਵਿਚ 87% ਸਾਡੇ ਸੀਨੀਅਰ ਨਾਗਰਿਕ ਸ਼ਾਮਿਲ ਹਨ। 5 ਮਹੀਨੇ ਪਹਿਲਾਂ ਕੇਵਲ 5% ਅਮਰੀਕੀਆਂ ਦੇ ਇਕ ਟੀਕਾ ਲੱਗਾ ਸੀ। ਬਾਈਡਨ ਨੇ ਹੋਰ ਕਿਹਾ ਕਿ ਟੀਕਾਕਰਨ ਨੇ ਨਸਲੀ ਭੇਦਭਾਵ ਦੇ ਪਾੜੇ ਨੂੰ ਖਤਮ ਕਰ ਦਿੱਤਾ ਹੈ। ਉਨਾਂ ਕਿਹਾ 58% ਤੋਂ ਵਧ ਟੀਕੇ ਸਿਆਹਫਾਮ ਲੋਕਾਂ ਦੇ ਲੱਗੇ ਹਨ। ਪਿਛਲੇ ਮਹੀਨੇ ਵਿਚ ਅੱਧਿਉਂ ਵਧ ਟੀਕੇ ਸਿਆਹਫਾਮ ਲੋਕਾਂ ਦੇ ਲਾਏ ਗਏ ਹਨ। ਉਨਾਂ ਕਿਹਾ ਕਿ ਵੈਕਸੀਨੇਸ਼ਨ ਰਾਹੀਂ ਨਸਲੀ ਪਾੜਾ ਘਟਾ ਕੇ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਰਾਸ਼ਟਰਪਤੀ ਨੇ ਚਿਤਾਵਨੀ ਦਿੱਤੀ ਕਿ ਕੋਵਿਡ-19 ਡੈਲਟਾ ਵੇਰੀਐਂਟ ਤੋਂ ਬਚਣ ਦੀ ਲੋੜ ਹੈ ਜਿਸ ਨੇ ਪਿਛਲੇ




ਮਹੀਨੇ ਭਾਰਤ ਵਿਚ ਭਾਰੀ ਤਬਾਹੀ ਮਚਾਈ ਹੈ। ਉਨਾਂ ਕਿਹਾ ਕਿ ਇਸ ਦਾ ਇਕੋ ਇਕ ਹੱਲ ਸਮੁੱਚੇ ਅਮਰੀਕੀਆਂ ਦਾ ਟੀਕਾਕਰਨ ਹੈ। ਇਸ ਲਈ ਰਹਿ ਗਏ ਅਮਰੀਕੀਆਂ ਨੂੰ ਤੁਰੰਤ ਟੀਕਾਕਰਨ ਕਰਵਾਉਣਾ ਚਾਹੀਦਾ ਹੈ। ਸਮੁੱਚੇ ਅਮਰੀਕੀ ਦੇ ਮੁਕੰਮਲ ਟੀਕਾਕਰਨ ਕਰਕੇ ਹੀ ਇਸ ਵੇਰੀਐਂਟ ਤੋਂ ਬਚਿਆ ਜਾ ਸਕਦਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਜਿਥੇ ਟੀਕਾਕਰਨ ਹੋ ਚੁੱਕਾ ਹੈ ਉਥੇ ਮੌਤਾਂ ਦੀ ਗਿਣਤੀ ਤੇ ਮਰੀਜਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਘਟੀ ਹੈ, ਪ੍ਰੰਤੂ ਮੰਦੇਭਾਗੀ ਜਿਨਾਂ ਰਾਜਾਂ ਵਿਚ ਵੈਕਸੀਨੇਸ਼ਨ ਦਰ ਘੱਟ ਹੈ, ਉਥੇ ਕੋਵਿਡ ਮਾਮਲੇ ਤੇ ਹਸਪਤਾਲ ਵਿਚ ਦਾਖਲ ਹੋਣ ਵਾਲੇ ਮਰੀਜ਼ਾਂ ਨਹੀਂ ਘੱਟ ਰਹੇ। ਰਾਸ਼ਟਰਪਤੀ ਨੇ ਕਿਹਾ ਕਿ ਹਸਪਤਾਲਾਂ ਵਿਚ ਉਹ ਲੋਕ ਆ ਰਹੇ ਹਨ ਜਿਨਾਂ ਦੇ ਟੀਕਾਕਰਨ ਨਹੀਂ ਹੋਇਆ। ਉਨਾਂ ਕਿਹਾ ਕਿ 4 ਜੁਲਾਈ ਨੂੰ ਅਸੀਂ ਅਜ਼ਾਦੀ ਦੇ ਜਸ਼ਨ ਮਨਾਉਣ ਜਾ ਰਹੇ ਹਾਂ, ਇਸ ਲਈ ਹਰ ਹਾਲਤ ਵਿਚ ਕੋਵਿਡ ਟੀਕਾਕਰਨ ਜ਼ੂਰਰੀ ਹੈ। ਉਨਾਂ ਕਿਹਾ ਕਿ ਆਓ ਆਪਾਂ ਸਾਰੇ ਮਿਲ ਕੇ ਅਜ਼ਾਦੀ ਦੇ ਜਸ਼ਨਾਂ ਦੇ ਨਾਲ ਕੋਵਿਡ ਉਪਰ ਫਤਿਹ ਦੇ ਵੀ ਜਸ਼ਨ ਮਨਾਈਏ। ਇੱਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਨੇ 4 ਜੁਲਾਈ ਤੱਕ 70% ਬਾਲਗ ਅਮਰੀਕੀਆਂ ਦੇ ਟੀਕਾਕਰਨ ਕਰਨ ਦਾ ਟੀਚਾ ਮਿਥਿਆ ਹੈ। ਉਨਾਂ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ 4 ਜੁਲਾਈ ਤੱਕ 70% ਬਾਲਗ ਅਮਰੀਕੀਆਂ ਦੇ ਘੱਟੋ ਘੱਟ ਇਕ ਟੀਕਾ ਜਰੂਰ ਲੱਗ ਜਾਣਾ ਚਾਹੀਦਾ ਹੈ। ਸੈਂਟਰ ਫਾਰ ਡਸੀਜ਼ ਕੰਟਰੋਲ ( ਸੀ ਡੀ ਸੀ) ਅਨੁਸਾਰ ਸ਼ੁੱਕਰਵਾਰ ਸਵੇਰ ਤੱਕ ਤਕਰੀਬਨ 31 ਕਰੋੜ 50 ਲੱਖ ਟੀਕੇ ਲੱਗ ਚੁੱਕੇ ਹਨ। ਹੁਣ ਤੱਕ 18 ਸਾਲ ਤੋਂ ਉਪਰ 65% ਅਮਰੀਕੀ ਅਬਾਦੀ ਦੇ ਇਕ ਟੀਕਾ ਲੱਗ ਚੁੱਕਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਰਾਸ਼ਟਰਪਤੀ ਨੇ ਐਲਾਨ ਕੀਤਾ ਸੀ ਕਿ ਅਮਰੀਕੀਆਂ ਨੂੰ ਟੀਕਾ ਲਵਾਉਣ ਲਈ ਰਾਜੀ ਕਰਨ ਵਾਸਤੇ ਇਕ ਮੁਹਿੰਮ ਵਿੱਢੀ ਜਾਵੇਗੀ। ਉਨਾਂ ਨੇ 'ਦੁਕਾਨਾਂ ਉਪਰ ਟੀਕਾਕਰਨ' ਕਰਨ ਦਾ ਐਲਾਨ ਕੀਤਾ ਸੀ। ਇਸ ਮੁਹਿੰਮ ਸਦਕਾ ਸਿਆਹਫਾਮ ਲੋਕਾਂ ਦੀਆਂ 1000 ਨਾਈ ਦੀਆਂ ਦੁਕਾਨਾਂ ਤੇ ਬਿਊਟੀ ਸੈਲੂਨਾਂ ਵਿਚ ਟੀਕਾਕਰਨ ਸ਼ੁਰੂ ਹੋਇਆ ਸੀ। ਜੌਹਨ ਹੋਪਕਿਨਜ ਯੁਨੀਵਰਸਿਟੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਅਮਰੀਕਾ ਵਿਚ ਲੰਘੇ ਮੰਗਲਵਾਰ ਤੱਕ 6 ਲੱਖ ਲੋਕਾਂ ਦੀ ਕੋਵਿਡ ਕਾਰਨ ਮੌਤ ਹੋ ਚੁੱਕੀ ਹੈ ਤੇ ਪੁਸ਼ਟੀ ਹੋਏ ਮਾਮਲੇ 33 ਕਰੋੜ ਨੂੰ ਪਾਰ ਕਰ ਚੱਕੇ ਹਨ।

# 4 ਜੁਲਾਈ ਤੱਕ 70 ਫੀਸਦੀ ਅਮਰੀਕਨਾਂ ਦੇ ਟੀਕਾਕਰਨ ਸੰਭਵ ਨਹੀਂ- ਬਾਈਡਨ ਪ੍ਰਸ਼ਾਸਨ ਨੇ ਮੰਨਿਆ

## 16 ਰਾਜਾਂ ਵਿਚ 70 ਪ੍ਰਤੀਸ਼ਤ ਅਬਾਦੀ ਦੇ ਘੱਟੋ ਘੱਟ ਇਕ ਟੀਕਾ ਲੱਗਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਬਾਈਡਨ ਪ੍ਰਸ਼ਾਸਨ ਨੇ ਸਵੀਕਾਰ ਕੀਤਾ ਹੈ ਕਿ ਰਾਸ਼ਟਰਪਤੀ ਜੋ ਬਾਈਡਨ ਵੱਲੋਂ 4 ਜੁਲਾਈ ਤੱਕ 70% ਬਾਲਗ ਅਬਾਦੀ ਨੂੰ ਕੋਵਿਡ-19 ਵੈਕਸੀਨ ਦਾ ਘੱਟੋ ਘੱਟ ਇਕ ਟੀਕਾ ਲਾਉਣ ਦਾ ਨਿਰਧਾਰਤ ਟੀਚਾ ਪ੍ਰਾਪਤ ਕਰਨਾ ਸੰਭਵ ਨਹੀਂ ਹੈ। ਵਾਈਟ ਹਾਊਸ ਦੇ ਕੋਰੋਨਾ ਵਾਇਰਸ ਰੈਸਪਾਂਸ ਕੋ-ਆਰਡੀਨੇਟਰ ਜੈਫ ਜੀਨਟਸ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ 16 ਰਾਜ ਤੇ ਡਿਸਟ੍ਰਿਕਟ ਆਫ ਕੋਲੰਬੀਆ ਪਹਿਲਾਂ ਹੀ 70% ਬਾਲਗ ਅਬਾਦੀ ਦੇ ਟੀਕਾਕਰਨ ਕਰਨ ਦਾ ਟੀਚਾ ਪ੍ਰਾਪਤ ਕਰ ਚੁੱਕੇ ਹਨ ਪ੍ਰੰਤੂ ਕੁਝ ਰਾਜਾਂ ਵਿਚ 50% ਤੋਂ ਘੱਟ ਬਾਲਗ ਅਮਰੀਕਨਾਂ ਦੇ ਟੀਕਾਕਰਣ ਹੋਇਆ ਹੈ। ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਕਿਹਾ ਕਿ 30 ਸਾਲ ਤੋਂ ਉਪਰ 70% ਬਾਲਗ ਅਬਾਦੀ ਦੇ ਘੱਟੋ ਘੱਟ ਇਕ ਟੀਕਾ ਲੱਗ ਚੁੱਕਾ ਹੈ ਤੇ 27 ਸਾਲ ਤੋਂ ਉਪਰ 70% ਅਬਾਦੀ ਦੇ 4 ਜੁਲਾਈ



ਤੱਕ ਕੋਵਿਡ ਵੈਕਸੀਨ ਲਗਾਉਣ ਦਾ ਟੀਚਾ ਪ੍ਰਾਪਤ ਕਰ ਲਿਆ ਜਾਵੇਗਾ। ਉਨਾਂ ਕਿਹਾ ਕਿ ਸਮੁੱਚੀ 70% ਬਾਲਗ ਅਬਾਦੀ ਦੇ ਟੀਕਾਕਰਨ ਲਈ ਕੁਝ ਹਫਤੇ ਹੋਰ ਲੱਗਣਗੇ। ਇਸ ਦੇ ਨਾਲ ਹੀ ਉਨਾਂ ਕਿਹਾ ਕਿ ਹੁਣ ਤੱਕ ਜਿਸ ਰਫਤਾਰ ਨਾਲ ਟੀਕਾਕਰਨ ਹੋਇਆ ਹੈ, ਉਹ ਹੈਰਾਨ ਕਰਨ ਵਾਲੀ ਪ੍ਰਾਪਤੀ ਹੈ। ਇਸ ਟੀਕਾਕਰਨ ਕਾਰਨ ਹੀ ਅਮਰੀਕਨ 4 ਜੁਲਾਈ ਨੂੰ ਅਜ਼ਾਦੀ ਦੇ ਜਸ਼ਨ ਖੁਲ ਕੇ ਮਨਾ ਸਕਣਗੇ। ਇਸ ਮੌਕੇ ਬਾਈਡਨ ਦੇ ਮੁਖ ਮੈਡੀਕਲ ਸਲਾਹਕਾਰ ਡਾ. ਐਨਥਨੀ ਨੇ ਜ਼ੋਰ ਦਿੱਤਾ ਕਿ ਲੋਕਾਂ ਨੂੰ ਟੀਕਾਕਰਨ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਮਹਾਂਮਾਰੀ ਨੂੰ ਜੜ ਤੋਂ ਖਤਮ ਕੀਤਾ ਜਾ ਸਕੇ। ਉਨਾਂ ਕਿਹਾ ਕਿ ਇਹ ਸੋਚਣ ਤੋਂ ਬਿਨਾਂ ਕਿ 70% ਬਾਲਗ ਅਬਾਦੀ ਦੇ ਟੀਕਾਕਰਨ ਕਦੋਂ ਪੂਰਾ ਹੋਵੇਗਾ, ਸਾਨੂੰ ਨਿਰੰਤਰ ਟੀਕਾਕਰਨ ਜਾਰੀ ਰਖਣਾ ਚਾਹੀਦਾ ਹੈ।

# ਪਿਤਾ ਦਿਵਸ 'ਤੇ ਜਿਲ ਬਾਈਡਨ ਨੇ ਜੋਅ ਬਾਈਡਨ ਨੂੰ ਪਰਿਵਾਰ ਦਾ ਧੁਰਾ ਕਰਾਰ ਦਿੱਤਾ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਪਿਤਾ ਦਿਵਸ ਵਿਸ਼ਵ ਭਰ ਵਿਚ ਵੱਖ ਵੱਖ ਢੰਗ ਤਰੀਕਿਆਂ ਨਾਲ ਮਨਾਇਆ ਗਿਆ ਤੇ ਬਹੁਤੇ ਬੱਚਿਆਂ ਨੇ ਰਸਮੀ ਤੌਰ 'ਤੇ ਫੋਨ ਉਪਰ ਆਪਣੇ ਪਿਤਾ ਨੂੰ ਪਿਤਾ ਦਿਵਸ ਦੀ ਵਧਾਈ ਦਿੱਤੀ। ਕਈਆਂ ਨੇ ਪਾਰਟੀਆਂ ਕਰਕੇ ਇਸ ਦਿਵਸ ਨੂੰ ਅਹਿਮ ਬਣਾਊਣ ਦੀ ਕੋਸ਼ਿਸ਼ ਕੀਤੀ। ਅਮਰੀਕਾ ਦੀ ਪਹਿਲੀ ਔਰਤ ਜਿਲ ਬਾਈਡਨ ਨੇ



ਆਪਣੇ ਪਤੀ ਰਾਸ਼ਟਰਪਤੀ ਜੋਅ ਬਾਈਡਨ ਨੂੰ ਪਰਿਵਾਰ ਦਾ ਧੁਰਾ ਕਰਾਰ ਦਿੱਤਾ । ਉਨਾਂ ਨੇ ਸੋਸ਼ਲ ਮੀਡੀਆ ਉਪਰ ਪਾਈ ਪੋਸਟ ਵਿਚ ਕਿਹਾ ਹੈ 'ਮੇਰੇ ਬੱਚਿਆਂ ਦੇ ਪਿਤਾ ਤੁਹਾਡਾ ਅਸੀਮਿਤ ਪਿਆਰ ਸਾਡੇ ਲਈ ਚਾਨਣ ਮੁਨਾਰਾ ਹੈ ਤੁਸੀਂ ਪਰਿਵਾਰ ਦਾ ਧੁਰਾ ਹੋ, ਜੋਅ ਅਸੀਂ ਤੈਨੂੰ ਪਿਆਰ ਕਰਦੇ ਹਾਂ 'ਹੈਪੀ ਫਾਦਰਜ ਡੇਅ।' ਜਿਲ ਬਾਈਡਨ ਨੇ ਆਪਣੇ ਪਿਤਾ ਸਵਰਗੀ ਡੋਨਲਡ ਜੈਕੋਬਸ ਜਿਨਾਂ ਨੇ ਦੂਸਰੀ ਵਿਸ਼ਵ ਜੰਗ ਵਿਚ ਹਿੱਸਾ ਲਿਆ ਸੀ, ਨੂੰ ਵੀ ਯਾਦ ਕੀਤਾ ਤੇ ਕਿਹਾ ਉਹ ਮੇਰੇ ਪਹਿਲੇ ਹੀਰੋ ਸਨ। ਉਨਾਂ ਲਿਖਿਆ ਹੈ 'ਮੈਂ ਜਦੋਂ ਅੱਖਾਂ ਬੰਦ ਕਰਦੀ ਹਾਂ ਤਾਂ ਮੇਰੇ ਪਿਤਾ ਦੀ ਹੌਂਸਲਾ ਦੇਣ ਵਾਲੀ ਅਵਾਜ਼ ਸੁਣਾਈ ਦਿੰਦੀ ਹੈ 'ਗੁੱਡ ਫਾਰ ਯੂ ਜਿਲੀ-ਬੀਨ' ਮੈਂ ਉਨਾਂ ਨੂੰ ਹਮੇਸ਼ਾ ਖਾਸ ਕਰਕੇ ਪਿਤਾ ਦਿਵਸ ਮੌਕੇ ਯਾਦ ਕਰਦੀ ਹਾਂ। ਅੱਜ ਮੇਰਾ ਦਿਲ ਉਨਾਂ ਲਈ ਵੀ ਧੜਕ ਰਿਹਾ ਹੈ ਜਿਨਾਂ ਦੇ ਪਿਤਾ ਨਹੀਂ ਰਹੇ।'

# ਅਮਰੀਕਾ ਵਿਚ ਵੱਖ ਵੱਖ ਥਾਵਾਂ 'ਤੇ ਗੋਲੀਬਾਰੀ ਦੀਆਂ ਦੋ ਘਟਨਾਵਾਂ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ) :** ਬੈਟਨ ਰੌਗ (ਲੂਸੀਆਨਾ) ਵਿਚ ਅਣਪਛਾਤੇ ਬੰਦੂਕਧਾਰੀਆਂ ਵੱਲੋਂ ਗੋਲੀਆਂ ਮਾਰ ਕੇ 2 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਤੇ 4 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਗੋਲੀਬਾਰੀ ਦੀ ਇਹ ਘਟਨਾ ਲੰਘੇ ਦਿਨ ਤੜਕਸਾਰ ਵਾਪਰੀ। ਪੁਲਿਸ ਅਨੁਸਾਰ ਪਾਰਕਿੰਗ ਲਾਟ ਵਿਚ ਅਣਪਛਾਤੇ ਵਿਅਕਤੀਆਂ ਤੇ ਪਾਰਟੀ ਕਰ ਰਹੇ ਕੁਝ ਲੋਕਾਂ ਵਿਚਾਲੇ ਹੋਏ ਤਕਰਾਰ ਤੋਂ ਬਾਅਦ ਅਣਪਛਾਤਿਆਂ ਵੱਲੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਕੁਲ 6 ਵਿਅਕਤੀ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਜਿਨਾਂ ਵਿਚੋਂ ਬਾਅਦ ਵਿਚੋਂ 2 ਦਮ ਤੋੜ ਗਏ ਤੇ ਬਾਕੀ ਅਜੇ ਇਲਾਜ ਅਧੀਨ ਹਨ। ਪੁਲਿਸ ਨੇ ਦੋਸ਼ੀਆਂ ਦੀ ਭਾਲ ਲਈ ਲੋਕਾਂ ਤੋਂ ਮੱਦਦ ਮੰਗੀ ਹੈ। ਇਕ ਹੋਰ ਰਿਪੋਰਟ ਅਨੁਸਾਰ ਗੋਲੀਆਂ ਚੱਲਣ ਦੀ ਇਹ ਘਟਨਾ ਕੈਪੀਟਲ ਪਾਰਕ ਬਾਰ ਐਂਡ ਗਰਿਲ ਵਿਚ ਚੱਲ ਰਹੀ ਪਾਰਟੀ ਦੌਰਾਨ ਵਾਪਰੀ।

ਆਂਚਓਰੇਜ (ਅਲਾਸਕਾ) ਵਿਚ ਗੋਲੀਬਾਰੀ ਦੀ ਇਕ ਹੋਰ ਘਟਨਾ ਵਿਚ ਇਕ ਔਰਤ ਮਾਰੀ ਗਈ ਤੇ 5 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਮੌਕੇ ਉਪਰ ਪੁੱਜਣ 'ਤੇ ਵੇਖਿਆ ਕਿ 3 ਮਰਦ ਤੇ 2 ਔਰਤਾਂ ਜ਼ਖਮੀ ਸਨ ਜਿਨਾਂ ਵਿਚੋਂ ਬਾਅਦ ਵਿਚ ਇਕ ਔਰਤ ਦਮ ਤੋੜ ਗਈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਪਰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਹੈ।

## ਕੋਵਿਡ ਵੈਕਸੀਨ ਨਾ ਲਗਵਾਉਣ ਦਾ ਮਾਮਲਾ

# ਹੋਸਟਨ ਮੈਥੋਡਿਸਟ ਹਸਪਤਾਲ ਦੇ 150 ਤੋਂ ਵੱਧ ਮੁਲਾਜ਼ਮਾਂ ਦੀ ਖੁਸੀ ਨੌਕਰੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਹੋਸਟਨ ਮੈਥੋਡਿਸਟ ਹਸਪਤਾਲ ਦੇ 150 ਤੋਂ ਵੱਧ ਮੁਲਾਜ਼ਮਾਂ ਨੂੰ ਕੋਵਿਡ-19 ਟੀਕਾਕਰਨ ਨਾ ਕਰਵਾਉਣ ਕਾਰਨ ਆਪਣੀ ਨੌਕਰੀ ਗਵਾਉਣੀ ਪਈ ਹੈ। ਹਸਪਤਾਲ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਇਕ ਅਦਾਲਤ ਵੱਲੋਂ ਮੁਲਾਜ਼ਮਾਂ ਵੱਲੋਂ ਨੌਕਰੀ ਲਈ ਲਾਜ਼ਮੀ ਟੀਕਾਕਰਨ ਦੀ ਸ਼ਰਤ ਵਿਰੁੱਧ ਦਾਇਰ ਪਟੀਸ਼ਨ ਰੱਦ ਕਰਨ ਦੇ 10 ਦਿਨਾਂ ਬਾਅਦ 153 ਮੁਲਾਜ਼ਮਾਂ ਨੇ ਅਸਤੀਫਾ ਦੇ ਦਿੱਤਾ ਹੈ ਜਾਂ ਉਨਾਂ ਨੂੰ ਕੱਢ ਦਿੱਤਾ ਗਿਆ ਹੈ। ਹੋਸਟਨ ਮੈਥੋਡਿਸਟ ਅਮਰੀਕਾ ਦਾ ਪਹਿਲਾ ਹਸਪਤਾਲ ਹੈ ਜਿਸ ਨੇ ਮੁਲਾਜ਼ਮਾਂ ਲਈ ਕੋਵਿਡ ਵੈਕਸੀਨ ਲਵਾਉਣੀ ਲਾਜ਼ਮੀ ਕੀਤੀ ਹੋਈ ਹੈ। ਬੁਲਾਰੇ ਅਨੁਸਾਰ ਅਦਾਲਤ ਨੇ ਹਸਪਤਾਲ ਦੇ ਹੱਕ ਵਿਚ ਆਪਣਾ ਫੈਸਲਾ ਦਿੰਦਿਆਂ ਕਿਹਾ ਹੈ ਕਿ ਮੁਲਾਜ਼ਮਾਂ ਨੂੰ ਕੋਵਿਡ-19 ਟੀਕਾਕਰਨ ਕਰਵਾਉਣਾ ਪਵੇਗਾ। ਹਸਪਤਾਲ ਦੇ ਮੁਖ ਕਾਰਜਕਾਰੀ ਅਧਿਕਾਰੀ ਮਾਰਕ ਬੂਮ ਅਨੁਸਾਰ ਇਸ ਸਾਲ 31 ਮਾਰਚ ਨੂੰ ਲਾਜ਼ਮੀ ਟੀਕਾਕਰਨ ਦੀ ਸ਼ਰਤ ਲਾਗੂ ਕੀਤੀ ਗਈ ਸੀ। ਹਸਪਤਾਲ ਦੇ 100 ਤੋਂ ਵੱਧ ਮੁਲਾਜ਼ਮਾਂ ਨੇ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਕੋਵਿਡ-19 ਵੈਕਸੀਨ 'ਇਕ ਤਜ਼ਰਬਾ ਹੈ ਤੇ ਇਹ ਖਤਰਨਾਕ ਹੈ।' ਇਸ ਲਈ ਜਿਹੜਾ ਮੁਲਾਜ਼ਮ ਟੀਕਾਕਰਨ ਨਹੀਂ ਕਰਵਾਉਂਦਾ ਉਸ ਨੂੰ ਬਰਖਾਸਤ ਕਰਨਾ ਗਲਤ ਹੋਵੇਗਾ। ਜੱਜ ਨੇ ਮੁਲਾਜ਼ਮਾਂ ਦੀ ਇਸ ਦਲੀਲ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਨਿਊਜ਼ੀਲੈਂਡ ਫ਼ੌਜ ’ਚ ਇਕ ਹੋਰ ਦਸਤਾਰਧਾਰੀ ਸਿੱਖ ਸ਼ਾਮਲ

**ਆਕਲੈਂਡ/ਏ.ਟੀ.ਨਿਊਜ਼ :** ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਨਿਊਜ਼ੀਲੈਂਡ ਫ਼ੌਜ ਵਿਚ ਇਕ ਹੋਰ ਦਸਤਾਰਧਾਰੀ ਸਿੱਖ ਨੌਜਵਾਨ ਮਨਸਿਮਰਤ ਸਿੰਘ ਸ਼ਾਮਲ ਹੋ ਗਿਆ ਹੈ। ਨਿਊਜ਼ੀਲੈਂਡ ਦੇ ਪਹਿਲੇ ਦਸਤਾਰਧਾਰੀ ਗੋਰੇ ਸਿੱਖ ਨੌਜਵਾਨ ਲੂਈਸ ਸਿੰਘ ਖਾਲਸਾ ਵੱਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ 18 ਸਾਲਾ ਮਨਸਿਮਰਤ ਸਿੰਘ ਰਿਕਰੂਟ ਰੈਗੂਲਰ ਫੋਰਸ 401 ਦਾ ਨਵਾਂ ਗ੍ਰੈਜੁਏਟ ਹੈ, ਜਿਸ ਨੇ ਵਾਇਓਰੂ ਮਿਲਟਰੀ ਕੈਂਪ ਵਿਚ ਟਰੇਨਿੰਗ ਪੂਰੀ ਕੀਤੀ ਹੈ। ਜਿਸ ਪਿੱਛੋਂ ਉਹ ਫ਼ੌਜ ਵਿਚ ਆਪਣੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਰ ਦੇਵੇਗਾ।



ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਆਕਲੈਂਡ ਦੀ ਕੋ-ਆਪ ਟੈਕਸੀ ਦੇ ਡਾਇਰੈਕਟਰ ਮਨਜੀਤ ਸਿੰਘ ਬਿੱਲਾ ਮੁਤਾਬਕ ਇਹ ਪਰਿਵਾਰ ਜ਼ਿਲਾ ਫਤਿਹਗੜ ਸਾਹਿਬ ਦੇ ਪਿੰਡ ਬੌੜ (ਨੇੜੇ ਖੇੜੀ ਨੌਧ ਸਿੰਘ) ਨਾਲ ਸਬੰਧਤ ਹੈ। ਜ਼ਿਕਰਯੋਗ ਹੈ ਕਿ ਫ਼ੌਜ ਵਿਚ ਪੱਗ ਨੂੰ ਸਨਮਾਨ ਦਿਵਾਉਣ ਵਾਲਾ ਲੂਈ ਸਿੰਘ ਖਾਲਸਾ ਵੀ ਹੈ ਜੋ ਇੱਥੋਂ ਦੇ ਗੋਰੇ ਭਾਈਚਾਰੇ ਨਾਲ ਸਬੰਧਤ ਹੈ। ਉਹ ਪੰਜਾਬ ਜਾਣ ਪਿੱਛੋਂ ਅੰਮ੍ਰਿਤਧਾਰੀ ਸਿੰਘ ਬਣਕੇ ਫ਼ੌਜ ਵਿਚ ਭਰਤੀ ਹੋਇਆ ਸੀ। 18 ਸਾਲਾ ਮਨਸਿਮਰਤ ਸਿੰਘ ਦੇ ਮਾਤਾ ਪਿਤਾ ਬੱਕਲੈਂਡ ਬੀਚ ਵਿਖੇ ਰਹਿੰਦੇ ਹਨ। ਇਸ ਪਰਿਵਾਰ ਦਾ ਜੱਦੀ ਪਿੰਡ ਬੌੜ ਤਹਿਸੀਲ ਖਮਾਣੋਂ ਜਿਲਾ ਫਤਹਿਗੜ ਸਾਹਿਬ ਹੈ। 1998 ਵਿਚ ਇਹ ਪਰਿਵਾਰ ਇੱਥੇ ਆਇਆ ਸੀ। ਇਸ ਨੌਜਵਾਨ ਨੇ ਮੌਕਲੀਨ ਕਾਲਜ ਵਿਚ ਪੜਾਈ ਸ਼ੁਰੂ ਕੀਤੀ ਤੇ ਫਿਰ ਸਕਾਲਰਸ਼ਿਪ ਦੇ ਨਾਲ ਇਕ ਵੱਕਾਰੀ ਕਾਲਜ ਸੇਂਟ ਕੇਂਟੀਗਰਨ ਪਾਕੂਰੰਗਾ ਵਿਖੇ ਬਾਕੀ ਦੀ ਪੜਾਈ ਪੂਰੀ ਕੀਤੀ। ਮਨਸਿਮਰਤ ਸਿੰਘ ਨੇ 5 ਸਾਲ ਦੀ ਉਮਰ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ। ਉਹ ਅੰਡਰ 18 ਵਿਚ ਆਕਲੈਂਡ ਲਈ ਖੇਡ ਚੁੱਕਿਆ ਹੈ। ਉਹ ਪ੍ਰੀਮੀਅਰ ਹਾਕੀ ਟੀਮ ਹੌਵਿਕ-ਪਾਕੂਰੰਗਾ ਅਤੇ ਸੇਂਟ ਕੇਂਟਸ ਦੀ ਹਾਕੀ ਟੀਮ ਦਾ ਹਿੱਸਾ ਰਿਹਾ। ਇਹ ਨੌਜਵਾਨ ਗਤਕਾ ਵੀ ਸੋਹਣਾ ਖੇਡਦਾ ਹੈ ਤੇ ਨਿਊਜ਼ੀਲੈਂਡ ਦੀ ਗਤਕਾ ਟੀਮ ਵਿਚ ਕੈਨੇਡਾ, ਆਸਟ੍ਰੇਲੀਆ, ਇੰਡੀਆ ਗਿਆ ਸੀ।

ਮਨਸਿਮਰਤ ਗੁਰਬਾਣੀ ਕੀਰਤਨ ਵੀ ਕਰ ਲੈਂਦਾ ਹੈ। ਨਿਊਜ਼ੀਲੈਂਡ ਫ਼ੌਜ ਵਿਚ ਭਰਤੀ ਹੋਣ ਬਾਅਦ ਉਸ ਦੀ ਡਿਊਟੀ ਸਿਸਟਮ ਇੰਜੀਨੀਅਰ ਵਜੋਂ ਲਗਾਈ ਜਾਣੀ ਹੈ ਜੋ ਕਿ ਨੌਕਰੀ ਦੌਰਾਨ ਤਕਨੀਕੀ ਪੜਾਈ ਪੂਰੀ ਕਰਨ ਬਾਅਦ ਸ਼ੁਰੂ ਹੋਵੇਗੀ। ਫੌਜ ਦੀ ਟ੍ਰੇਨਿੰਗ ਵਿਚ ਇਹ ਅੱਵਲ ਆਇਆ ਹੈ ਅਤੇ ਉਸ ਨੇ ਕਈ ਹੋਰ ਇਨਾਮ ਹਾਸਿਲ ਕੀਤੇ।

ਸਾਡਾ ਪੱਖ ਹੈ ਕਿ ਸਿੱਖ ਦੇਸ਼ਾਂ ਵਿਦੇਸ਼ਾਂ ਵਿਚ ਹਰ ਫੀਲਡ ਵਿਚ ਤਰੱਕੀਆਂ ਕਰ ਰਹੇ ਹਨ। ਇਹੋ ਜਿਹੇ ਨੌਜਵਾਨ ਵਰਗ ਨੂੰ ਗੁਰਦੁਆਰਿਆਂ ਤੇ ਜਥੇਬੰਦੀਆਂ ਵਲੋਂ ਉਤਸ਼ਾਹਿਤ ਕਰਨਾ ਚਾਹੀਦਾ ਤਾਂ ਜੋ ਉਹ ਪੰਥ ਦਾ ਨਾਮ ਰੋਸ਼ਨ ਕਰ ਸਕਣ ਅਤੇ ਸਿੱਖ ਨੌਜਵਾਨਾਂ ਵਿਚ ਉਤਸ਼ਾਹ ਜਾਗ ਸਕੇ।

# ਤਜਿੰਦਰਪਾਲ ਤੂਰ ਦੀ ਟੋਕੀਓ ਓਲੰਪਿਕ ਲਈ ਹੋਈ ਚੋਣ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਜਾਏ ਤਜਿੰਦਰਪਾਲ ਤੂਰ ਨੇ 21.49 ਮੀਟਰ ਦੇ ਸ਼ਾਟ ਪੁਟ ਥ੍ਰੋ ਨਾਲ, ਐਨ.ਆਈ.ਐਸ. ਪਟਿਆਲਾ ਵਿਖੇ ਇੰਡੀਅਨ ਗ੍ਰਾਂ ਪ੍ਰੀ ਵਿਚ ਆਪਣਾ ਹੀ ਕੌਮੀ ਰਿਕਾਰਡ ਤੋੜਦਿਆਂ ਟੋਕੀਓ ਓਲੰਪਿਕ ਲਈ ਕੁਆਲੀਫਾਈ ਕਰ ਲਿਆ।




ਤੂਰ ਨੇ ਇਸ ਪ੍ਰਾਪਤੀ ਨਾਲ ਸੁਲਤਾਨ ਅਬਦੁੱਲਮਜੀਦ ਅਲ-ਹੇਬਸ਼ੀ ਦੇ 21.13 ਮੀਟਰ ਦੇ ਏਸ਼ੀਅਨ ਰਿਕਾਰਡ ਨੂੰ ਵੀ ਤੋੜ ਦਿੱਤਾ ਹੈ। ਦੱਸ ਦੇਈਏ ਕਿ ਤਜਿੰਦਰਪਾਲ ਸਿੰਘ ਤੂਰ ਮੋਗਾ ਜ਼ਿਲੇ ਦੇ ਪਿੰਡ ਖੋਸਾ ਪਾਂਡੋ ਦਾ ਰਹਿਣ ਵਾਲਾ ਹੈ। ਉਸ ਨੇ ਆਪਣੇ ਪਿਤਾ ਦੇ ਕਹਿਣ ’ਤੇ ਸ਼ਾਟ ਪੁੱਟ ਨੂੰ ਅਪਣਾਇਆ। ਇਸ ਤੋਂ ਪਹਿਲਾਂ ਉਹ ਕ੍ਰਿਕਟ ਨੂੰ ਸਮਰਪਿਤ ਸੀ। ਉਸ ਦਾ ਪਹਿਲਾ ਕੌਮਾਂਤਰੀ ਤਮਗ਼ਾ 2017 ਵਿੱਚ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਆਇਆ, ਜਿਥੇ ਉਸ ਨੇ 19.77 ਦੇ ਥ੍ਰੋਅ ਨਾਲ ਦੂਸਰਾ ਸਥਾਨ ਪ੍ਰਾਪਤ ਕੀਤਾ ਸੀ। ਤੂਰ ਨੇ 2018 ਏਸ਼ੀਅਨ ਖੇਡਾਂ ਵਿੱਚ 20.75 ਮੀਟਰ ਦੇ ਰਿਕਾਰਡ ਥਰੋਅ ਨਾਲ ਸੋਨ ਤਮਗ਼ਾ ਜਿੱਤਦਿਆਂ ਕੌਮੀ ਰਿਕਾਰਡ ਵੀ ਤੋੜ ਦਿੱਤਾ ਸੀ। ਤੂਰ ਦੀ ਇਹ ਬੇਮਿਸਾਲ ਪ੍ਰਾਪਤੀ ਹੋਰਨਾਂ ਅਥਲੀਟਾਂ ਵਿਚ ਵਿਸ਼ਵਾਸ ਭਰਦਿਆਂ ਵਿਸ਼ਵ ਦੇ ਨਾਮੀ ਮੁਕਾਬਲੇਬਾਜ਼ਾਂ ’ਤੇ ਜਿੱਤ ਦਿਵਾਉਣ ਵਿੱਚ ਮਦਦ ਕਰੇਗੀ।

# ਭਾਜਪਾ ਸੰਸਦ ਮੈਂਬਰ ਤੇ ਅਦਾਕਾਰ ਰਵੀ ਕਿਸ਼ਨ ਨੂੰ ਪਿੰਡ ਵਾਸੀਆਂ ਨੇ ਸ਼ੂਟਿੰਗ ਨਾ ਕਰਨ ਦਿੱਤੀ

**ਮੋਰਿੰਡਾ/ਏ.ਟੀ.ਨਿਊਜ਼ :** ਉੱਤਰ ਪ੍ਰਦੇਸ਼ ਤੋਂ ਸੰਸਦ ਮੈਂਬਰ, ਭਾਜਪਾ ਨੇਤਾ ਅਤੇ ਫਿਲਮ ਅਦਾਕਾਰ ਰਵੀ ਕਿਸ਼ਨ ਨੂੰ ਪੰਜਾਬ ਦੇ ਰੋਪੜ ਜ਼ਿਲਾ ਅਧੀਨ ਪੈਂਦੇ ਪਿੰਡ ਢੰਗਰਾਲੀ ਦੇ ਪਿੰਡ ਵਾਸੀਆਂ ਨੇ ਇਸ਼ਤਿਹਾਰ ਫਿਲਮ ਦੀ ਸ਼ੂਟਿੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਉਸ ਨੂੰ ਵਾਪਸ ਜਾਣਾ ਪਿਆ। ਪਿੰਡ ਵਾਸੀਆਂ ਨੇ ਇਹ ਕਦਮ ਕਿਸਾਨ ਜਥੇਬੰਦੀਆਂ ਦੀ ਲਹਿਰ ਦੇ ਸਮਰਥਨ ਵਿਚ ਲਿਆ ਅਤੇ ਰਵੀ ਕਿਸ਼ਨ ਦਾ ਵਿਰੋਧ ਕੀਤਾ। ਰਵੀ ਕਿਸ਼ਨ ਨੂੰ ਰੂਪਨਗਰ ਜ਼ਿਲੇ ਦੇ ਪਿੰਡ ਢੰਗਰਾਲੀ ਵਿਚ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭੋਜਪੁਰੀ ਤੇ ਬਾਲੀਵੁੱਡ ਕਲਾਕਾਰ ਰਵੀ ਇਥੇ ਇਕ ਇਸ਼ਤਿਹਾਰ ਫਿਲਮ ਦੀ ਸ਼ੂਟਿੰਗ ਲਈ ਪਹੁੰਚੇ ਸਨ।

ਪਿੰਡ ਢੰਗਰਾਲੀ ਦੇ ਰਣਦੀਪ ਸਿੰਘ, ਸਪਿੰਦਰ ਸਿੰਘ, ਜਤਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਨਾਂ ਨੂੰ ਪਤਾ ਲੱਗਿਆ ਕਿ ਭਾਜਪਾ ਦੇ ਸੰਸਦ ਮੈਂਬਰ ਉਨਾਂ ਦੇ ਪਿੰਡ ਇਕ ਫਿਲਮ ਦੀ ਸ਼ੂਟਿੰਗ ਲਈ ਆਏ ਹਨ ਤਾਂ ਉਨਾਂ ਨੇ ਉਨਾਂ ਦਾ ਵਿਰੋਧ ਕੀਤਾ। ਪਿੰਡ ਦੇ ਨੌਜਵਾਨਾਂ ਨੇ ਰਵੀ ਕਿਸ਼ਨ ਅਤੇ ਉਸ ਦੇ ਸਟਾਫ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਤੋਂ ਬਾਅਦ ਰਵੀ ਕਿਸ਼ਨ ਨੂੰ ਤੁਰੰਤ ਪਿੰਡ ਤੋਂ ਵਾਪਸ ਜਾਣਾ ਪਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਖੈਰਪੁਰ ਵਿਚ ਇਕ ਘਰ ਸ਼ੂਟਿੰਗ ਲਈ ਸਜਾਇਆ ਗਿਆ ਸੀ ਅਤੇ ਮਕਾਨ ਮਾਲਕ ਨੂੰ ਚਾਲੀ ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਸੀ।

# ਕੋਲੋਰਾਡੋ ’ਚ ਗੋਲੀਬਾਰੀ ਦੌਰਾਨ ਇਕ ਪੁਲਿਸ ਅਧਿਕਾਰੀ ਸਮੇਤ 3 ਮਰੇ

## ਮ੍ਰਿਤਕਾਂ ਵਿਚ ਸ਼ੱਕੀ ਹਮਲਾਵਰ ਵੀ ਸ਼ਾਮਿਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਕੋਲੋਰਾਡੋ ਵਿਚ ਗੋਲੀਬਾਰੀ ਦੀ ਵਾਪਰੀ ਇਕ ਘਟਨਾ ਵਿਚ ਇਕ ਪੁਲਿਸ ਅਧਿਕਾਰੀ ਤੇ ਸ਼ੱਕੀ ਹਮਲਾਵਰ ਸਮੇਤ 3 ਵਿਅਕਤੀ ਮਾਰੇ ਗਏ। ਗੋਲੀਬਾਰੀ ਦੀ ਇਹ ਘਟਨਾ ਸ਼ਾਪਿੰਗ ਜ਼ਿਲੇ ਵਿਚ ਡੈਨਵਰ ਦੇ ਨੀਮ ਸ਼ਹਿਰੀ ਖੇਤਰ ਵਿਚ ਵਾਪਰੀ। ਅਰਵਾਡਾ ਪੁਲਿਸ ਵਿਭਾਗ ਦੇ ਉਪ ਮੁਖੀ ਐੱਡ ਬਰਾਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਦੁਪਹਿਰ ਬਾਅਦ ਪੁਲਿਸ ਨੂੰ ਅਰਵਾਡਾ ਦੇ ਓਲਡ ਟਾਊਨ ਸਕੁਏਅਰ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ ਸੀ। ਇਸ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਤੇ ਸ਼ੱਕੀ ਬੰਦੂਕਧਾਰੀ ਮਾਰਿਆ ਗਿਆ। ਤੀਸਰੇ ਮ੍ਰਿਤਕ ਦੀ ਪਛਾਣ ਇਕ ਸਮਾਰੀਟਨ ਵਿਅਕਤੀ ਵਜੋਂ ਹੋਈ ਹੈ ਜਿਸ ਨੂੰ ਸਮਝਿਆ ਜਾਂਦਾ ਹੈ ਕਿ ਸ਼ੱਕੀ ਵਿਅਕਤੀ ਨੇ ਗੋਲੀ ਮਾਰੀ ਸੀ। ਪੁਲਿਸ ਨੇ ਘਟਨਾ ਬਾਰੇ ਹੋਰ ਕੋਈ ਖੁਲਾਸਾ ਨਹੀਂ ਕੀਤਾ ਹੈ ਤੇ ਕੇਵਲ ਏਨਾ ਹੀ ਕਿਹਾ ਹੈ ਕਿ ਘਟਨਾ ਵਿਚ ਹੋਰ ਕੋਈ ਵਿਅਕਤੀ ਸ਼ਾਮਿਲ ਨਹੀਂ ਹੈ। ਨਾ ਹੀ ਪੁਲਿਸ ਨੇ ਪੀੜਤਾਂ ਦੇ ਨਾਂ ਦੱਸੇ ਹਨ। ਅਰਵਾਡਾ ਦੇ ਮੇਅਰ ਮਾਰਕ ਵਿਲੀਅਮਜ ਨੇ ਕਿਹਾ ਹੈ ਕਿ ਸਾਡੇ ਪੁਲਿਸ ਵਿਭਾਗ ਲਈ ਇਹ ਬਹੁਤ ਦੁੱਖਦਾਈ ਦਿਨ ਹੈ ਜਿਸ ਨੇ ਆਪਣਾ ਇਕ ਅਫਸਰ ਗਵਾ ਲਿਆ ਹੈ। ਮ੍ਰਿਤਕ ਪੁਲਿਸ ਅਫਸਰ ਦੀ ਯਾਦ ਵਿਚ ਸ਼ਾਮ ਵੇਲੇ ਮਾਰਚ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਕਾਰਾਂ ਸ਼ਾਮਿਲ ਹੋਈਆਂ।




*ਗੋਲੀਬਾਰੀ ਵਿਚ ਮਾਰੇ ਗਏ ਪੁਲਿਸ ਅਫਸਰ ਦੀ ਯਾਦ ਵਿਚ ਕੱਢੇ ਗਏ ਮਾਰਚ ਵਿਚ ਸ਼ਾਮਿਲ ਕਾਰਾਂ*

# ਜਾਰਜੀਆ ਵਿਚ ਇਕ ਲੱਖ ਤੋਂ ਵੱਧ ਵੋਟਰਾਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਢੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਜਾਰਜੀਆ ਦੇ ਰਿਪਬਲੀਕਨ ਸਕੱਤਰ ਬਰਾਡ ਰਾਫਨਸਪਰਜਰ ਨੇ ਜਾਰਜੀਆ ਦੀ ਵੋਟਰ ਸੂਚੀ ਵਿਚੋਂ 1,01,789 ਵੋਟਰਾਂ ਦੇ ਨਾਂ ਕੱਟ ਦੇਣ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਹੈ ਕਿ ‘ਚੋਣਾਂ ਦੀ ਨਿਰਪੱਖਤਾ ਬਣਾਈ ਰੱਖਣ ਲਈ ਵੋਟਰ ਸੂਚੀ ਵਿਚ ਸੁਧਾਈ ਹੋਣੀ ਜਰੂਰੀ ਹੈ। ਅਯੋਗ ਵੋਟਰਾਂ ਨੂੰ ਵੋਟਰ ਸੂਚੀਆਂ ਵਿਚ ਸ਼ਾਮਿਲ ਕਰਨ ਦਾ ਕੋਈ ਵੀ ਕਾਨੂੰਨੀ ਕਾਰਨ ਮੌਜੂਦ ਨਹੀਂ ਹੈ। ਇਸ ਲਈ ਅਯੋਗ ਵੋਟਰਾਂ ਦੇ ਨਾਂ ਸੂਚੀ ਵਿਚੋਂ ਹਟਾਉਣ ਦਾ ਫੈਸਲਾ ਲਿਆ ਗਿਆ ਹੈ।’ ਜੋਅ ਬਾਈਡਨ ਦੀ ਰਾਸ਼ਟਰਪਤੀ ਵਜੋਂ ਜਿੱਤ ਉਪਰੰਤ ਰਿਪਬਲੀਕਨ ਦੀ ਸੱਤਾ ਵਾਲੇ ਰਾਜਾਂ ਵੱਲੋਂ ਨਵੀਆਂ ਵੋਟਿੰਗ ਪਾਬੰਦੀਆਂ ਲਾਗੂ ਕਰਨ ਦੀਆਂ ਸੰਭਾਵਨਾਵਾਂ ਦਰਮਿਆਨ ਜਾਰਜੀਆ ਪਹਿਲਾ ਰਾਜ ਹੈ ਜਿਸ ਨੇ ਨਵੀਆਂ ਵੋਟਿੰਗ ਪਾਬੰਦੀਆਂ ਲਾਗੂ ਕੀਤੀਆਂ ਹਨ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਨੂੰ ਉਲਟਾਉਣ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਦਦ ਕਰਨ ਤੋਂ ਇਨਕਾਰ ਕਰਨ ਕਾਰਨ ਰਾਫਨਸਪਰਜਰ ਦੀ ਜਾਰਜੀਆ ਦੇ ਰਿਪਬਲੀਕਨ ਸੰਸਦ ਮੈਂਬਰਾਂ ਦੀ ਇਸ ਮਹੀਨੇ ਦੇ ਸ਼ੁਰੂ ਵਿਚ ਹੋਈ ਕੰਨਵੈਨਸ਼ਨ ਵਿਚ ਸਖਤ ਆਲੋਚਨਾ ਕੀਤੀ ਗਈ ਸੀ। ਰਾਫਨਸਪਰਜਰ ਤੇ ਉਸ ਦੇ ਪਰਿਵਾਰ ਨੂੰ ਮਾਰ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।

# ਸੁਮਿਤਾ ਮਿਤਰਾ ਦਾ ‘ਯੂਰਪੀਅਨ ਇਨਵੈਨਟਰ ਐਵਾਰਡ ਨਾਲ ਸਨਮਾਨ

## ਦੰਦਾਂ ਦੀ ਸਮੱਗਰੀ ਨੂੰ ਨੈਨੋ-ਤਕਨੀਕ ਵਰਤ ਕੇ ਬਣਾਇਆ ਬੇਹਤਰ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਨੈਨੋ ਤਕਨੀਕ ਦੀ ਵਰਤੋਂ ਰਾਹੀਂ ਦੰਦਾਂ ਦੀ ਸਮੱਗਰੀ ਨੂੰ ਹੋਰ ਮਜਬੂਤ ਤੇ ਸੁਖਾਵੀਂ ਬਣਾਉਣ ਲਈ ਭਾਰਤੀ ਮੂਲ ਦੀ ਅਮਰੀਕੀ ਕੈਮਿਸਟ ਸੁਮਿਤਾ ਮਿਤਰਾ ਨੂੰ ‘ਯੂਰਪੀਅਨ ਪੇਟੈਂਟ ਦਫਤਰ’ ਵੱਲੋਂ ‘ਯੂਰਪੀਅਨ ਇਨਵੈਨਟਰ ਐਵਾਰਡ-2021’ ਨਾਲ ਨਿਵਾਜਿਆ ਗਿਆ ਹੈ। ਮਿਤਰਾ ਜਿਨਾਂ ਦਾ ਨਾਂ ਪਿਛਲੇ ਮਹੀਨੇ ਅੰਤਿਮ ਸੂਚੀ ਵਿਚ ਵਿਚ ਸ਼ਾਮਿਲ ਕੀਤਾ ਗਿਆ ਸੀ, ਨੇ ਸਫਲਤਾ ਪੂਰਵਕ ਨੈਨੋ ਤਕਨੀਕ ਰਾਹੀਂ ਦੰਦਾਂ ਦੀ ਸਮੱਗਰੀ ਨੂੰ ਬੇਹਤਰ ਬਣਾਇਆ ਜਿਸ ਦੀ ਅੱਜ ਵਿਸ਼ਵ ਭਰ ਵਿਚ ਦੰਦਾਂ ਦੇ ਡਾਕਟਰ ਵਰਤੋਂ ਕਰ ਰਹੇ ਹਨ। ਯੂਰਪੀਅਨ ਪੇਟੈਂਟ ਦਫਤਰ ਦੇ ਪ੍ਰਧਾਨ ਐਨਟੋਨੀਓ ਕੈਮਪਿਨੋਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ‘ਸੁਮਿਤਾ ਮਿਤਰਾ ਨੇ ਆਪਣੇ ਖੇਤਰ ਵਿਚ



ਨਵਾਂ ਰਾਹ ਚੁਣਿਆ ਤੇ ਸਾਬਤ ਕੀਤਾ ਕਿ ਕਿਸ ਤਰਾਂ ਪੇਟੈਂਟ ਦੁਆਰਾ ਸੁਰੱਖਿਅਤ ਤਕਨੀਕ ਰਾਹੀਂ ਇਕ ਅਜਿਹਾ ਖੇਤਰ ਵਿਕਸਿਤ ਕੀਤਾ ਜਾ ਸਕਦਾ ਹੈ ਜਿਸ ਨਾਲ ਲੱਖਾਂ ਕਰੋੜਾਂ ਦੰਦਾਂ ਦੇ ਰੋਗੀਆਂ ਨੂੰ ਫਾਇਦਾ ਪੁੱਜਾ ਸਕਦਾ ਹੈ। ਉਨਾਂ ਦੀ ਖੋਜ ਜਾਰੀ ਹੋਣ ਦੇ ਤਕਰੀਬਨ 20 ਸਾਲ ਬਾਅਦ ਵੀ ਸਫਲ ਹੈ। ਇਸ ਕਾਰਨ ਹੀ ਉਹ ਵਿਗਿਆਨੀਆਂ ਦੀ ਅਗਲੀ ਪੀੜੀ ਲਈ ਪ੍ਰੇਰਨਾ ਸਰੋਤ ਹੈ।’ ਜਾਰੀ ਬਿਆਨ ਅਨੁਸਾਰ 1990ਵਿਆਂ ਦੇ ਆਖਿਰ ਵਿਚ ਯੂ ਐਸ ਮਲਟੀਨੈਸ਼ਨਲ 3 ਐਮ ਦੀ ਓਰਲ ਕੇਅਰ ਡਵੀਜ਼ਨ ਵਿਚ ਕੰਮ ਕਰਦਿਆਂ ਮਿਤਰਾ ਸਮਝ ਗਈ ਸੀ ਕਿ ਦੰਦਾਂ ਦੀਆਂ ਖੋੜਾਂ ਭਰਨ ਲਈ ਵਰਤੀ ਜਾਂਦੀ ਸਮੱਗਰੀ ਦੀਆਂ ਆਪਣੀਆਂ ਹੱਦਾਂ ਹਨ। ਇਹ ਕਮਜੋਰ ਹੈ। ਇਸ ਲਈ ਮਿਤਰਾ ਨੇ ਨੈਨੋ ਤਕਨੀਕ ਦੀ ਵਰਤੋਂ ਨਾਲ ਦੰਦਾਂ ਦੀ ਮਜਬੂਤੀ ਲਈ ਕੁਝ ਨਵਾਂ ਕਰਨ ਦੀ ਠਾਣੀ ਜਿਸ ਵਿਚ ਉਹ ਸਫਲ ਰਹੀ।

# ਤੂਫਾਨ ਕਾਰਨ ਹੋਏ ਹਾਦਸੇ ਵਿਚ 9 ਬੱਚਿਆਂ ਸਮੇਤ 10 ਮੌਤਾਂ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਅਲਾਬਾਮਾ ਵਿਚ ਆਏ ਤੇਜ ਤੂਫਾਨ, ਝੱਖੜ ਤੇ ਮੀਂਹ ਕਾਰਨ ਵਾਪਰੇ ਹਾਦਸੇ ਵਿਚ 9 ਸਕੂਲੀ ਬੱਚਿਆਂ ਸਮੇਤ 10 ਲੋਕਾਂ ਦੀ ਮੌਤ ਹੋ ਗਈ। ਜਦਕਿ ਇਕ ਹੋਰ ਘਟਨਾ ਵਿਚ ਇਕ ਘਰ ਉਪਰ ਦਰੱਖਤ ਡਿੱਗਣ ਕਾਰਨ 24 ਸਾਲਾ ਪਿਤਾ ਤੇ ਉਸ ਦੇ 3 ਸਾਲਾ ਪੁੱਤਰ ਦੀ ਮੌਤ ਹੋ ਗਈ। ਨੈਸ਼ਨਲ ਹੁਰੀਕੇਨ ਸੈਂਟਰ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਇਕ ਦੋ ਦਿਨਾਂ ਦੌਰਾਨ ਤੂਫਾਨ ਦੁਬਾਰਾ ਗਤੀ ਫੜ ਸਕਦਾ ਹੈ ਤੇ ਤੇਜ਼ ਝਖੜ ਨਾਲ ਮੀਂਹ ਪੈ ਸਕਦਾ ਹੈ। ਹੁਰੀਕੇਨ ਸੈਂਟਰ ਅਨੁਸਾਰ ਫਲੋਰੀਡਾ ਪੈਨਹੈਂਡਲ ਦੇ ਪੂਰਬੀ ਹਿੱਸੇ, ਉਤਰੀ ਫਲੋਰੀਡਾ, ਦੱਖਣੀ ਜਾਰਜੀਆ, ਕੇਂਦਰੀ ਤੇ ਤੱਟੀ ਦੱਖਣੀ ਕੈਰੋਲੀਨਾ, ਪੂਰਬੀ ਤੇ ਉਤਰੀ ਕੈਰੋਲੀਨਾ ਵਿਚ ਤੂਫਾਨ ਦੇ ਨਾਲ ਨਾਲ ਭਾਰੀ ਬਾਰਿਸ਼ ਹੋ ਸਕਦੀ ਹੈ। ਬਟਲਰ ਕਾਊਂਟੀ ਦੇ ਸ਼ੈਰਿਫ ਡੈਨੀ ਬੌਂਡ ਅਨੁਸਾਰ ਹਾਦਸਾ ਇੰਟਰ ਸਟੇਟ 65 ਉਪਰ ਦੁਪਹਿਰ ਬਾਅਦ 2.30 ਵਜੇ ਵਾਪਰਿਆ। ਹਾਦਸੇ ਵਿਚ 18 ਗੱਡੀਆਂ ਇਕ ਦੂਜੀ ਨਾਲ ਟਕਰਾਅ ਗਈਆਂ। ਬੱਚੇ ਗੀਟਟਾਊਨ ਹਾਈ ਸਕੂਲ ਤੋਂ ਵਾਪਸ ਆ ਰਹੇ ਸਨ ਕਿ ਰਾਹ ਵਿਚ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਅਨੇਕਾਂ ਲੋਕ ਜਖਮੀ ਵੀ ਹੋਏ ਹਨ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਹਾਦਸੇ ਦੀ ਜਾਂਚ ਕਰ ਰਿਹਾ ਹੈ।



# ਪ੍ਰਕਾਸ਼ ਸਿੰਘ ਬਾਦਲ ਦਾ ਨਾਰਕੋ ਟੈਸਟ ਕਰਵਾਓ

## 'ਆਪ' ਨੇ ਕੋਟਕਪੂਰਾ ਗੋਲੀ ਕਾਂਡ ਬਾਰੇ ਮੰਗ ਉਠਾਈ



**ਚੰਡੀਗੜ/ਏ.ਟੀ.ਨਿਊਜ਼ :** ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਲਬ ਕਰਨ ਬਾਰੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਵਿਧਾਇਕ ਤੇ ਕਿਸਾਨ ਵਿੰਗ ਦੇ ਸੂਬਾਈ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਅਤੇ ਸੀਨੀਅਰ ਆਗੂ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਦੀ ਸਹੀ ਜਾਂਚ ਲਈ ਪ੍ਰਕਾਸ਼ ਸਿੰਘ ਬਾਦਲ ਦਾ ਨਰਕੋ ਟੈਸਟ ਜ਼ਰੂਰ ਕਰਾਇਆ ਜਾਵੇ। ਆਪ ਆਗੂਆਂ ਨੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਨਵੀਂ ਜਾਂਚ ਕਮੇਟੀ ਰਾਹੀਂ ਬਾਦਲ ਪਰਿਵਾਰ ਨੂੰ ਬਚਾਉਣ ਲਈ ਨਾਟਕ ਕਰ ਰਹੀ ਹੈ, ਪੰਜਾਬ ਵਾਸੀਆਂ ਨੂੰ ਕੋਈ ਇਨਸਾਫ ਨਹੀਂ ਦੇ ਰਹੀ।

ਕੁਲਤਾਰ ਸਿੰਘ ਸੰਧਵਾਂ ਤੇ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਨਵੀਂ ਬਣਾਈ ਜਾਂਚ ਕਮੇਟੀ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਮੁੜ ਤੋਂ ਤਲਬ ਕੀਤਾ ਹੈ, ਜਿਸ ਨੂੰ ਪਿਛਲੀ ਜਾਂਚ ਕਮੇਟੀ ਨੇ ਵੀ ਬੁਲਾਇਆ ਸੀ। ਉਨਾਂ ਕਿਹਾ ਕਿ ਇਹ ਸਭ ਦੋਸ਼ੀਆਂ ਨੂੰ ਬਚਾਉਣ ਲਈ ਕੇਵਲ ਜਾਂਚ ਪ੍ਰਕ੍ਰਿਆ ਦੇ ਨਾਂ 'ਤੇ ਕੈਪਟਨ ਸਰਕਾਰ ਦਾ ਨਾਟਕ ਹੈ। ਇਹ ਸਭ ਕਰਨ ਦੀ ਥਾਂ ਪ੍ਰਕਾਸ਼ ਸਿੰਘ ਬਾਦਲ ਦਾ ਨਰਕੋ ਟੈਸਟ ਕਰਵਾਉਣਾ ਚਾਹੀਦਾ ਹੈ ਤਾਂ ਜੋ ਜਾਂਚ ਪ੍ਰਕ੍ਰਿਆ ਪੂਰੀ ਤਰਾਂ ਹਮੇਸ਼ਾ ਲਈ ਖਤਮ ਹੋ ਜਾਵੇ।

ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਨੂੰ ਲੈ ਕੇ ਰਾਜਨੀਤੀ ਕੀਤੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸ੍ਰੀ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਸੱਤਾ ਵਿੱਚ ਆਈ ਸੀ ਕਿ ਸਰਕਾਰ ਬਣਨ ਤੋਂ ਬਾਅਦ ਬੇਅਦਬੀ ਅਤੇ ਗੋਲੀਕਾਂਡ ਦੇ ਦੋਸ਼ੀਆਂ ਨੂੰ ਜੇਲ ਭੇਜਿਆ ਜਾਵੇਗਾ, ਪਰ ਕੈਪਟਨ ਸਰਕਾਰ ਨੇ ਸਾਢੇ ਚਾਰ ਸਾਲਾਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ, ਨਾ ਹੀ ਸਾਜਿਸ਼ਘਾੜਿਆਂ ਅਤੇ ਨਾ ਹੀ ਕਿਸੇ ਦੋਸ਼ੀ ਨੂੰ ਸਜ਼ਾ ਦਿੱਤੀ ਗਈ।

ਆਪ ਆਗੂ ਨੇ ਕਿਹਾ ਸਿਰਫ ਇਕ ਚੀਜ਼ ਜਿਹੜੀ ਕੀਤੀ ਗਈ ਹੈ ਉਹ ਕੇਵਲ ਜਾਂਚ ਕਮੇਟੀਆਂ ਹੀ ਬਣਾਈਆਂ ਗਈਆਂ ਹਨ। ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਵਿਚਕਾਰ ਮਿਲੀਭੁਗਤ ਹੋਣ ਦਾ ਦੋਸ਼ ਲਾਉਂਦਿਆਂ ਗਿਆਸਪੁਰਾ ਨੇ ਕਿਹਾ ਕਿ ਬਾਦਲ ਨਾਲ ਕੈਪਟਨ ਦਾ ਰਿਸ਼ਤਾ ਅੱਜ ਵੀ ਕਾਇਮ ਹੈ, ਜਿਸ ਨੂੰ ਆਮ ਜਨਤਾ ਜਾਣ ਚੁੱਕੀ ਹੈ ਕਿ ਅਕਾਲੀ ਕਾਂਗਰਸੀ ਮਿਲ ਕੇ ਬੇਅਦਬੀ ਦੇ ਇਨਸਾਫ ਦੇ ਰਾਹ ਵਿੱਚ ਅੜਿੱਕੇ ਪਾ ਰਹੇ ਹਨ।

ਸਾਡਾ ਮੰਨਣਾ ਹੈ ਕਿ ਸਭ ਰਾਜਨੀਤਕ ਪਾਰਟੀਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਮੁੱਦੇ ਉਪਰ ਸਿਆਸਤ ਖੇਡੀ ਹੈ।ਅਜੇ ਤੱਕ ਕੋਈ ਮੁੱਖ ਦੋਸ਼ੀ ਗ੍ਰਿਫਤਾਰ ਨਹੀਂ ਹੋ ਸਕਿਆ। ਕੋਈ ਰਾਜਨੀਤਕ ਧਿਰ ਇਸ ਮੁੱਦੇ ਬਾਰੇ ਸਪੱਸ਼ਟ ਨਹੀਂ।

# ਭਾਜਪਾ ਨਾਲ ਸਖ਼ਤ ਨਰਾਜ਼ ਏ-ਚਿਰਾਗ

## ਕਿਹਾ ਕਿ ਇਕ ਇਕਤਰਫ਼ਾ ਸਬੰਧ ਨਹੀਂ ਰਹਿ ਸਕਦੇ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਲੋਕ ਜਨਸ਼ਕਤੀ ਪਾਰਟੀ ਦੇ ਨੇਤਾ ਚਿਰਾਗ ਪਾਸਵਾਨ ਨੇ ਆਪਣੀ ਪਾਰਟੀ ਵਿਚ ਚੱਲ ਰਹੀਆਂ ਬਾਗੀ ਸੁਰਾਂ 'ਤੇ ਭਾਜਪਾ ਵਲੋਂ ਧਾਰੀ ਚੁੱਪੀ 'ਤੇ ਕਿਹਾ ਹੈ ਕਿ ਇਸ ਨਾਲ ਦੁੱਖ ਹੁੰਦਾ ਹੈ ।ਉਨਾਂ ਕਿਹਾ ਕਿ ਭਗਵਾਂ ਪਾਰਟੀ ਨਾਲ ਉਨਾਂ ਦੇ ਸਬੰਧ ਇਕਤਰਫਾ ਨਹੀਂ ਹੋ ਸਕਦੇ ।ਉਨਾਂ ਕਿਹਾ ਕਿ ਜੇਕਰ ਉਨਾਂ ਨੂੰ ਖੁਦ ਦੀ ਪਾਰਟੀ ਵਲੋਂ ਇਕ ਪਾਸੇ ਧੱਕਣ ਦੀਆਂ ਕੋਸ਼ਿਸ਼ਾਂ ਜਾਰੀ ਰਹਿੰਦੀਆਂ ਹਨ ਤਾਂ ਉਹ ਭਵਿੱਖ ਦੀਆਂ ਰਾਜਨੀਤਕ ਯੋਜਨਾਵਾਂ ਬਾਰੇ ਵਿਚਾਰ ਕਰਨਗੇ।

### ਪੰਜਾਬ ਵਿਚ ਗੈਂਗ ਸਰਗਰਮ

# ਕੋਟਕਪੂਰਾ ਵਿਚ ਗੈਂਗਵਾਰ, ਇਕ ਨੌਜਵਾਨ ਦੀ ਮੌਤ

### ਅਣਪਛਾਤੇ ਕਾਰ ਸਵਾਰਾਂ ਨੇ ਗੈਂਗਸਟਰ ਕੁਲਬੀਰ ਨਰੂਆਣਾ ਨੂੰ ਬਣਾਇਆ ਨਿਸ਼ਾਨਾ

**ਕੋਟਕਪੂਰਾ/ਏ.ਟੀ.ਨਿਊਜ਼ :** ਕੋਟਕਪੂਰਾ ਦੇ ਰਿਸ਼ੀ ਨਗਰ ਵਿਚ ਗੈਂਗਵਾਰ ਦੀ ਘਟਨਾ ਦੌਰਾਨ 15 ਰੌਂਦ ਤੋਂ ਵੱਧ ਫਾਇਰ ਹੋਏ ਹਨ ਅਤੇ ਇਸ ਗੈਂਗਵਾਰ ਦੌਰਾਨ ਫਿਰੋਜ਼ਪੁਰ ਜ਼ਿਲੇ ਦੇ ਇਕ ਨੌਜਵਾਨ ਦੀ ਮੌਤ ਵੀ ਹੋ ਗਈ।

ਦੱਸਿਆ ਜਾ ਰਿਹਾ ਹੈ ਕਿ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਕੁਝ ਨੌਜਵਾਨਾਂ ਨੇ ਹਰਵੇਲ ਸਿੰਘ ਨਾਮਕ ਨੌਜਵਾਨ 'ਤੇ ਹਮਲਾ ਕਰਨਾ ਸੀ। ਮੋਟਰਸਾਈਕਲ ਸਵਾਰਾਂ ਨੇ ਜਦੋਂ ਗੋਲ਼ੀਆਂ ਚਲਾਈਆਂ ਤਾਂ ਹਰਵੇਲ ਸਿੰਘ ਨੇ ਵੀ ਆਪਣੇ ਬਚਾਅ ਵਿਚ ਗੋਲ਼ੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੈਂਗਵਾਰ ਦੌਰਾਨ ਇਕ ਨੌਜਵਾਨ ਦੀਪਕ ਸਿੰਘ ਦੀ ਮੌਤ ਹੋ ਗਈ। ਗੈਂਗਵਾਰ ਦੀ ਘਟਨਾ ਤੋਂ ਬਾਅਦ ਵੱਡੀ ਗਿਣਤੀ ਵਿਚ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ।

**ਅਣਪਛਾਤੇ ਕਾਰ ਸਵਾਰਾਂ ਨੇ ਗੈਂਗਸਟਰ ਨਰੂਆਣਾ ਉਪਰ ਚਲਾਈਆਂ ਗੋਲ਼ੀਆਂ**

**ਬਠਿੰਡਾ/ਏ.ਟੀ.ਨਿਊਜ਼ :** ਗੈਂਗਸਟਰ ਰਹਿ ਚੁੱਕੇ ਕੁਲਬੀਰ ਨਰੂਆਣਾ ਉੱਪਰ ਅਣਪਛਾਤੇ ਵਿਅਕਤੀਆਂ ਨੇ ਅੰਨੇਵਾਹ ਗੋਲ਼ੀਆਂ ਚਲਾ ਦਿੱਤੀਆਂ। ਘਟਨਾ ਵਿਚ ਕੁਲਬੀਰ ਨਰੂਆਣਾ ਤੇ ਉਸ ਦਾ ਸਾਥੀ ਵਾਲ-ਵਾਲ ਬਚ ਗਏ। ਡੀਐਸਪੀ ਗੁਰਜੀਤ ਸਿੰਘ ਰੋਮਾਣਾ ਨੇ ਦੱਸਿਆ ਕਿ ਕਾਰ ਸਵਾਰ ਵਿਅਕਤੀਆਂ ਨੇ ਕੁਲਬੀਰ ਨਰੂਆਣਾ 'ਤੇ ਫਾਇਰਿੰਗ ਕੀਤੀ ਹੈ ਜਿਨਾਂ ਦੀ ਪਛਾਣ ਕਰ ਲਈ ਗਈ ਹੈ ਤੇ ਉਨਾਂ ਚਾਰ ਲੋਕਾਂ ਖਿਲਾਫ ਕੇਸ ਦਰਜ ਕਰ ਲਿਆ ਹੈ।

# ਪ੍ਰੋਫੈਸਰ ਆਫ਼ ਸਿੱਖਇਜ਼ਮ ਡਾ. ਜੋਧ ਸਿੰਘ ਚਲ ਵਸੇ



**ਪਟਿਆਲਾ/ਏ.ਟੀ.ਨਿਊਜ਼ :** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ, ਸਿੱਖ ਵਿਸ਼ਵ ਕੋਸ਼ ਵਿਭਾਗ ਦੇ ਮੁੱਖ ਸੰਪਾਦਕ, ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਡਾ. ਜੋਧ ਸਿੰਘ ਲੰਘੇ ਬੁੱਧਵਾਰ ਅਕਾਲ ਚਲਾਣਾ ਕਰ ਗਏ ਹਨ । ਡਾ. ਜੋਧ ਸਿੰਘ ਜੋ 70 ਵਰਿਆਂ ਦੇ ਸਨ, ਉਹ ਆਪਣੇ ਪਿੱਛੇ ਪਤਨੀ, ਇਕ ਬੇਟਾ ਤੇ ਨੂੰਹ ਨੂੰ ਛੱਡ ਗਏ । ਡਾ. ਜੋਧ ਸਿੰਘ ਨੇ ਆਪਣਾ ਅਕਾਦਮਿਕ ਸਫ਼ਰ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਦਰਸ਼ਨ ਸ਼ਾਸਤਰ ਅਤੇ ਅੰਗਰੇਜ਼ੀ ਵਿਚ ਮਾਸਟਰ ਡਿਗਰੀ ਪ੍ਰਾਪਤ ਕਰਕੇ ਸ਼ੁਰੂ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿੱਖ ਵਿਸ਼ਵ ਕੋਸ਼ ਵਿਭਾਗ ਵਿਚ ਬਤੌਰ ਪ੍ਰੋਫੈਸਰ ਉਨਾਂ ਨੇ ਸਿੱਖ ਚਿੰਤਨ, ਦਰਸ਼ਨ ਅਤੇ ਗੁਰਬਾਣੀ ਤੇ ਬਹੁਤ ਵਿਸਥਾਰਪੂਰਵਕ ਕੰਮ ਕੀਤਾ । ਡਾ. ਜੋਧ ਸਿੰਘ ਵਲੋਂ ਕੀਤੇ ਵੱਡੇ ਕੰਮਾਂ ਵਿਚੋਂ ਵਾਰਾਂ ਭਾਈ ਗੁਰਦਾਸ ਦਾ ਅੰਗਰੇਜ਼ੀ ਵਿਚ ਤਰਜ਼ਮਾ ਕਰਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਵਿਚ ਤਰਜ਼ਮਾ ਕਰਨਾ ਸ਼ਾਮਿਲ ਹਨ । ਡਾ. ਜੋਧ ਸਿੰਘ ਨੇ ਦਸਮ ਗ੍ਰੰਥ ਦੀਆਂ ਬਾਣੀਆਂ ਤੇ ਮਹੱਤਵਪੂਰਨ ਕਾਰਜ ਕੀਤੇ । ਡਾ. ਜੋਧ ਸਿੰਘ ਦੇ ਜਾਣ ਨਾਲ ਸਿੱਖ ਜਗਤ ਅਤੇ ਅਕਾਦਮਿਕ ਜਗਤ ਦੀਆਂ ਵੱਖ-ਵੱਖ ਹਸਤੀਆਂ ਵਿਚ ਸੋਗ ਦੀ ਲਹਿਰ ਹੈ।



# ਸਿੱਖ ਧਰਮ ਉਪਰ ਸਾਜਿਸ਼ੀ ਹਮਲੇ

# ਸ਼੍ਰੋਮਣੀ ਕਮੇਟੀ ਵੱਲੋਂ ਵੈੱਬ ਸੀਰੀਜ਼ 'ਗ੍ਰਹਿਣ' ਦਾ ਵਿਰੋਧ ਤੇ ਦਿੱਲੀ ਵਿਖੇ ਦਰਬਾਰ ਸਾਹਿਬ ਦਾ ਮਾਡਲ ਹਟਾਇਆ

**ਰਜਿੰਦਰ ਸਿੰਘ ਪੁਰੇਵਾਲ**

ਸਿੱਖ ਧਰਮ ਉਪਰ ਸਾਜਿਸ਼ੀ ਢੰਗ ਨਾਲ ਲਗਾਤਾਰ ਸਾਜਿਸ਼ੀ ਹਮਲੇ ਜਾਰੀ ਹਨ। ਸਭਿਆਚਾਰਕ ਹਮਲੇ ਸਿੱਖਾਂ ਵਿਰੁਧ ਘਟੀਆ ਸੀਰੀਜ ਤੇ ਦਰਬਾਰ ਸਾਹਿਬ ਨੂੰ ਅਪਮਾਨਿਤ ਕਰਕੇ ਹੋ ਰਹੇ ਹਨ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਭਾਰਤ ਸਰਕਾਰ ਦੇ ਸੂਚਨਾ ਪ੍ਰਸਾਰਨ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ 24 ਜੂਨ ਨੂੰ ਡਿਜ਼ਨੀ ਪਲੱਸ ਹੌਟਸਟਾਰ ਮੰਚ 'ਤੇ ਰਿਲੀਜ਼ ਹੋ ਰਹੀ 1984 ਸਿੱਖ ਨਸਲਕੁਸ਼ੀ ਦੀਆਂ ਘਟਨਾਵਾਂ 'ਤੇ ਆਧਾਰਿਤ ਵੈੱਬ ਸੀਰੀਜ਼ 'ਗ੍ਰਹਿਣ' ਉੱਤੇ ਤੁਰੰਤ ਰੋਕ ਲਗਾਈ ਜਾਵੇ।

ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਕਿ 'ਗ੍ਰਹਿਣ' ਨਾਂ ਦੀ ਵੈੱਬ ਸੀਰੀਜ਼ ਵਿੱਚ ਇੱਕ ਸਿੱਖ ਕਿਰਦਾਰ ਨੂੰ ਇਤਰਾਜ਼ਯੋਗ ਢੰਗ ਨਾਲ ਦਿਖਾਇਆ ਗਿਆ ਹੈ। ਉਨਾਂ ਕਿਹਾ ਕਿ 'ਗ੍ਰਹਿਣ' ਵੈੱਬ ਸੀਰੀਜ਼ ਦੇ ਨਿਰਮਾਤਾ ਅਜੈ ਜੀ ਰਾਏ ਅਤੇ ਡਿਜ਼ਨੀ ਪਲੱਸ ਹੌਟਸਟਾਰ ਦੇ ਮੁਖੀ ਸੁਨੀਲ ਰਿਆਨ ਨੂੰ ਬੀਬੀ ਨਿਰਪ੍ਰੀਤ ਕੌਰ ਵੱਲੋਂ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਵੀ ਹਮਾਇਤ ਕਰਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਵੈੱਬ ਸੀਰੀਜ਼ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੇਗੀ। ਉਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸੈਂਸਰ ਬੋਰਡ ਵਿੱਚ ਸਿੱਖ ਨੁਮਾਇੰਦਿਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਤਾਂ ਜੋ ਕਿਸੇ ਵੀ ਫਿਲਮ ਵਿੱਚ ਸਿੱਖ ਧਰਮ ਨਾਲ ਸਬੰਧਤ ਵਿਵਾਦਤ ਸੀਨ ਨੂੰ ਕੱਟਿਆ ਜਾ ਸਕੇ। ਉਨਾਂ ਵੈੱਬ ਸੀਰੀਜ਼ ਨਿਰਮਾਤਾ ਅਤੇ ਡਿਜ਼ਨੀ ਪਲੱਸ ਹੌਟਸਟਾਰ ਦੇ ਮੁਖੀ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਇਤਰਾਜ਼ਯੋਗ ਵੈੱਬ ਸੀਰੀਜ਼ ਨੂੰ ਰਿਲੀਜ਼ ਕਰਨ ਤੋਂ ਨਾ ਰੋਕਿਆ ਗਿਆ ਤਾਂ ਸ਼੍ਰੋਮਣੀ




ਕਮੇਟੀ ਇਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਇਸੇ ਦੌਰਾਨ ਉਨਾਂ ਨੇ ਦਿੱਲੀ ਸਥਿਤ ਪੰਜਾਬੀ ਬਾਗ਼ ਨੇੜੇ ਇਕ ਪਾਰਕ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ 'ਤੇ ਮਾਡਲ ਤਿਆਰ ਕਰਨ ਦੀ ਨਿਖੇਧੀ ਕੀਤੀ। ਉਨਾਂ ਦੱਸਿਆ ਕਿ ਇਹ ਮਸਲਾ ਸਾਹਮਣੇ ਆਉਣ ਤੋਂ ਬਾਅਦ ਉਹ ਬੀਤੇ ਦਿਨ ਤੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਸੰਪਰਕ ਵਿੱਚ ਸਨ ਅਤੇ ਦਿੱਲੀ ਕਮੇਟੀ ਨੇ ਸੰਗਤ ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਮਾਡਲ ਨੂੰ ਤੁਰੰਤ ਪਾਰਕ ਵਿੱਚੋਂ ਹਟਾ ਦਿੱਤਾ ਹੈ। ਸੋ ਸਪਸ਼ਟ ਗਲ ਇਹ ਹੈ ਕਿ ਇਹ ਸਾਧਾਰਣ ਵਰਤਾਰਾ ਨਹੀਂ ,ਇਹ ਸਾਜਿਸ਼ੀ ਵਰਤਾਰਾ ਹੈ। ਇਸ ਪਿੱਛੇ ਸਿੱਖ ਕੌਮ ਨੂੰ ਜ਼ਲੀਲ ਕਰਨ ਲਈ ਡੀਪ ਸਟੇਟ ਸਰਗਰਮ ਹੈ।ਇਸ ਨੂੰ ਨੱਥ ਤਾਂ ਹੀ ਪਾਈ ਜਾ ਸਕਦੀ ਹੈ ਜੇਕਰ ਸਿੱਖ ਲੀਡਰਸ਼ਿਪ ਸਖਤ ਐਕਸ਼ਨ ਕਰੇ।ਸੋਸ਼ਲ ਮੀਡੀਆ ਉਪਰ ਸਿੱਖਾਂ ਖ਼ਿਲਾਫ਼ ਹੋ ਰਹੇ ਨਫ਼ਰਤ ਭਰੇ ਟਵੀਟ ਹੋ ਰਹੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਜਗੀਰ ਕੌਰ ਨੇ ਇਸ ਦਾ ਨੋਟਿਸ ਲਿਆ ਹੈ। ਅਪ੍ਰੈਲ ਮਹੀਨੇ ਟਵਿੱਟਰ ਮੁਖੀ ਜੈਕ ਡੋਰਸੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਲਿਖਿਆ ਗਿਆ ਸੀ ਪਰ ਹਾਲੇ ਤੱਕ ਉਸ ਦਾ ਕੋਈ ਜਵਾਬ ਨਹੀਂ ਆਇਆ। ਇਸ ਸਬੰਧੀ ਪ੍ਰਵਾਸੀ ਖਾਲਸਾ ਜੀ ਨੂੰ ਯੋਗ ਭੂਮਿਕਾ ਨਿਭਾਉਣ ਦੀ ਲੋੜ ਹੈ।

**ਸਾਂਪਲਾ ਦਾ ਭਗਵਾਂ ਦਲਿਤਵਾਦ ਤੇ ਅਕਾਲ ਤਖਤ ਦਾ ਜਥੇਦਾਰ**

ਬੀਤੇ ਦਿਨੀਂ ਭਗਵਾਂ ਦਲਿਤਵਾਦ ਦੀ ਫਿਰਕੂ ਖੇਡ ਖੇਡਣ ਦੇ ਮਾਹਿਰ ਭਾਜਪਾ ਆਗੂ ਅਤੇ ਕੌਮੀ ਐੱਸਸੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਇੱਥੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਤੇ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਵਿਚਾਰ ਵਟਾਂਦਰਾ ਕੀਤਾ। ਸਾਂਪਲਾ ਦਾ ਕਹਿਣਾ ਸੀ ਕਿ ਇਸ ਮੁਲਾਕਾਤ ਦੌਰਾਨ ਸਿਰਫ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ ਹੈ। ਕਈ ਗੁਰਦੁਆਰਿਆਂ ਵਿੱਚ ਅੱਜ ਵੀ ਦਲਿਤ ਸਿੱਖਾਂ ਨੂੰ ਨਹੀ ਵੜਨ ਦਿੱਤਾ ਜਾਂਦਾ ਤੇ ਧਾਰਮਿਕ ਸਮਾਗਮ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਆਪਣੇ ਘਰਾਂ ਵਿੱਚ ਲਿਜਾ ਕੇ ਧਾਰਮਿਕ ਰਸਮਾਂ ਪੂਰੀਆਂ ਨਹੀਂ ਕਰਨ ਦਿੱਤੀਆਂ ਜਾਂਦੀਆਂ ਜਿਸ ਕਰਕੇ ਦਲਿਤ ਸਿੱਖ ਧਰਮ ਪਰਿਵਤਰਨ (ਈਸਾਈ) ਵਿੱਚ ਲੱਗੇ ਹੋਏ ਹਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਇੱਥੇ ਦੱਸਣਯੋਗ ਹੈ ਕਿ ਬਠਿੰਡਾ ਦੇ ਇਕ ਗੁਰਦੁਆਰੇ ਵਿੱਚ ਸਿੱਖ ਗ੍ਰੰਥੀ ਨੇ ਬੀਤੇ ਦਿਨੀਂ ਡੇਰਾ ਸਿਰਸਾ ਦੇ ਮੁਖੀ ਦੀ ਰਿਹਾਈ ਸਬੰਧੀ ਅਰਦਾਸ ਕੀਤੀ ਸੀ, ਜਿਸ ਦਾ ਸਿੱਖ ਭਾਈਚਾਰੇ ਨੇ ਸਖਤ ਵਿਰੋਧ ਕੀਤਾ ਸੀ ਅਤੇ ਇਸ ਵਿਅਕਤੀ ਖ਼ਿਲਾਫ ਪੁਲਿਸ ਨੇ ਕੇਸ ਵੀ ਦਰਜ ਕੀਤਾ ਸੀ। ਕੌਮੀ ਐੱਸਸੀ ਕਮਿਸ਼ਨ ਨੇ ਇਸ ਮਾਮਲੇ ਵਿੱਚ ਦਖ਼ਲ ਦਿੰਦਿਆਂ ਪੁਲਿਸ ਕੇਸ ਦੀ ਸਥਿਤੀ ਰਿਪੋਰਟ ਮੰਗੀ ਸੀ।ਹਾਲਾਂਕਿ ਇਸ ਪਿੱਛੇ ਭਾਜਪਾ ਦਾ ਹੱਥ ਸਮਝਿਆ ਜਾਂਦਾ ਹੈ। ਸੋ ਇਹ ਦਲਿਤਵਾਦ ਦਾ ਫਿਰਕੂ ਏਜੰਡਾ ਭਾਜਪਾ ਦਾ ਸਿਆਸੀ ਸਟੰਟ ਹੈ ਤਾਂ ਜੋ ਦਲਿਤਾਂ ਸਿੱਖਾਂ ਦਾ ਵਿਵਾਦ ਪੈਦਾ ਕਰਕੇ ਸਿਆਸੀ ਸਟੰਟ ਬਣਾ ਕੇ ਹਿੰਸਾ ਕਰਵਾਈ ਜਾਵੇ ਤੇ ਭਾਜਪਾ ਦੀ ਖੁਰ ਰਹੀ ਹੋਂਦ ਨੂੰ ਸਥਾਪਤ ਕੀਤਾ ਜਾਵੇ। ਤਲਣ ਜੱਟ ਦਲਿਤ ਮਾਮਲਾ ਵੀ ਸਾਂਪਲਾ ਦੀ ਦੇਣ ਦੇ ਦੋਸ਼ ਲੱਗੇ ਸਨ। ਜਦਕਿ ਪੰਜਾਬ ਵਿਚ ਦਲਿਤ ਸਿੱਖ ਵਿਵਾਦ ਨਹੀਂ ਹੈ। ਕੁਝ ਪਿੰਡਾਂ ਵਿਚ ਲੜਾਈਆਂ ਨੂੰ ਚੋਣਾਂ ਨੇੜੇ ਆਉਣ ਤੇ ਰੰਗਤ ਦਿੱਤੀ ਜਾ ਰਹੀ ਹੈ। ਪੰਜਾਬੀ ਸਿਆਣੇ ਹਨ ਉਹ ਫਿਰਕੂ ਤਾਕਤਾਂ ਨੂੰ ਹਾਵੀ ਨਹੀਂ ਹੋਣ ਦੇਣਗੇ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਉਡਣਾ ਸਿੱਖ ਮਿਲਖਾ ਸਿੰਘ ਪੰਜ ਤੱਤਾਂ ਵਿਚ ਵਿਲੀਨ

## ਕਥਾ-ਕਹਾਣੀਆਂ, ਬਾਤਾਂ-ਬਤੋਲੀਆਂ ਅਤੇ ਅਖਾਣਾਂ-ਮੁਹਾਵਰਿਆਂ ਵਾਂਗ ਲੋਕ ਮਨਾਂ ਵਿਚ ਵਸਦਾ ਰਹੇਗਾ ਮਿਲਖਾ ਸਿੰਘ

**ਚੰਡੀਗੜ/ਏ.ਟੀ.ਨਿਊਜ਼ :** ਭਾਰਤ ਦੇ ਹੁਣ ਤਕ ਦੇ ਸਭ ਤੋਂ ਮਹਾਨ ਐਥਲੀਟ ਮਿਲਖਾ ਸਿੰਘ ਵਰਗੇ ਪੰਜ ਤੱਤਾਂ ਵਿਚ ਵਿਲੀਨ ਹੋਣ ਤੋਂ ਬਾਅਦ ਵੀ ਧਰੂ ਤਾਰੇ ਵਾਂਗ ਅਸਮਾਨ 'ਤੇ ਚਮਕਦੇ ਰਹਿੰਦੇ ਹਨ। ਉਹ ਵਿਰਲੇ ਇਨਸਾਨਾਂ 'ਚੋਂ ਹਨ ਜੋ ਜਿਉਂਦਿਆਂ ਹੀ ਕਥਾ-ਕਹਾਣੀਆਂ, ਬਾਤਾਂ-ਬਤੋਲੀਆਂ ਅਤੇ ਅਖਾਣਾਂ-ਮੁਹਾਵਰਿਆਂ ਵਿਚ ਸਮਾਏ ਹੋਏ ਸਨ। ਕੋਈ ਤੇਜ਼ ਦੌੜਦਾ ਹੋਇਆ ਹਵਾ ਨਾਲ ਗੱਲਾਂ ਕਰਦਾ ਤਾਂ ਲੋਕ ਤਨਜ਼ ਕੱਸਦੇ, ਅਖੇ ਤੂੰ ਕਿਹੜਾ ਮਿਲਖਾ ਸਿੰਘ ਬਣ ਜਾਣਾਂ! ਮਿਲਖਾ ਸਿੰਘ ਮੁਲਕ ਦੀ ਅਮੁੱਲੀ ਮਿਲਖ ਸੀ। ਖੇਡਾਂ ਪ੍ਰਤੀ ਜਨੂੰਨ ਕਾਰਨ ਦੁਨੀਆ ਦੇ ਕਈ ਦੇਸ਼ਾਂ ਵਿਚ ਉਨਾਂ ਨੇ ਤਿਰੰਗਾ ਲਹਿਰਾਇਆ ਸੀ। ਉਨਾਂ ਦੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਬਾਅਦ ਹਰ ਅੱਖ ਨਮ ਹੈ। ਹਰ ਕੋਈ ਉਨਾਂ ਨੂੰ ਆਪੋ-ਆਪਣੇ ਤਰੀਕੇ ਨਾਲ ਯਾਦ ਕਰ ਰਿਹਾ ਹੈ। ਉੱਡਣੇ ਸਿੱਖ ਵਜੋਂ ਦੁਨੀਆ ਭਰ 'ਚ ਮਸ਼ਹੂਰ ਤੇ ਭਾਰਤ ਦੇ ਮਹਾਨ ਅਥਲੀਟ ਮਿਲਖਾ ਸਿੰਘ (91) ਦਾ ਪੀ. ਜੀ. ਆਈ. 'ਚ ਕੋਰੋਨਾ ਵਾਇਰਸ ਨਾਲ ਦਿਹਾਂਤ ਹੋ ਗਿਆ। ਬੀਤੇ ਇਕ ਮਹੀਨੇ ਤੋਂ ਕੋਰੋਨਾ ਨਾਲ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਹੇ ਸਨ, ਜਦੋਂਕਿ ਬੀਤੇ 5 ਦਿਨ ਪਹਿਲਾਂ ਹੀ ਉਨਾਂ ਦੀ ਪਤਨੀ ਤੇ ਵਾਲੀਬਾਲ ਦੀ ਸਾਬਕਾ ਕੌਮੀ ਕਪਤਾਨ ਨਿਰਮਲ ਕੌਰ (85) ਦਾ ਵੀ ਕੋਰੋਨਾ ਕਾਰਨ ਦਿਹਾਂਤ ਹੋ ਗਿਆ ਸੀ। ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਤ ਮਿਲਖਾ ਸਿੰਘ ਆਪਣੇ ਪਿੱਛੇ ਗੋਲਫਰ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ ਛੱਡ ਗਿਆ। ਚਾਰ ਵਾਰ ਦੀਆਂ ਏਸ਼ੀਅਨ ਖੇਡਾਂ ਦੇ ਸੋਨ ਤਗਮਾ ਜੇਤੂ ਤੇ 1958 ਦੀਆਂ ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਦੇ ਸਭ ਤੋਂ ਯਾਦਗਾਰੀ ਪਲ 1960 ਦਾ ਰੋਮ ਉਲੰਪਿਕ ਦਾ 400 ਮੀਟਰ ਦੌੜ ਦਾ ਫਾਈਨਲ ਸੀ, ਜਿਥੇ ਉਹ ਲਗਭਗ ਅੱਧੀ ਦੌੜ (200 ਮੀਟਰ) ਤੱਕ ਅੱਗੇ ਸਨ ਪਰ ਦੌੜ ਖ਼ਤਮ ਹੋਣ ਤੱਕ ਉਹ 45.73 ਸਕਿੰਟ ਦੇ ਸਮੇਂ ਨਾਲ ਚੌਥੇ ਸਥਾਨ 'ਤੇ ਰਹੇ, ਜੋ ਕਿ 40 ਸਾਲ ਤੱਕ ਕੌਮੀ ਰਿਕਾਰਡ ਰਿਹਾ। ਉਹ ਭਾਰਤ ਦੇ ਇਕਲੌਤੇ ਅਥਲੀਟ ਹਨ, ਜਿਸ ਨੇ 400 ਮੀਟਰ ਵਿਚ ਏਸ਼ੀਅਨ ਤੇ ਰਾਸ਼ਟਰਮੰਡਲ ਖੇਡਾਂ ਵਿਚ ਸੋਨ ਤਮਗਾ ਜਿੱਤਿਆ ਹੈ। ਮਿਲਖਾ ਸਿੰਘ ਨੇ



1956, 1960 ਅਤੇ 1964 ਵਿਚ ਉਲੰਪਿਕ 'ਚ ਭਾਰਤ ਦੀ ਨੁਮਾਇੰਦਗੀ ਕੀਤੀ, ਜਦੋਂਕਿ ਆਪ ਨੂੰ 1959 ਵਿਚ ਪਦਮਸ੍ਰੀ ਨਾਲ ਨਿਵਾਜਿਆ ਗਿਆ। ਮਿਲਖਾ ਸਿੰਘ ਦੇ ਜਿਉਂਦੇ-ਜੀਅ ਉਸ ਦੇ ਆਦਮ-ਕੱਦ ਬੁੱਤ ਲੱਗਣੇ ਤੇ 'ਭਾਗ ਮਿਲਖਾ ਭਾਗ' ਵਰਗੀ ਬਾਇਓਪਿਕ ਬਣਨੀ ਆਪਣੇ-ਆਪ ਵਿਚ ਵੱਡੀ ਮਿਸਾਲ ਹੈ। ਬਿਖਮ ਤੇ ਬਿਖੜੇ ਰਾਹਾਂ 'ਤੇ ਸਿਰੜ ਨਾਲ ਚੱਲਣ ਵਾਲਾ ਮਿਲਖਾ ਸਿੰਘ ਸਾਰੀ ਉਮਰ ਸੰਘਰਸ਼ ਕਰਦਾ ਰਿਹਾ। 'ਏਸ਼ੀਆ ਦਾ ਤੂਫ਼ਾਨ' ਅਖਵਾਉਣ ਵਾਲੇ ਅਬਦੁਲ ਖ਼ਾਲਿਕ ਨੂੰ ਲਾਹੌਰ ਦੇ ਸਟੇਡੀਅਮ ਵਿਚ ਵੱਡੇ ਫ਼ਰਕ ਨਾਲ ਜਦੋਂ ਉਸ ਨੇ ਪਛਾੜਿਆ ਤਾਂ ਪਾਕਿਸਤਾਨ ਦੇ ਤਤਕਾਲੀ ਸਦਰ ਜਨਰਲ ਅਯੂਬ ਖ਼ਾਨ ਨੇ ਮਿਲਖਾ ਸਿੰਘ ਦੇ ਸੋਹਲੇ ਗਾਉਂਦਿਆਂ ਕਿਹਾ ਸੀ, 'ਮਿਲਖਾ ਸਿੰਘ ਤੁਸੀਂ ਦੌੜੇ ਨਹੀਂ ਬਲਕਿ ਉੱਡੇ ਹੋ, ਇਸ ਲਈ ਪਾਕਿਸਤਾਨ ਤੁਹਾਨੂੰ ਉੱਡਣੇ ਸਿੱਖ ਦਾ ਖ਼ਿਤਾਬ ਦੇ ਕੇ ਮਾਣ ਮਹਿਸੂਸ ਕਰਦਾ ਹੈ।' ਦੇਸ਼ ਦੀ ਵੰਡ ਵੇਲੇ ਮਿਲਖਾ ਤੇ ਉਸ ਦੀ ਭੈਣ ਤੋਂ ਇਲਾਵਾ ਸਾਰਾ ਪਰਿਵਾਰ ਨਸਲੀ ਦੰਗਿਆਂ ਦੀ ਭੇਟ ਚੜ ਗਿਆ ਸੀ। ਕਤਲ ਹੋਣ ਤੋਂ ਪਹਿਲਾਂ ਉਸ ਦੇ ਪਿਤਾ ਨੇ ਨੰਨੇ ਬਾਲਕ ਨੂੰ ਜ਼ੋਰ ਦੀ ਆਵਾਜ਼ ਦਿੰਦਿਆਂ ਕਿਹਾ ਸੀ ਕਿ 'ਮਿਲਖੇ ਭੱਜ ਜਾ...ਪਿੱਛੇ ਪਰਤ ਕੇ ਨਾ ਦੇਖੀਂ।' ਦਹਿੰਦਿਆਂ ਤੋਂ ਆਪਣੀ ਜਾਨ ਬਚਾ ਕੇ ਭੱਜਣ ਵਾਲਾ ਮਿਲਖਾ ਦਿੱਲੀ ਦੇ ਸ਼ਰਨਾਰਥੀ ਕੈਂਪ ਵਿਚ ਆਪਣੀ ਭੈਣ ਨਾਲ ਰਿਹਾ ਸੀ। ਤੰਗੀਆਂ-ਤੁਰਸ਼ੀਆਂ ਝੱਲਦਿਆਂ ਉਹ ਫ਼ੌਜ ਵਿਚ ਭਰਤੀ ਹੋਇਆ ਤਾਂ ਏਧਰ-ਓਧਰ ਦੌੜਨ-ਭੱਜਣ ਵਾਲੇ ਨੂੰ ਸਹੀ ਦਿਸ਼ਾ ਵਿਚ ਦੌੜਨ ਲਈ ਵੱਡਾ ਮੰਚ ਮਿਲ ਗਿਆ। ਜਨੂੰਨ ਉਸ ਦੇ ਸੁਪਨਿਆਂ ਨੂੰ ਖੰਭ ਲਾਉਂਦਾ ਸੀ। ਮਿਲਖਾ ਸਿੰਘ ਸਾਰੀ ਉਮਰ 'ਉੱਡਦਾ' ਹੋਇਆ ਟਰੈਕ 'ਤੇ ਅਮਿੱਟ ਪੈੜਾਂ ਛੱਡਦਾ ਰਿਹਾ। ਜ਼ਮੀਨ ਨਾਲ ਜੁੜਿਆ ਹੋਇਆ ਹੋਣ ਕਾਰਨ ਉਹ ਜ਼ਮੀਨੀ ਹਕੀਕਤਾਂ ਤੋਂ ਅਨਜਾਣ ਨਹੀਂ ਸੀ। ਭਾਰਤ ਵਿਚ ਖਿਡਾਰੀਆਂ, ਖ਼ਾਸ ਤੌਰ 'ਤੇ ਐਥਲੀਟਾਂ ਨੂੰ ਬਣਦਾ ਮਾਣ-ਸਨਮਾਨ ਨਾ ਮਿਲਣ ਕਰਕੇ ਉਹ ਆਪਣੇ ਭਾਸ਼ਣਾਂ ਵਿਚ ਸੱਤਾਧਾਰੀਆਂ ਨਾਲ ਗਿਲਾ-ਸ਼ਿਕਵਾ ਕਰਦੇ ਰਹਿੰਦੇ। ਉਹ ਕਿਹਾ ਕਰਦੇ ਸਨ ਕਿ ਜੇ ਪੀ. ਟੀ. ਊਸ਼ਾ ਵਰਗੀਆਂ ਦਾ ਸਾਥ ਉਸ ਦੇ ਕੋਚ ਨੇ ਦਿੱਤਾ ਹੁੰਦਾ ਤਾਂ ਉਹ ਅਵੱਸ਼ ਓਲੰਪਿਕਸ 'ਚੋਂ ਸੋਨ-ਤਗਮਾ ਜਿੱਤ ਸਕਦੀ ਸੀ। ਕ੍ਰਿਕਟ ਦੀ ਬਜਾਏ ਦੂਜੀਆਂ ਖੇਡਾਂ ਨੂੰ ਵਧੇਰੇ ਤਵੱਜੋ ਦਿੱਤੀ ਜਾਂਦੀ ਤਾਂ ਜਮਾਇਕਾ ਵਾਂਗ ਭਾਰਤ ਵਿਚ ਵੀ ਘਰ-ਘਰ ਐਥਲੀਟ ਪੈਦਾ ਹੋਣੇ ਸਨ। ਉਨਾਂ ਦੀ ਹਸਰਤ ਸੀ ਕਿ ਉਨਾਂ ਦੇ ਜਿਉਂਦੇ-ਜੀਅ ਭਾਰਤ ਦਾ ਕੋਈ ਐਥਲੀਟ ਓਲੰਪਿਕਸ 'ਚੋਂ ਗੋਲਡ ਮੈਡਲ ਜਿੱਤ ਕੇ ਲਿਆਵੇ।

**ਉੱਡਣਾ ਸਿੱਖ ਦੇ ਆਖਰੀ ਸ਼ਬਦ.... ਤਿੰਨ-ਚਾਰ ਦਿਨਾਂ 'ਚ ਠੀਕ ਹੋ ਜਾਵਾਂਗਾ**

ਫ਼ਰਾਟਾ ਦੌੜਾਕ ਮਿਲਖਾ ਸਿੰਘ ਨੇ ਕੋਵਿਡ-19 ਦੀ ਲਾਗ ਲਈ ਪਾਜ਼ੇਟਿਵ ਨਿਕਲਣ ਮਗਰੋਂ ਵੀ ਚੜਦੀ ਕਲਾ 'ਚ ਰਹਿਣ ਦਾ ਵੱਲ ਕਦੇ ਨਹੀਂ ਛੱਡਿਆ। ਉਨਾਂ ਆਪਣੀ ਜ਼ਿੰਦਗੀ ਵਿੱਚ ਜਿੱਤਾਂ-ਹਾਰਾਂ ਵੀ ਵੇਖੀਆਂ ਪਰ ਉਨਾਂ ਆਖਰੀ ਸਾਹਾਂ ਤੱਕ ਆਪਣੇ ਇਸ ਗੁਣ ਨੂੰ ਨਹੀਂ ਛੱਡਿਆ। ਕੋਰੋਨਾ ਵਾਇਰਸ ਦੀ ਲਾਗ ਚਿੰਬੜਨ ਸਬੰਧੀ ਸੋਸ਼ਲ ਮੀਡੀਆ 'ਤੇ ਜਾਰੀ ਅਫ਼ਵਾਹਾਂ ਦੀ ਪੁਸ਼ਟੀ ਲਈ ਇਸ ਖ਼ਬਰ ਏਜੰਸੀ ਨੇ ਜਦੋਂ ਮਿਲਖਾ ਸਿੰਘ ਨੂੰ ਫੋਨ ਕੀਤਾ ਤਾਂ ਉਨਾਂ ਕਿਹਾ, 'ਹਾਂ ਬੱਚਾ, ਮੈਂ ਲੰਘੇ ਦਿਨ (19 ਮਈ) ਕੋਵਿਡ-19 ਲਈ ਪਾਜ਼ੇਟਿਵ ਨਿਕਲ ਆਇਆ ਹਾਂ। ਪਰ ਮੈਂ ਠੀਕ ਹਾਂ, ਮੈਨੂੰ ਕੋਈ ਦਿੱਕਤ ਨਹੀਂ ਹੈ, ਨਾ ਬੁਖਾਰ ਤੇ ਨਾ ਖੰਘ ਹੈ। ਇਹ ਜਲਦੀ ਹੀ ਚਲਾ ਜਾਵੇਗਾ। ਮੇਰੇ ਡਾਕਟਰਾਂ ਨੇ ਮੈਨੂੰ ਦੱਸਿਆ ਹੈ ਕਿ ਮੈਂ ਤਿੰਨ-ਚਾਰ ਦਿਨਾਂ 'ਚ ਠੀਕ ਹੋ ਜਾਵਾਂਗਾ।' ਦੱਸਣਾ ਬਣਦਾ ਹੈ ਕਿ ਮਿਲਖਾ ਸਿੰਘ ਨੂੰ ਇਹਤਿਆਤ ਵਜੋਂ 23 ਮਈ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਕੁਝ ਦਿਨਾਂ ਮਗਰੋਂ ਉਨਾਂ ਦੀ ਪਤਨੀ ਤੇ ਕੌਮੀ ਵਾਲੀਬਾਲ ਟੀਮ ਦੀ ਕਪਤਾਨ ਨਿਰਮਲ ਕੌਰ ਨੂੰ ਵੀ ਕੋਰੋਨਾ ਕਰਕੇ ਉਥੇ ਦਾਖਲ ਕਰਵਾਉਣਾ ਪਿਆ। ਪਰਿਵਾਰ ਦੀ ਗੁਜ਼ਾਰਿਸ਼ 'ਤੇ ਮਿਲਖਾ ਸਿੰਘ ਨੂੰ ਹਸਪਤਾਲ 'ਚੋਂ ਡਿਸਚਾਰਜ ਕਰਵਾਉਣ ਤੱਕ ਦੋਵੇਂ ਜੀਅ ਇਕੋ ਰੂਮ ਵਿੱਚ ਦਾਖ਼ਲ ਰਹੇ ਸਨ।

### ਖੇਡ 'ਵਰਸਿਟੀ 'ਚ ਮਿਲਖਾ ਸਿੰਘ ਦੇ ਨਾਂ 'ਤੇ ਕਾਇਮ ਹੋਵੇਗੀ ਚੇਅਰ

ਖੇਡ ਯੂਨੀਵਰਸਿਟੀ ਪਟਿਆਲਾ ਵਿੱਚ ਮਹਾਨ ਦੌੜਾਕ ਮਿਲਖਾ ਸਿੰਘ ਦੇ ਨਾਂ 'ਤੇ ਚੇਅਰ ਸਥਾਪਤ ਕੀਤੀ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿਲਖਾ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਉੱਘੀ ਖੇਡ ਸ਼ਖ਼ਸੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਇਹ ਐਲਾਨ ਕੀਤਾ।

## ਮਾਮਲਾ ਬ੍ਰਾਹਮਣਵਾਦ ਨੂੰ ਚੁਣੌਤੀ ਦੇਣ ਦਾ

# ਅਦਾਕਾਰ ਚੇਤਨ ਕੁਮਾਰ ਤੋਂ ਪੁਲਿਸ ਵਲੋਂ ਪੁੱਛਗਿੱਛ

**ਨਵੀਂ ਦਿੱਲੀ/ ਏ.ਟੀ.ਨਿਊਜ਼ :** ਕੰਨੜ ਅਦਾਕਾਰ ਅਤੇ ਕਾਰਕੁਨ ਚੇਤਨ ਕੁਮਾਰ ਕੋਲੋਂ ਬੰਗਲੁਰੂ ਪੁਲਿਸ ਨੇ ਸ਼ੁੱਕਰਵਾਰ ਨੂੰ ਫਿਰ ਪੁੱਛਗਿੱਛ ਕੀਤੀ। ਮਾਮਲੇ ਉਨਾਂ ਦੇ ਬ੍ਰਾਹਮਣਵਾਦ 'ਤੇ ਬਿਆਨ ਦਾ ਹੈ। ਚੇਤਨ ਵੱਲੋਂ ਬ੍ਰਾਹਮਣਵਾਦ 'ਤੇ ਬਿਆਨ ਦੇਣ ਤੋਂ ਬਾਅਦ ਵਿਵਾਦ ਖੜਾ ਹੋ ਗਿਆ ਹੈ ਅਤੇ ਉਨਾਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਗਈ ਹੈ।

ਚੇਤਨ ਨੂੰ ਹੋਰਨਾਂ ਪਿਛੜੇ ਭਾਈਚਾਰਿਆਂ ਤੋਂ ਸਮਰਥਨ ਮਿਲ ਰਿਹਾ ਹੈ। ਹਾਲਾਂਕਿ, ਫਿਲਮ ਉਦਯੋਗ ਨਾਲ ਜੁੜੀਆਂ ਹਸਤੀਆਂ ਇਸ ਮਾਮਲੇ 'ਤੇ ਚੁੱਪੀ ਧਾਰ ਕੇ ਬੈਠੀਆਂ ਹਨ।

ਚੇਤਨ ਅਹਿੰਸਾ ਦੇ ਨਾਮ ਨਾਲ ਮਸ਼ਹੂਰ ਚੇਤਨ ਕੁਮਾਰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਪਿਛਲੇ ਦੋ ਹਫ਼ਤਿਆਂ ਤੋਂ ਚਰਚਾ ਵਿੱਚ ਹਨ।

ਇਸ ਵੀਡੀਓ ਤੋਂ ਬਾਅਦ ਉਨਾਂ ਦੇ ਖ਼ਿਲਾਫ਼ ਬ੍ਰਾਹਮਣਵਾਦ ਡਿਵੈਲਪਮੈਂਟ ਬੋਰਡ ਦੇ ਪ੍ਰਧਾਨ ਅਤੇ ਇੱਕ ਹੋਰ ਸੰਸਥਾ ਨੇ ਸ਼ਿਕਾਇਤ ਦਰਜ ਕਰਵਾਈ ਸੀ

ਇੱਕ ਸਮਾਜਿਕ ਵਰਕਰ ਨੇ ਵਿਦੇਸ਼ੀ ਖੇਤਰੀ ਪੰਜੀਕਰਨ ਦਫ਼ਤਰ ਵਿੱਚ ਵੀ ਸ਼ਿਕਾਇਤ ਦਰਜ ਕਰਵਾਉਂਦਿਆਂ ਹੋਇਆ ਕਿਹਾ ਹੈ ਕਿ ਅਦਾਕਾਰ ਨੂੰ ਅਮਰੀਕਾ ਵਾਪਸ ਭੇਜਿਆ ਜਾਵੇ ਕਿਉਂਕਿ ਉਨਾਂ ਨੇ ਓਵਰਸੀਜ਼ ਸਿਟੀਜ਼ਨ ਆਫ ਇੰਡੀਆ ਦਾ ਕਾਰਡ ਧਾਰਕ ਹੋਣ ਦੇ ਮਾਪਦੰਡਾਂ ਦਾ ਉਲੰਘਣ ਕੀਤਾ ਹੈ।

ਇੱਕ ਪੁਲਿਸ ਅਧਿਕਾਰ ਨੇ ਨਾਮ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ ਸੀ, 'ਅਸੀਂ ਉਨਾਂ ਨੂੰ ਪੁੱਛਗਿੱਛ ਲਈ ਕੁਝ ਸਵਾਲ ਕੀਤੇ ਹਨ, ਜਿਨਾਂ ਦੇ ਉਨਾਂ ਨੇ ਕਾਫੀ ਲੰਬੇ ਜਵਾਬ ਦਿੱਤੇ ਹਨ। ਉਨਾਂ ਨੂੰ ਰਿਕਾਰਡ ਕਰਨਾ ਵੀ ਜ਼ਰੂਰੀ ਹੈ। ਇਸ ਲਈ, ਅਸੀਂ ਉਨਾਂ ਨੂੰ ਬਚੇ ਹੋਏ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਹੈ।'

ਪੁਲਿਸ ਇਸ ਗੱਲ ਨੂੰ ਲੈ ਕੇ ਜਾਂਚ ਕਰ ਰਹੀ ਹੈ ਕਿ ਚੇਤਨ ਕੁਮਾਰ ਨੇ ਆਈਪੀਸੀ ਦੀ ਧਾਰਾ 153ਏ ਅਤੇ 295ਏ ਦਾ ਉਲੰਘਣ ਕੀਤਾ ਹੈ ਜਾਂ ਨਹੀਂ।

ਇਨਾਂ ਧਾਰਾਵਾਂ ਦਾ ਮਤਲਬ ਹੈ ਕਿ ਚੇਤਨ 'ਤੇ ਧਰਮ ਜਾਂ ਨਸਲ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿਚਾਲੇ ਦੁਸ਼ਮਣੀ ਪੈਦਾ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਜਾਣਬੁੱਝ ਕੇ ਅਤੇ ਮਾੜੀ ਨੀਤ ਨਾਲ ਕੋਈ ਕੰਮ ਕਰਨ ਦਾ ਇਲਜ਼ਾਮ ਹੈ।

**ਚੇਤਨ ਕੁਮਾਰ ਨੇ ਕੀ ਕਿਹਾ ਸੀ**

ਚੇਤਨ ਨੇ ਸੋਸ਼ਲ ਮੀਡੀਆ 'ਤੇ ਪਾਏ ਗਏ ਵੀਡੀਓ ਵਿੱਚ ਕਿਹਾ ਸੀ, 'ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣਵਾਦ ਨੇ ਬਸਵ ਅਤੇ ਬੁੱਧ ਵਿਚਾਰਾਂ ਨੂੰ ਮਾਰ ਸੁੱਟਿਆ ਹੈ। 2500 ਸਾਲ ਪਹਿਲਾਂ ਬੁੱਧ ਨੇ ਬ੍ਰਾਹਮਣਵਾਦ ਦੇ ਖ਼ਿਲਾਫ਼ ਲੜੀ। ਬੁੱਧ ਵਿਸ਼ਣੂ ਦੇ ਅਵਤਾਰ ਨਹੀਂ ਹਨ ਅਤੇ ਇਹ ਝੂਠ ਹੈ ਕਿ ਤੇ ਅਜਿਹਾ ਕਹਿਣਾ ਪਾਗਲਪਨ ਹੈ।'

ਇਸ ਤੋਂ ਬਾਅਦ ਉਨਾਂ ਨੇ ਇੱਕ ਟਵੀਟ ਕੀਤਾ, 'ਬ੍ਰਾਹਮਣਵਾਦ ਸੁਤੰਤਰਤਾ, ਸਮਾਨਤਾ ਅਤੇ ਮਿੱਤਰਤਾ ਦੀ ਭਾਵਨਾ ਨੂੰ ਅਸਵੀਕਾਰ ਕਰਦਾ ਹੈ। ਸਾਨੂੰ ਬ੍ਰਾਹਮਣਵਾਦ ਨੂੰ ਜੜੋਂ ਉਖਾੜ ਸੁੱਟਣਾ ਚਾਹੀਦਾ ਹੈ। ਸਾਰੇ ਸਮਾਨ ਪੈਦਾ ਹੁੰਦੇ ਹਨ, ਅਜਿਹੇ ਵਿੱਚ ਇਹ ਕਹਿਣਾ ਹੈ ਕਿ ਸਿਰਫ਼ ਬ੍ਰਾਹਮਣਵਾਦ ਹੀ ਸਰਬਉੱਚ ਹਨ ਅਤੇ ਬਾਕੀ ਸਭ ਅਛੂਤ ਹਨ, ਬਿਲਕੁਲ ਬਕਵਾਸ ਹਨ। ਇਹ ਇੱਕ ਵੱਡਾ ਧੋਖਾ ਹੈ- #ਪੈਰੀਆਰ।'

ਉਨਾਂ ਨੇ ਇਹ ਪ੍ਰਤੀਕਿਰਿਆ ਕੰਨੜ ਫਿਲਮ ਅਦਾਕਾਰ ਉਪੇਂਦਰ ਦੇ ਉਸ ਪ੍ਰੋਗਰਾਮ ਨੂੰ ਲੈ ਕੇ ਦਿੱਤੀ ਸੀ, ਜੋ ਆਰਥਿਕ ਤੌਰ 'ਤੇ ਪਿਛੜੇ ਲੋਕਾਂ ਦੀ ਕੋਰੋਨਾ ਵਿੱਚ ਮਦਦ ਲਈ ਪ੍ਰਬੰਧਿਤ ਕੀਤਾ ਗਿਆ ਸੀ।

ਚੇਤਨ ਕੁਮਾਰ ਦਾ ਕਹਿਣਾ ਸੀ ਕਿ ਇਸ ਪ੍ਰੋਗਰਾਮ ਵਿੱਚ ਸਿਰਫ਼ ਪੁਰੋਹਿਤ ਵਰਗ ਦੇ ਲੋਕਾਂ ਨੂੰ ਬੁਲਾਇਆ ਗਿਆ ਸੀ। ਇਸ ਲਈ ਉਨਾਂ ਨੇ ਉਪੇਂਦਰ ਦੀ ਆਲੋਚਨਾ ਕੀਤੀ।

ਉੱਥੇ ਹੀ, ਉਪੇਂਦਰ ਦਾ ਕਹਿਣਾ ਹੈ ਕਿ ਕੇਵਲ ਜਾਤੀਆਂ ਬਾਰੇ ਗੱਲ ਕਰਦਿਆਂ ਰਹਿਣ ਨਾਲ ਜਾਤੀਵਾਦ ਬਣਿਆ ਰਹੇਗਾ। ਜਦ ਕਿ ਚੇਤਨ ਦਾ ਕਹਿਣਾ ਹੈ ਕਿ ਬ੍ਰਾਹਮਣਵਾਦ ਅਸਮਾਨਤਾ ਦੀ ਮੂਲ ਜੜ ਹੈ।

ਦੋਵੇਂ ਅਦਾਕਾਰਾਂ ਦੀ ਬਹਿਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵੀ ਬਹਿਸ ਛਿੜ ਗਈ ਅਤੇ ਦੋਵਾਂ ਦੇ ਸਮਰਥਕ ਵੀ ਆਪਸ ਵਿੱਚ ਲੜਨ ਲੱਗੇ।

ਚੇਤਨ ਨੇ ਕਿਹਾ ਕਿ ਉਹ ਬ੍ਰਾਹਮਣਾਂ ਦਾ ਨਹੀਂ, ਬਲਕਿ ਬ੍ਰਾਹਮਣਵਾਦ ਦੀ ਆਲੋਚਨਾ ਕਰਦੇ ਹਨ। ਜਿਵੇਂ ਕਿ ਕੰਨੜ ਦੁਨੀਆਂ ਵਿੱਚ ਕਈ ਬ੍ਰਾਹਮਣ ਖ਼ੁਦ ਬ੍ਰਾਹਮਣਵਾਦ ਦਾ ਵਿਰੋਧ ਕਰਦੇ ਰਹੇ ਹਨ।

ਇਸ ਬਿਆਨ ਤੋਂ ਬਾਅਦ ਬ੍ਰਾਹਮਣ ਡਵੈਲਪਮੈਂਟ ਬੋਰਡ ਅਤੇ ਵਿਪਰ ਵੇਦਿਕਾ ਨੇ ਪੁਲਿਸ ਵਿੱਚ ਉਨਾਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ।

ਸਮਾਜਿਕ ਵਰਕਰਾਂ ਗਿਰੀਸ਼ ਭਾਰਦਵਾਜ ਨੇ ਕਿਹਾ, 'ਅਸੀਂ



ਨਹੀਂ ਜਾਣਦੇ ਸਨ ਕਿ ਉਹ ਅਮਰੀਕੀ ਨਾਗਰਿਕ ਹਨ ਅਤੇ ਓਸੀਆਈ ਕਾਰਡ ਧਾਰਕ ਹਨ। ਓਸੀਆਈ ਕਾਰਡ ਧਾਰਕ ਇਸ ਤਰਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੋ ਸਕਦੇ।'

**ਕੌਣ ਹਨ ਚੇਤਨ ਕੁਮਾਰ**

37 ਸਾਲ ਦੇ ਚੇਤਨ ਦਾ ਜਨਮ ਅਮਰੀਕਾ ਵਿੱਚ ਹੋਇਆ ਹੈ। ਉਨਾਂ ਦੇ ਮਾਤਾ-ਪਿਤਾ ਡਾਕਟਰ ਹਨ।

'ਆ ਦਿਨਾਗਲੁ' ਫਿਲਮ ਦੇ ਨਿਰਦੇਸ਼ਕ ਕੇਐੱਮ ਚੇਤੰਨਿਆ ਨੇ ਦੱਸਿਆ, 'ਜਦੋਂ ਚੇਤਨ ਯੇਲ ਯੂਨੀਵਰਸਿਟੀ ਤੋਂ ਪੜ ਕੇ ਵਾਪਸ ਭਾਰਤ ਆਏ ਸਨ, ਤਾਂ ਉਨਾਂ ਦੀ ਫਿਲਮ ਲਈ ਉਹ ਇੱਕ ਨਵਾਂ ਚਿਹਰਾ ਸੀ।'

2007 ਵਿੱਚ ਆਈ ਇਹ ਫਿਲਮ ਇੱਕ ਕਲਟ ਫਿਲਮ ਮੰਨੀ ਗਈ ਸੀ। ਇਸ ਦੇ ਨਾਲ ਹੀ ਚੇਤਨ ਨੇ ਕੁਝ ਹੋਰ ਫਿਲਮਾਂ ਵਿੱਚ ਵੀ ਕੰਮ ਕੀਤਾ, ਪਰ ਉਹ ਖ਼ਾਸ ਸਫ਼ਲ ਨਹੀਂ ਹੋ ਸਕੀਆਂ। ਪਰ 2013 ਵਿੱਚ ਆਈ ਉਨਾਂ ਦੀ ਫਿਲਮ 'ਮਾਇਨਾ' ਦੀ ਕਾਫੀ ਸ਼ਲਾਘਾ ਹੋਈ ਸੀ।

ਮਹੇਸ਼ ਬਾਬੂ ਦੇ ਨਿਰਦੇਸ਼ਨ ਵਿੱਚ ਬਣੀ ਉਨਾਂ ਅਗਲੀ ਫਿਲਮ 'ਅਥੀਰਥਾ' ਸਾਰੇ ਮਸਾਲੇ ਹੋਣ ਦੇ ਬਾਵਜੂਦ ਵੀ ਬੌਕਸ ਆਫਿਸ 'ਤੇ ਕੋਈ ਕਮਾਲ ਨਹੀਂ ਕਰ ਸਕੀ। ਇਸ ਦਾ ਕਾਰਨ ਚੇਤਨ ਕੁਮਾਰ ਦੇ ਸਿਆਸੀ ਖ਼ਿਆਲ ਮੰਨਿਆ ਜਾਂਦਾ ਹੈ।

ਇੱਕ ਪਾਸੇ ਚੇਤਨ ਦਾ ਅਕਸ ਇੱਕ ਕਾਰਕੁਨ ਵਜੋਂ ਮਜ਼ਬੂਤ ਹੁੰਦਾ ਗਿਆ ਤਾਂ ਦੂਜੇ ਪਾਸੇ ਫਿਲਮਾਂ ਵਿੱਚ ਉਨਾਂ ਹਿੱਸੇਦਾਰੀ ਘਟਦੀ ਚਲੀ ਗਈ।

ਨਿਰਦੇਸ਼ਕ ਅਤੇ ਸਟੋਰੀ ਰਾਈਟਰ ਮੰਜੂਨਾਥ ਰੈਡੀ ਉਰਫ਼ ਮੰਸੋਰ ਕਹਿੰਦੇ ਹਨ, 'ਉਹ ਇੱਕ ਸਮਰਪਿਤ ਅਦਾਕਾਰ ਹਨ ਪਰ ਸਫ਼ਲ ਨਹੀਂ ਹਨ। ਉਹ ਅਜੇ 'ਆ ਦਿਨਾਗੁਲ' ਚੇਤਨ ਵਜੋਂ ਜਾਣੇ ਜਾਂਦੇ ਹਨ। ਪਰ ਹੁਣ ਉਹ ਸਮਾਜਿਕ ਵਰਕਰ ਵਜੋਂ ਅੱਗੇ ਵਧ ਰਹੇ ਹਨ। ਉਹ ਇੱਕ ਅਜਿਹੇ ਅਦਾਕਾਰ ਵਜੋਂ ਸਾਹਮਣੇ ਆਏ ਹਨ, ਜਿਨਾਂ ਲਈ ਸਮਾਜਿਕ ਮੁੱਦੇ ਜ਼ਿਆਦਾ ਮਾਅਨੇ ਰੱਖਦੇ ਹਨ।'

ਇਹ ਸਾਰੇ ਜਾਣਦੇ ਹਨ ਕਿ ਕੰਨੜ ਫਿਲਮ ਉਦਯੋਗ ਵਿੱਚ ਮਸ਼ਹੂਰ ਹਸਤੀਆਂ ਸਮਾਜਿਕ ਮੁੱਦਿਆਂ 'ਤੇ ਆਪਣੇ ਵਿਚਾਰ ਨਹੀਂ ਰੱਖਦੀਆਂ ਹਨ। ਉਹ ਸਿਰਫ਼ ਕਾਵੇਰੀ ਜਲ ਵਿਵਾਦ ਵਰਗੇ ਮਾਮਲਿਆਂ 'ਤੇ ਹੀ ਵਿਰੋਧ ਕਰਨ ਲਈ ਅੱਗੇ ਆਉਂਦੀਆਂ ਹਨ ਅਤੇ ਉਹ ਵੀ ਇਸ ਲਈ ਕਿਉਂਕਿ ਤਾਮਿਲਨਾਡੂ ਦਾ ਫਿਲਮ ਉਦਯੋਗ ਵੀ ਕਾਵੇਰੀ ਦੇ ਭਾਵਨਾਤਮਕ ਮਸਲਿਆਂ 'ਤੇ ਵਿਰੋਧ ਕਰਦਾ ਹੈ।

ਅਜਿਹੇ ਹਾਲਾਤ ਵਿੱਚ ਅਦਾਕਾਰ ਕੋਲੋਂ ਸਮਾਜਿਕ ਵਰਕਰ ਬਣੇ ਚੇਤਨ ਕੁਮਾਰ ਆਦਿਵਾਸੀਆਂ ਨੂੰ ਜੰਗਲ ਤੋਂ ਹਟਾਏ ਜਾਣ 'ਤੇ ਕੋਡਗੂ ਜ਼ਿਲੇ ਵਿੱਚ ਧਰਨੇ 'ਤੇ ਬੈਠੇ। ਉਨਾਂ ਨੇ ਉੱਜੜ ਕੇ ਜਾਣ ਵਾਲਿਆਂ ਲਈ ਰਹਿਣ ਦੀ ਬਦਲਵੀ ਥਾਂ ਦਿੱਤੇ ਜਾਣ ਦੀ ਮੰਗ ਦਾ ਸਮਰਥਨ ਕੀਤਾ।

ਦੂਜੇ ਮਾਮਲਿਆਂ ਵਾਂਗ ਚੇਤਨ ਦੇ ਮਾਮਲਿਆਂ 'ਤੇ ਵੀ ਫਿਲਮ ਉਦਯੋਗ ਦੇ ਮਸ਼ਹੂਰ ਚਿਹਰੇ ਕੁਝ ਨਹੀਂ ਕਹਿਣਾ ਚਾਹੁੰਦੇ। ਬਾਕੀ ਸਫ਼ਾ 30 'ਤੇ

# ਭਗਵੰਤ ਮਾਨ ਤੋਂ ਲੈ ਕੇ ਸੁਖਬੀਰ ਸਿੰਘ ਬਾਦਲ ਮੁਕੱਦਮਿਆਂ ਵਿਚ ਫਸੇ

## ✪ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਖ਼ਿਲਾਫ਼ ਸਭ ਤੋਂ ਵੱਧ 15 ਮਾਮਲੇ ਦਰਜ ✪ ਸੁਖਬੀਰ ਸਿੰਘ ਬਾਦਲ ਖ਼ਿਲਾਫ਼ 4 ਮਾਮਲੇ ਦਰਜ ✪ 12 ਆਪ ਵਿਧਾਇਕਾਂ ਦੇ ਖ਼ਿਲਾਫ਼ ਮਾਮਲੇ ਦਰਜ



**ਜਲੰਧਰ/ਏ.ਟੀ.ਨਿਊਜ਼ :** ਭਗਵੰਤ ਮਾਨ, ਸੁਖਬੀਰ ਸਿੰਘ ਬਾਦਲ, ਰਵਨੀਤ ਬਿੱਟੂ, ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਲੰਗਾਹ, ਪ੍ਰੇਮ ਸਿੰਘ ਚੰਦੂਮਾਜਰਾ, ਬਿਕਰਮਜੀਤ ਸਿੰਘ ਮਜੀਠੀਆ ਆਦਿ ਵਰਗੇ 96 ਸਾਬਕਾ ਅਤੇ ਮੌਜੂਦਾ ਵਿਧਾਇਕਾਂ ਤੇ ਸੰਸਦ ਮੈਂਬਰਾਂ ਵਿੱਚੋਂ ਕੁਝ ਨਾਮ ਹਨ, ਜਿਨਾਂ ਦੇ ਖ਼ਿਲਾਫ਼ ਪੰਜਾਬ ਦੇ ਵੱਖੋ-ਵੱਖ ਪੁਲਿਸ ਥਾਣਿਆਂ ਵਿਚ ਅਪਰਾਧਿਕ ਮਾਮਲੇ ਦਰਜ ਹਨ।ਇਨਾਂ ਵਿੱਚੋਂ ਕੁਝ ਦੇ ਖ਼ਿਲਾਫ਼ ਗੰਭੀਰ ਮਾਮਲੇ ਵੀ ਦਰਜ ਹਨ ਤੇ ਕਈ ਮੁਕੱਦਮੇ ਸਾਲਾਂ ਤੋਂ ਚਲਦੇ ਆ ਰਹੇ ਹਨ। ਪੰਜਾਬ ਪੁਲਿਸ ਵੱਲੋਂ ਇੱਕ ਕੇਸ ਦੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ।

**ਸਭ ਤੋਂ ਵੱਧ ਮਾਮਲੇ ਕਿਸ ਦੇ ਖ਼ਿਲਾਫ਼**

ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਖ਼ਿਲਾਫ਼ ਸਭ ਤੋਂ ਵੱਧ 15 ਮਾਮਲੇ ਦਰਜ ਹਨ। 15 ਵਿੱਚੋਂ ਸੱਤ ਤਾਂ ਲੁਧਿਆਣਾ ਜ਼ਿਲੇ ਦੇ ਹੀ ਥਾਣਿਆਂ ਵਿਚ ਦਰਜ ਹਨ। ਇਨਾਂ ਵਿੱਚੋਂ ਇੱਕ ਮਾਮਲਾ ਸਾਲ 2019 ਵਿਚ ਸੋਸ਼ਲ ਮੀਡੀਆ 'ਤੇ ਇੱਕ ਵਾਇਰਲ ਵੀਡੀਓ ਤੋਂ ਬਾਅਦ ਦਰਜ ਕੀਤਾ ਗਿਆ ਸੀ।ਬਟਾਲਾ ਦੇ ਸਿਵਲ ਹਸਪਤਾਲ ਵਿੱਚ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਿਪੁਲ ਉੱਜਵਲ ਨੂੰ ਜਨਤਕ ਤੌਰ 'ਤੇ ਤਾੜਨ ਦੇ ਇਲਜ਼ਾਮ ਤਹਿਤ ਪੰਜਾਬ ਪੁਲਿਸ ਨੇ ਉਨਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ।ਕਲਿੱਪ ਵਿੱਚ ਬੈਂਸ ਵਿਪੁਲ ਉੱਜਵਲ 'ਤੇ ਚੀਕਦੇ ਹੋਏ ਵੀ ਵੇਖੇ ਜਾ ਸਕਦੇ ਸੀ। ਇਹ ਘਟਨਾ ਬਟਾਲਾ ਵਿੱਚ ਇੱਕ ਪਟਾਕੇ ਚਲਾਉਣ ਵਾਲੇ ਯੂਨਿਟ ਵਿੱਚ ਹੋਏ ਧਮਾਕੇ ਤੋਂ ਬਾਅਦ ਹੋਈ ਸੀ, ਜਿਸ ਵਿਚ 23 ਵਿਅਕਤੀਆਂ ਦੀ ਮੌਤ ਹੋ ਗਈ ਸੀ। ਲਿਸ ਨੇ ਬੈਂਸ ਅਤੇ ਉਨਾਂ ਦੇ ਅਣਪਛਾਤੇ ੨20 ਸਾਥੀਆਂ ਖ਼ਿਲਾਫ਼ ਇੱਕ ਸਰਕਾਰੀ ਅਧਿਕਾਰੀ ਖ਼ਿਲਾਫ਼ ਅਪਰਾਧਿਕ ਤਾਕਤ ਵਰਤਣ ਅਤੇ ਧਮਕੀ ਦੇਣ ਅਤੇ ਹੋਰ ਸਬੰਧਿਤ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਸੀ।ਇਸੇ ਤਰਾਂ ਸਿਮਰਜੀਤ ਸਿੰਘ ਬੈਂਸ ਦੇ ਭਰਾ ਤੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਦੇ ਖ਼ਿਲਾਫ਼ 6 ਮਾਮਲੇ ਦਰਜ ਹਨ।

**ਸੁਖਬੀਰ ਸਿੰਘ ਬਾਦਲ ਖ਼ਿਲਾਫ਼ 4 ਕੇਸ**

ਸੁਖਬੀਰ ਸਿੰਘ ਬਾਦਲ ਖ਼ਿਲਾਫ਼ 4 ਮਾਮਲੇ ਦਰਜ ਹਨ, ਜੋ 2017 ਵਿਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਹੀ ਦਰਜ ਕੀਤੇ ਗਏ ਹਨ। ਪੁਲਿਸ ਅਨੁਸਾਰ ਸਾਰੇ ਮਾਮਲਿਆਂ ਵਿੱਚ ਪੁਲਿਸ ਦੀ ਜਾਂਚ ਚੱਲ ਰਹੀ ਹੈ।ਇਨਾਂ ਵਿੱਚੋਂ ਸਭ ਤੋਂ ਪੁਰਾਣਾ ਮਾਮਲਾ ਸਾਲ 2017 ਦਾ ਹੈ, ਜਦੋਂ ਪੁਲਿਸ ਨੇ ਹਰੀਕੇ ਵਿੱਚ ਸੜਕ ਜਾਮ ਕਰਨ ਅਤੇ ਟ੍ਰੈਫਿਕ 'ਚ ਅੜਿੱਕਾ ਬਣਨ ਦੇ ਇਲਜ਼ਾਮ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਪਾਰਟੀ ਦੇ ਹੋਰ ਆਗੂਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਸੀ। ਉਹ ਫ਼ਿਰੋਜ਼ਪੁਰ ਜ਼ਿਲੇ ਦੇ ਮੱਲਾਂਵਾਲਾ ਵਿਖੇ ਕਾਂਗਰਸੀ ਕਾਰਕੁਨਾਂ ਵੱਲੋਂ ਪਾਰਟੀ ਦੇ ਵਰਕਰਾਂ 'ਤੇ ਕਥਿਤ ਹਮਲੇ ਦਾ ਵਿਰੋਧ ਕਰ ਰਹੇ ਸਨ। ਇਹ ਕੇਸ ਭਾਰਤੀ ਦੰਡਾਵਲੀ ਦੀ ਧਾਰਾ 341 (ਗ਼ਲਤ ਸੰਜਮ), 283 (ਖ਼ਤਰੇ ਜਾਂ ਜਨਤਕ ਰਸਤੇ ਵਿਚ ਰੁਕਾਵਟ ਪੈਦਾ ਕਰਨ ਵਾਲੇ), 431 (ਸੜਕਾਂ ਅਤੇ ਪੁਲਾਂ ਨੂੰ ਨੁਕਸਾਨ), 188, 148 ਅਤੇ ਰਾਸ਼ਟਰੀ ਰਾਜ ਮਾਰਗ ਐਕਟ ਦੀ ਧਾਰਾ 8-ਬੀ ਅਧੀਨ ਦਰਜ ਕੀਤਾ ਗਿਆ ਸੀ। ਅਕਾਲੀ ਲੀਡਰਾਂ ਉੱਤੇ ਤੰਬੂ ਲਗਾਉਣ ਤੋਂ ਬਾਅਦ ਰਾਸ਼ਟਰੀ ਰਾਜ ਮਾਰਗ 'ਤੇ ਨਾਕਾਬੰਦੀ ਕਰਨ ਦਾ ਦੋਸ਼ ਲਗਾਇਆ ਗਿਆ ਸੀ ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਹੋਈ ਅਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ।

**'ਆਪ' ਦੇ ਖ਼ਿਲਾਫ਼ ਕਈ ਮਾਮਲੇ**

ਸਾਲ 2017 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਕੁੱਲ 20 ਵਿਧਾਇਕ ਜਿੱਤੇ ਸੀ, ਜਿਨਾਂ ਵਿੱਚੋਂ 12 ਵਿਧਾਇਕਾਂ ਦੇ ਖ਼ਿਲਾਫ਼ ਮਾਮਲੇ ਦਰਜ ਹਨ।ਇਨਾਂ ਵਿੱਚੋਂ 11 ਤਾਂ ਪਹਿਲੀ ਵਾਰ ਵਿਧਾਇਕ ਬਣੇ ਹਨ। ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਣ ਦੇ ਖ਼ਿਲਾਫ਼ ਵੀ ਮਾਮਲਾ ਦਰਜ ਹੈ।

ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਦੇ ਖ਼ਿਲਾਫ਼ 2016 ਵਿੱਚ ਪੰਜਾਬ ਪੁਲਿਸ ਨੇ ਕੇਸ ਦਰਜ ਕੀਤਾ ਸੀ ਜਿਸ ਵਿੱਚ ਇਹ ਇਲਜ਼ਾਮ ਲਗਾਇਆ ਗਿਆ ਸੀ ਕਿ ਉਨਾਂ ਨੇ ਬੱਸੀ ਪਠਾਣਾ, ਫ਼ਤਿਹਗੜ ਸਾਹਿਬ ਦੀ ਰੈਲੀ ਵਿੱਚ ਪੱਤਰਕਾਰਾਂ ਨਾਲ ਬਦਸਲੂਕੀ ਕੀਤੀ ਸੀ।

ਪੱਤਰਕਾਰਾਂ ਨੇ ਇਲਜ਼ਾਮ ਲਗਾਇਆ ਸੀ ਕਿ ਭਗਵੰਤ ਮਾਨ ਰੈਲੀ ਲਈ ਚਾਰ ਘੰਟੇ ਦੇਰੀ ਨਾਲ ਪਹੁੰਚੇ ਸਨ। ਸ਼ਿਕਾਇਤ ਵਿੱਚ ਲਿਖਿਆ ਕਿ ਉਨਾਂ ਨੇ ਕਥਿਤ ਤੌਰ 'ਤੇ ਆਪ ਵਾਲੰਟੀਅਰਾਂ ਨੂੰ ਉੱਥੇ ਮੌਜੂਦ ਮੀਡੀਆ ਵਾਲਿਆਂ ਖ਼ਿਲਾਫ਼ ਭੜਕਾਇਆ ਅਤੇ ਉਨਾਂ ਨਾਲ ਹੱਥੋਪਾਈ ਕੀਤੀ ਅਤੇ ਉਨਾਂ ਵਿਚੋਂ ਇੱਕ ਦੇ ਕੈਮਰੇ ਨੂੰ ਵੀ ਨੁਕਸਾਨ ਪਹੁੰਚਾਇਆ।

ਮਾਨ ਨੇ ਸ਼ਿਕਾਇਤ ਅਨੁਸਾਰ 'ਪੇਡ ਮੀਡੀਆ' ਸ਼ਬਦ ਵੀ ਵਰਤਿਆ ਜਿਸ ਨੇ ਪੱਤਰਕਾਰਾਂ ਦੀ ਭਾਵਨਾ ਨੂੰ ਠੇਸ ਪਹੁੰਚਾਈ। ਪੁਲਿਸ ਦੇ ਅਨੁਸਾਰ ਅਦਾਲਤ ਵਿੱਚ ਇਸ ਸਬੰਧੀ ਰਿਪੋਰਟ ਦਾਇਰ ਕੀਤੀ ਗਈ ਹੈ।

ਕੁਝ ਕਾਂਗਰਸੀ ਆਗੂ ਵੀ ਇਸ ਸੂਚੀ ਵਿੱਚ ਹਨ ਜਿਨਾਂ ਖ਼ਿਲਾਫ਼ ਮਾਮਲੇ ਦਰਜ ਹਨ। ਇਨਾਂ ਵਿੱਚ ਵਿਧਾਇਕ ਚਰਨਜੀਤ ਚੰਨੀ ਅਤੇ ਸੰਸਦ ਮੈਂਬਰ ਰਵਨੀਤ ਬਿੱਟੂ ਵੀ ਸ਼ਾਮਲ ਹਨ।ਬਿੱਟੂ ਖ਼ਿਲਾਫ਼ ਦੋ ਕੇਸ ਹਨ ਅਤੇ ਦੋਵੇਂ ਕੇਸ ਸਾਲ 2015 ਵਿੱਚ ਦਰਜ ਕੀਤੇ ਗਏ ਸਨ ਜਦੋਂ ਅਕਾਲੀ-ਭਾਜਪਾ ਸਰਕਾਰ ਸੱਤਾ ਵਿੱਚ ਸੀ।

30 ਸਤੰਬਰ, 2015 ਨੂੰ ਬਠਿੰਡਾ ਦੇ ਜਲਿਾ ਪ੍ਰਬੰਧਕੀ ਕੰਪਲੈਕਸ ਦੇ ਕੋਲ ਇੱਕ ਰੋਸ ਪ੍ਰਦਰਸਨ ਕਰਦੇ ਹੋਏ ਪੁਲਿਸ ਨਾਲ ਝਗੜਾ ਕਰਨ ਦੇ ਦੋਸ ਵਿੱਚ ਉਨਾਂ ਖਲਿਾਫ ਕੇਸ ਦਰਜ ਕੀਤਾ ਗਿਆ ਸੀ।ਉਨਾਂ ਵਿਰੁੱਧ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 353, 186, 332, 148 ਅਤੇ 149 ਦੇ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਪੰਜਾਬ ਪੁਲਿਸ ਦੇ ਹਲਫ਼ਨਾਮੇ ਅਨੁਸਾਰ ਪੁਲਿਸ ਨੇ ਦੋਵਾਂ ਮਾਮਲਿਆਂ ਵਿੱਚ 'ਅਣਟਰੇਸ ਰਿਪੋਰਟ' ਯਾਨੀ ਮਾਮਲੇ ਬੰਦ ਕਰਨ ਬਾਰੇ ਰਿਪੋਰਟ ਕੋਰਟ ਵਿਚ ਦਾਇਰ ਕੀਤੀ ਹੈ।

**ਸੰਸਦ ਮੈਂਬਰਾਂ ਤੇ ਵਿਧਾਇਕਾਂ ਦੀ ਸੂਚੀ**

ਕੁੱਲ ਮਿਲਾਕੇ 9 ਸੰਸਦ ਮੈਂਬਰਾਂ ਤੇ ਸਾਬਕਾ ਸੰਸਦ ਮੈਂਬਰਾਂ 'ਤੇ ਕੇਸ ਦਰਜ ਹਨ। ਉੱਤੇ ਲਿਖੇ ਗਏ ਆਗੂਆਂ ਤੋਂ ਇਲਾਵਾ ਇਨਾਂ ਵਿੱਚ ਸਿਮਰਨਜੀਤ ਸਿੰਘ ਮਾਨ, ਬਲਵਿੰਦਰ ਸਿੰਘ ਭੂੰਦੜ, ਧਰਮਵੀਰ ਗਾਂਧੀ ਵੀ ਹਨ।

ਉੱਪਰ ਲਿਖੇ ਗਏ ਆਗੂਆਂ ਤੋਂ ਇਲਾਵਾ ਜਿਨਾਂ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ ਉਹ ਹਨ : ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਸ਼ਰਨਜੀਤ ਸਿੰਘ ਢਿੱਲੋਂ, ਮਨਪ੍ਰੀਤ ਸਿੰਘ ਅਯਾਲ਼ੀ, ਪਵਨ ਕੁਮਾਰ ਟੀਨੂੰ, ਅਜੀਤ ਸਿੰਘ ਕੋਹਾੜ, ਗੁਰਪ੍ਰਤਾਪ ਸਿੰਘ ਵਡਾਲਾ, ਬਲਦੇਵ ਸਿੰਘ ਖਹਿਰਾ, ਕੁਲਤਾਰ ਸਿੰਘ ਸੰਧਵਾ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਜੋਗਿੰਦਰ ਪਾਲ, ਲਖਵੀਰ ਸਿੰਘ, ਬਲਵਿੰਦਰ ਸਿੰਘ ਧਾਲੀਵਾਲ, ਅਨਿਲ, ਜੋਸ਼ੀ, ਸਰਵਜੀਤ ਕੌਰ ਮਾਣੂੰਕੇ, ਸੁਖਵਿੰਦਰ ਕੁਮਾਰ ਸੁੱਖੀ, ਜੈ ਸਿੰਘ ਰਾਉੜੀ, ਮੀਤ ਹੇਅਰ, ਕੰਵਰ ਸੰਧੂ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਬਲਜਿੰਦਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਦਲਵੀਰ ਸਿੰਘ ਗੋਲਡੀ, ਦੀਦਾਰ ਸਿੰਘ ਭੱਟੀ, ਰਣਜੀਤ ਸਿੰਘ ਬ੍ਰਹਮਪੁਰਾ, ਕੰਵਲਜੀਤ ਸਿੰਘ, ਸੁਖਜੀਤ ਸਿੰਘ, ਮਾਸਟਰ ਬਲਦੇਵ ਸਿੰਘ, ਪ੍ਰਿੰਸੀਪਲ ਬੁੱਧ ਰਾਮ, ਰੁਪਿੰਦਰ ਕੌਰ ਰੂਬੀ, ਸਾਧੂ ਸਿੰਘ, ਮਲਕੀਤ ਸਿੰਘ, ਗੁਲਜ਼ਾਰ ਸਿੰਘ ਰਣੀਕੇ, ਵੀਰ ਸਿੰਘ ਲੋਪੋਕੇ, ਅਮਰਪਾਲ ਸਿੰਘ ਬੰਨੀ, ਗੁਰਇਕਬਾਲ ਕੌਰ, ਸੇਵਾ ਸਿੰਘ ਸੇਖਵਾਂ, ਦੇਸ਼ ਰਾਜ ਧੁੱਗਾ, ਗੁਰਬਚਨ ਸਿੰਘ ਬੱਬੇਹਾਲੀ, ਵਿਰਸਾ ਸਿੰਘ ਵਲਟੋਹਾ, ਹਰਮੀਤ ਸਿੰਘ ਸੰਧੂ, ਰਮਨ ਭੱਲਾ, ਮੋਹਨ ਲਾਲ, ਅਸ਼ਵਨੀ ਸ਼ਰਮਾ, ਸੋਹਣ ਸਿੰਘ ਠੰਡਲ, ਸੁਰਿੰਦਰ ਸਿੰਘ ਬੁੱਲੇਵਾਲ, ਉਪਿੰਦਰਜੀਤ ਕੌਰ, ਰਵਿੰਦਰ ਸਿੰਘ ਬ੍ਰਹਮਪੁਰਾ, ਸ਼ਿੰਗਾਰਾ ਰਾਮ, ਤਰਲੋਚਨ ਸਿੰਘ, ਸੁਰਜੀਤ ਸਿੰਘ ਰੱਖੜਾ, ਪ੍ਰਕਾਸ਼ ਸਿੰਘ ਗਰਗ, ਇਕਬਾਲ ਸਿੰਘ ਝੂੰਦਾ, ਧਨਵੰਤ ਸਿੰਘ, ਸੁਰਿੰਦਰ ਸਿੰਘ, ਜਸਟਿਸ ਨਿਰਮਲ ਸਿੰਘ, ਪ੍ਰਕਾਸ਼ ਸਿੰਘ, ਮੰਤਰ ਸਿੰਘ ਬਰਾੜ, ਹਰੀ ਸਿੰਘ ਜ਼ੀਰਾ, ਮਹੇਸ਼ਇੰਦਰ ਸਿੰਘ, ਜਗਮੀਤ ਸਿੰਘ ਸੰਧੂ, ਮਨਜੀਤ ਸਿੰਘ ਮੰਨਾ, ਹਰਪ੍ਰੀਤ ਸਿੰਘ, ਜੋਗਿੰਦਰ ਸਿੰਘ ਜਿੰਦੂ, ਸੁਖਪਾਲ ਸਿੰਘ ਨੰਨੂ, ਤੋਤਾ ਸਿੰਘ, ਸੀਤਾ ਰਾਮ ਕਲੇਰ, ਜੀਤ ਮਹਿੰਦਰ ਸਿੰਘ, ਅਜੀਤ ਇੰਦਰ ਸਿੰਘ ਮੋਫਰ, ਸਰੂਪ ਚੰਦ ਸਿੰਗਲਾ, ਦਰਸ਼ਨ ਸਿੰਘ, ਸੁਖਵਿੰਦਰ ਸਿੰਘ ਔਲਖ , ਜਸਦੀਪ ਸਿੰਘ, ਜਸਬੀਰ ਸਿੰਘ ਗਿੱਲ, ਇੰਦਰਬੀਰ ਸਿੰਘ ਬੁਲਾਰੀਆ, ਰਣਜੀਤ ਸਿੰਘ ਛੱਜਲਵੱਡੀ, ਦਰਸ਼ਨ ਸਿੰਘ ਸ਼ਿਵਾਲਿਕ, ਰਣਜੀਤ ਸਿੰਘ ਢਿੱਲੋਂ ਅਤੇ ਸਰਬਜੀਤ ਸਿੰਘ ਮੱਕੜ ।

**ਕੀ ਹਨ ਕੇਸ ?**

ਇੱਕ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮਗਰੋਂ ਕੇਸ ਦਰਜ ਕਰਨ ਤੋਂ ਬਾਅਦ ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ ਵਿੱਚ ਵਿਚਾਰ ਅਧੀਨ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਮਾਮਲਿਆਂ ਵਿੱਚ ਹੋਈ ਸਟੇਟਸ ਰਿਪੋਰਟ 'ਤੇ ਨਜ਼ਰ ਰੱਖ ਰਹੀ ਹੈ।

ਡਾਇਰੈਕਟਰ, ਬਿਊਰੋ ਆਫ਼ ਇਨਵੈਸਟੀਗੇਸ਼ਨ, ਪੰਜਾਬ ਨੇ ਵੱਖ-ਵੱਖ ਜ਼ਿਲਿਆਂ ਦੇ ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟਾਂ ਤੋਂ ਮਿਲੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਇਹ ਅੰਕੜੇ ਤਿਆਰ ਕੀਤੇ ਹਨ।

---

### ਮਾਮਲਾ ਖਾਲਿਸਤਾਨੀ ਉਪਰ ਬੇਅਦਬੀਆਂ ਦੇ ਦੋਸ਼ੀਆਂ ਤੋਂ ਬਦਲਾ ਲੈਣ ਦੀ ਸਾਜਿਸ਼ ਰਚਨ ਦਾ

# ਐਨ.ਆਈ.ਏ. ਨੇ ਕੈਨੇਡਾ ਰਹਿੰਦੇ ਗੈਂਗਸਟਰ ਅਰਸ਼ ਡਾਲਾ ਦੇ ਪਿਤਾ ਨੂੰ ਕੀਤਾ ਗ੍ਰਿਫ਼ਤਾਰ

**ਅਜੀਤਵਾਲ/ਏ.ਟੀ.ਨਿਊਜ਼ :** ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਕੈਨੇਡਾ ਰਹਿੰਦੇ ਗੈਂਗਸਟਰ ਅਰਸ਼ ਡਾਲਾ ਦੇ ਪਿਤਾ ਨੂੰ ਜਗਰਾਉਂ ਤੋਂ ਹਿਰਾਸਤ ਵਿਚ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ । 21 ਮਈ ਨੂੰ ਪੁਲਿਸ ਨੇ 2 ਖਾਲਿਸਤਾਨੀ ਪੱਖੀਆਂ ਨੂੰ ਬੇਅਦਬੀਆਂ ਦਾ ਬਦਲਾ ਲੈਣ ਦੀ ਸਾਜਿਸ਼ ਰਚਣ ਅਤੇ ਡਰਾ ਧਮਕਾ ਕੇ ਫਿਰੌਤੀਆਂ ਲੈਣ ਵਾਲਿਆਂ ਨੂੰ ਕਾਬੂ ਕੀਤਾ ਸੀ। 30 ਮਈ ਨੂੰ ਇਨਾਂ ਦੇ ਇਕ ਹੋਰ ਸਾਥੀ ਨੂੰ ਕਾਬੂ ਕੀਤਾ ਸੀ। ਮਹਿਣਾ ਥਾਣਾ (ਮੋਗਾ) ਵਿਚ 6 ਜਾਣਿਆਂ ਲਵਪ੍ਰੀਤ ਸਿੰਘ ਲਵੀ ਵਾਸੀ ਡਾਲਾ, ਰਾਮ ਸਿੰਘ ਸੋਨੂੰ ਵਾਸੀ ਘੱਲ ਕਲਾਂ, ਕਮਲਜੀਤ ਸ਼ਰਮਾ ਵਾਸੀ ਡਾਲਾ ਅਤੇ ਤਿੰਨ ਕੈਨੇਡਾ ਰਹਿੰਦੇ ਅਰਸ਼ਦੀਪ ਡਾਲਾ, ਰਮਨਦੀਪ ਸਿੰਘ ਵਾਸੀ ਫ਼ਿਰੋਜਪੁਰ, ਚਰਨਜੀਤ ਰਿੰਕੂ ਵਾਸੀ ਬੀਹਲਾ 'ਤੇ ਮੁਕੱਦਮਾ ਦਰਜ ਹੋਇਆ ਸੀ। ਇਹ ਤਿੰਨੇ ਕੈਨੇਡਾ ਰਹਿੰਦੇ ਖ਼ਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੇ ਸਹਿ ਸਾਜ਼ਿਸ਼ ਕਰਤਾ ਸਨ। ਪੁਲਿਸ ਉਸ ਸਮੇਂ ਤੋਂ ਹੀ ਅਰਸ਼ਦੀਪ ਸਿੰਘ ਦੇ ਪਿਤਾ ਚਰਨਜੀਤ ਸਿੰਘ ਡਾਲਾ ਦੀ ਭਾਲ ਕਰ ਰਹੀ ਸੀ । ਸੂਤਰਾਂ ਅਨੁਸਾਰ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਡੇਰਾ ਪ੍ਰੇਮੀ ਮਨੋਹਰ ਲਾਲ ਦੀ ਹੱਤਿਆ, ਜਲੰਧਰ ਨੇੜੇ ਪੁਜਾਰੀ 'ਤੇ ਕਾਤਲਾਨਾ ਹਮਲਾ ਅਤੇ ਆਪਣੇ ਸਾਥੀ ਗੈਂਗਸਟਰ ਸੁੱਖਾ ਲੰਮੇ ਦਾ ਕਤਲ, ਮੋਗਾ ਸੁਪਰ ਸਾਈਨ ਦਾ ਫਿਰੌਤੀ ਪਿੱਛੇ ਕੀਤਾ ਕਤਲ ਦੀ ਸਾਰੀ ਜਾਣਕਾਰੀ ਸੀ, ਪਿੰਡ ਵਿਚ ਇਹ ਵੱਡਾ ਰੌਲਾ ਪਿਆ ਹੋਇਆ ਸੀ ਕਿ 21 ਮਈ ਵਾਲੇ ਦਿਨ ਜਦ ਦੋ ਜਾਣਿਆਂ ਨੂੰ ਡਾਲਾ ਪਿੰਡ ਲਾਗਿਓਂ ਗ੍ਰਿਫ਼ਤਾਰ ਕੀਤਾ ਸੀ ਤਾਂ ਅਰਸ਼ ਦਾ ਪਿਤਾ ਚਰਨਜੀਤ ਸਿੰਘ ਕਾਲਾ ਬੈਗ ਕਮਲ ਸ਼ਰਮਾ ਦੇ ਘਰੋਂ ਲੈ ਕੇ ਭੱਜਿਆ ਸੀ, ਜੋ ਅਜੇ ਭੇਤ ਬਣਿਆ ਹੋਇਆ ਹੈ ਕਿ ਅਸਲਾ, ਨਸ਼ਾ ਜਾਂ ਫਿਰੌਤੀ ਦੀ ਰਕਮ ਸੀ ।ਪਤਾ ਲੱਗਿਆ ਹੈ ਇਸ ਕੇਸ ਦੀ ਜਾਂਚ ਹੁਣ 15 ਜੂਨ ਨੂੰ ਐਨ.ਆਈ.ਏ. ਨੂੰ ਸੌਂਪ ਦਿੱਤੀ ਗਈ ਸੀ। ਇਸ ਟੀਮ ਨੇ ਮੋਗਾ ਪੁਲਿਸ ਦੀ ਸਹਾਇਤਾ ਨਾਲ ਕਾਬੂ ਕਰਨ ਸਮੇਂ ਭੱਜਣ ਲੱਗੇ ਜ਼ਖਮੀ ਹੋਏ ਚਰਨਜੀਤ ਨੂੰ ਕਾਬੂ ਕਰਕੇ ਹਸਪਤਾਲ ਭਰਤੀ ਕਰਵਾਇਆ ਗਿਆ ਹੈ । ਪੁਲਿਸ ਦੇ ਇਕ ਉਚ ਅਧਿਕਾਰੀ ਨੇ ਇਸ ਨੂੰ ਹਿਰਾਸਤ ਵਿਚ ਲਏ ਜਾਣ ਦੀ ਪੁਸ਼ਟੀ ਕੀਤੀ ਹੈ ਅਤੇ ਇਸ ਨੂੰ ਖਾਲਿਸਤਾਨੀ ਪੱਖੀ ਸਹਾਇਤਾ ਕਰਨ ਦੇ ਮਾਮਲੇ ਵਿਚ ਦਰਜ ਕਰਕੇ ਅਗਲੇਰੀ ਪੁੱਛ ਗਿੱਛ ਹੋਵੇਗੀ।



# ਕੇਜਰੀਵਾਲ ਵਲੋਂ ਦਾਅਵਾ : ਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਹੋਵੇਗਾ ਸਿੱਖ

## ✪ ਕੁੰਵਰ ਵਿਜੈ ਪ੍ਰਤਾਪ ਸਿੰਘ ਪਾਰਟੀ 'ਚ ਸ਼ਾਮਲ ✪ 'ਆਪ' 'ਚ ਸ਼ਾਮਲ ਹੋਣ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਨੇ ਕਹੀਆਂ ਵੱਡੀਆਂ ਗੱਲਾਂ ✪ ਅਸਤੀਫ਼ੇ 'ਤੇ ਵੀ ਕੀਤਾ ਖ਼ੁਲਾਸਾ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਕਿਸੇ ਸਿੱਖ ਸ਼ਖ਼ਸੀਅਤ ਨੂੰ ਹੀ ਉਮੀਦਵਾਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿਚ 'ਆਪ' ਦੀ ਸਰਕਾਰ ਬਣਨ ਮਗਰੋਂ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਕਚਹਿਰੀ ਵਿੱਚ ਖੜਾ ਕਰਕੇ ਸੂਬੇ ਦੇ ਲੋਕਾਂ ਨੂੰ ਇਨਸਾਫ ਦਿੱਤਾ ਜਾਵੇਗਾ। ਉਨ੍ਹਾਂ ਸਾਬਕਾ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ 'ਆਪ' ਵਿੱਚ ਰਸਮੀ ਤੌਰ 'ਤੇ ਸ਼ਾਮਲ ਕਰਦਿਆਂ 'ਜੀ ਆਇਆਂ' ਆਖਿਆ।

ਇੱਥੇ ਸਰਕਟ ਹਾਊਸ 'ਚ ਸੰਖੇਪ ਸਮਾਗਮ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਵਾਅਦਾ ਕੀਤਾ ਕਿ 2022 'ਚ ਪੰਜਾਬ 'ਚ ਆਪ ਪਾਰਟੀ ਦੀ ਸਰਕਾਰ ਬਣਨ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਸਾਜ਼ਿਸ਼ਘਾੜਿਆਂ ਤੇ ਦੋਸ਼ੀਆਂ ਨੂੰ ਸਜਾਵਾਂ ਦਿਵਾ ਕੇ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਦਿੱਤਾ ਜਾਵੇਗਾ। ਮੀਡੀਆ ਵੱਲੋਂ ਕੀਤੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਸਪੱਸ਼ਟ ਕੀਤਾ ਕਿ ਵਿਧਾਨ ਸਭਾ ਚੋਣਾਂ ਵੇਲੇ 'ਆਪ' ਵੱਲੋਂ ਸੂਬੇ ਦੇ ਮੁੱਖ ਮੰਤਰੀ ਲਈ ਆਪਣਾ ਉਮੀਦਵਾਰ ਸਿੱਖ ਭਾਈਚਾਰੇ ਵਿੱਚੋਂ ਹੀ ਬਣਾਇਆ ਜਾਵੇਗਾ ਅਤੇ ਇਹ ਪੰਜਾਬ ਦਾ ਵਾਸੀ ਹੋਵੇਗਾ ।





ਇਸ ਮੌਕੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਤੇ ਬੇਅਦਬੀ ਮਾਮਲੇ 'ਚ ਬਰਖਾਸਤ ਕੀਤੀ ਗਈ ਪੁਰਾਣੀ ਐੱਸ. ਆਈ. ਟੀ. ਦੇ ਮੁਖੀ ਅਤੇ ਸਾਬਕਾ ਆਈ. ਜੀ. ਕੁੰਵਰ ਵਿਜੇ ਪ੍ਰਤਾਪ ਨੇ ਕਿਹਾ ਕਿ ਦੇਸ਼ ਨੂੰ ਅਜ਼ਾਦ ਹੋਇਆਂ 70 ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਦੇਸ਼ ਵਿਚ ਮੁਢਲੇ 15-20 ਸਾਲ ਤੱਕ ਵਧੀਆ ਸਿਆਸਤ ਹੋਈ ਪਰ ਉਸ ਤੋਂ ਬਾਅਦ ਡਾਕੂ ਲੁਟੇਰਿਆਂ ਦਾ ਰਾਜ ਹੋ ਗਿਆ। ਖਾਸ ਕਰਕੇ ਪੰਜਾਬ ਵਿਚ ਇਹ ਚੋਟੀ 'ਤੇ ਪਹੁੰਚ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੀ ਧਰਤੀ 'ਤੇ ਬੇਅਦਬੀ ਵਰਗੇ ਗੰਭੀਰ ਮਸਲੇ 'ਤੇ ਇਨਸਾਫ਼ ਨਹੀਂ ਮਿਲ ਸਕਿਆ ਤਾਂ ਆਮ ਆਦਮੀ ਦੀ ਹਾਲਤ ਕੀ ਹੋਵੇਗੀ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਕੁੰਵਰ ਵਿਜੇ ਪ੍ਰਤਾਪ ਨੇ ਕਿਹਾ ਕਿ ਉਨ੍ਹਾਂ ਅਸਤੀਫ਼ਾ ਇਸ ਕਰਕੇ ਦਿੱਤਾ ਕਿਉਂਕਿ ਉਨ੍ਹਾਂ ਇਸ ਮਾਮਲੇ 'ਤੇ ਢਾਈ ਸਾਲ ਮਿਹਨਤ ਕੀਤੀ ਅਤੇ ਰਿਪੋਰਟ ਫਰੀਦਕੋਟ ਦੀ ਅਦਾਲਤ ਵਿਚ ਪਈ ਸੀ ਜਦਕਿ ਫ਼ੈਸਲਾ ਹਾਈਕੋਰਟ ਵਿਚੋਂ ਆਇਆ। ਸਾਡੇ ਸਰਕਾਰੀ ਵਕੀਲ ਨੇ ਇਹ ਵੀ ਨਹੀਂ ਕਿਹਾ ਕਿ ਬੇਅਦਬੀ ਦੀ ਰਿਪੋਰਟ ਫਰੀਦਕੋਟ ਅਦਾਲਤ ਵਿਚ ਪਈ ਹੈ ਅਤੇ ਉਸ ਰਿਪੋਰਟ ਨੂੰ ਪੜਨ ਤੋਂ ਬਾਅਦ ਕੋਈ ਫ਼ੈਸਲਾ ਲਵੋ। ਜਿਸ ਦਿਨ ਹੁਕਮ ਆਉਣਾ ਸੀ ਉਹ ਮਹੱਤਵਪੂਰਨ ਦਿਨ ਸੀ ਅਤੇ ਉਸੇ ਦਿਨ ਐਡਵੋਕੇਟ ਜਨਰਲ ਬਿਮਾਰ ਹੋ ਗਏ। ਕੁੰਵਰ ਵਿਜੇ ਪ੍ਰਤਾਪ ਨੇ ਕਿਹਾ ਕਿ ਅਸੀਂ ਇਕ ਨਵੀਂ ਸਿਆਸਤ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ, ਉਹ ਰਾਜਨੀਤੀ ਨਹੀਂ ਜਿਹੜੀ ਲੋਕ ਦੇਖਦੇ ਹਨ, ਅਸੀਂ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਵਾਂਗੇ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਕੇਜਰੀਵਾਲ ਸਰਕਾਰ ਨੇ ਬਿਹਤਰੀਨ ਕੰਮ ਕੀਤਾ ਹੈ। ਆਮ ਆਦਮੀ ਪਾਰਟੀ ਦਾ ਇਕੋ ਟੀਚਾ ਹੈ ਲੋਕ ਆਪਣੀ ਤਾਕਤ ਆਪ ਵਰਤਣ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਹਰ ਤਰ੍ਹਾਂ ਦਾ ਮਾਫੀਆ ਚੱਲ ਰਿਹਾ ਹੈ, ਜਿਸ ਦਾ ਕਦੇ ਨਾਂ ਵੀ ਨਹੀਂ ਸੁਣਿਆ ਸੀ, ਅੱਜ ਪੰਜਾਬ ਉਹ ਮਾਫੀਆ ਰਾਜ ਕਰ ਰਿਹਾ ਹੈ।

**ਲਕਸ਼ਮੀ ਕਾਂਤਾ ਚਾਵਲਾ ਵੀ ਦੁਰਗਿਆਨਾ ਮੰਦਰ ਪੁੱਜੇ**

ਅਰਵਿੰਦ ਕੇਜਰੀਵਾਲ ਦੁਰਗਿਆਨਾ ਮੰਦਰ ਵੀ ਮੱਥਾ ਟੇਕਣ ਵਾਸਤੇ ਗਏ। ਇਸ ਦੌਰਾਨ ਉੱਥੇ ਭਾਜਪਾ ਆਗੂ ਲਕਸ਼ਮੀ ਕਾਂਤਾ ਚਾਵਲਾ ਵੀ ਪੁੱਜੇ ਹੋਏ ਸਨ। ਮੰਦਰ ਕਮੇਟੀ ਦੇ ਪ੍ਰਧਾਨ ਰਮੇਸ਼ ਕੁਮਾਰ ਨੇ ਆਖਿਆ ਕਿ ਪ੍ਰੋ. ਚਾਵਲਾ ਮੰਦਰ ਕਮੇਟੀ ਦੀ ਸਰਪ੍ਰਸਤ ਵੀ ਹਨ। ਇੱਥੇ ਦੱਸਣਯੋਗ ਹੈ ਕਿ ਪ੍ਰੋ. ਚਾਵਲਾ ਪਹਿਲਾਂ ਵੀ ਪਿਛਲੇ ਦੌਰੇ ਸਮੇਂ ਸਰਕਟ ਹਾਊਸ ਵਿੱਚ ਸ੍ਰੀ ਕੇਜਰੀਵਾਲ ਨੂੰ ਮਿਲ ਚੁੱਕੇ ਹਨ।

**ਯੂਥ ਕਾਂਗਰਸ ਵੱਲੋਂ ਕੇਜਰੀਵਾਲ ਦੀ ਫੇਰੀ ਦਾ ਵਿਰੋਧ**

ਯੂਥ ਕਾਂਗਰਸ ਦੇ ਕਾਰਕੁਨਾਂ ਨੇ ਕੇਜਰੀਵਾਲ ਦੀ ਆਮਦ ਦਾ ਵਿਰੋਧ ਕੀਤਾ। ਸ੍ਰੀ ਕੇਜਰੀਵਾਲ ਦੀ ਆਮਦ 'ਤੇ ਯੂਥ ਕਾਂਗਰਸ ਨੇ ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਵਿਰੋਧ ਦਰਸਾਉਂਦੇ ਹੋਰਡਿੰਗ ਲਾਏ। ਉਨ੍ਹਾਂ ਸਰਕਟ ਹਾਊਸ ਨੇੜੇ ਕੇਜਰੀਵਾਲ ਦਾ ਕਾਫਲਾ ਆਉਣ 'ਤੇ ਨਾਅਰੇਬਾਜ਼ੀ ਕੀਤੀ ਅਤੇ ਕਾਲੇ ਝੰਡੇ ਵੀ ਦਿਖਾਏ। ਪ੍ਰਦਰਸ਼ਨਕਾਰੀ 'ਕੇਜਰੀਵਾਲ ਵਾਪਸ ਜਾਓ' ਦੇ ਨਾਅਰੇ ਲਾ ਰਹੇ ਸਨ। ਸਾਡੇ ਪੱਤਰਕਾਰਾਂ ਅਨੁਸਾਰ ਆਪ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਸਿੱਖ ਮੁੱਖ ਮੰਤਰੀ ਉਮੀਦਵਾਰ ਦਾ ਨਾਹਰਾ ਦੇ ਕੇ ਚੋਣ ਖੇਡ ਦਾ ਅਗਾਜ ਕਰ ਦਿੱਤਾ ਹੈ। ਹਾਲ ਦੀ ਘੜੀ ਕਾਂਗਰਸ, ਅਕਾਲੀ ਬਸਪਾ ਗਠਜੋੜ ਤੇ ਆਪ ਦਾ ਭੇੜ ਚੋਣਾਂ ਤੋਂ ਪਹਿਲਾਂ ਹੋ ਰਿਹਾ। ਕਨਸੋਆਂ ਮਿਲੀਆਂ ਹਨ ਕਿ ਅਕਾਲੀ ਦਲ ਡੈਮੋਕ੍ਰੇਟਿਕ ਢੀਂਡਸਾ ਦਾ ਗਠਜੋੜ ਆਪ ਨਾਲ ਹੋਵੇਗਾ। ਪਤਾ ਲਗਾ ਹੈ ਕਿ ਢੀਂਡਸਾ ਆਪਣੇ ਆਪ ਨੂੰ ਮੁੱਖ ਮੰਤਰੀ ਉਮੀਦਵਾਰ ਵਜੋਂ ਉਭਾਰਨ ਦੇ ਇਛੁਕ ਹਨ। ਪਰ ਆਪ ਪ੍ਰਗਟ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਵਿਚ ਹੈ।

# ਸਿੱਧੂ ਤੇ ਹੋਰਾਂ ਦੇ ਬਾਗੀ ਸੁਰਾਂ ਕਰਕੇ ਕੈਪਟਨ ਔਖੇ

## ✪ ਕੈਪਟਨ ਲਈ ਬੇਅਦਬੀ ਦਾ ਮੁੱਦਾ ਵਡੀ ਚੁਣੌਤੀ ✪ ਹੁਣ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੇ ਫ਼ੈਸਲੇ ਕਾਰਨ ਚਰਚਾ ਵਿਚ ਕੈਪਟਨ

**ਜਲੰਧਰ/ਏ.ਟੀ.ਨਿਊਜ਼ :** ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੂੰ ਕੁਝ ਮਹੀਨੇ ਹੀ ਬਾਕੀ ਰਹਿ ਗਏ ਹਨ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਕਰਨ ਦੇ ਤਰੀਕੇ ਉੱਤੇ ਵਿਰੋਧੀ ਧਿਰ ਦੇ ਨਾਲ ਉਹ ਆਪਣੀ ਹੀ ਪਾਰਟੀ ਦੇ ਮੰਤਰੀ ਅਤੇ ਵਿਧਾਇਕਾਂ ਦੇ ਸਵਾਲਾਂ ਵਿੱਚ ਘਿਰੇ ਹੋਏ ਹਨ। ਬੇਅਦਬੀ ਸਮੇਤ ਕਈ ਹੋਰ ਮੁੱਦਿਆਂ ਉੱਤੇ ਕਾਰਵਾਈ ਨਾ ਹੋਣ ਕਰਕੇ ਕਾਂਗਰਸ ਵਿਧਾਇਕ ਨਵਜੋਤ ਸਿੱਧੂ ਪਹਿਲਾਂ ਹੀ ਕੈਪਟਨ ਉੱਤੇ ਸਵਾਲ ਚੁੱਕ ਰਹੇ ਹਨ।

ਨਵਜੋਤ ਸਿੰਘ ਸਿੱਧੂ ਨੇ ਇੱਕ ਚੈਨਲ ਨਾਲ ਗੱਲ ਕਰਦਿਆਂ ਕਿਹਾ, 'ਸਭ ਕੁਝ ਹਾਈ ਕਮਾਂਡ ਤੈਅ ਕਰੇਗੀ ਤਾਂ ਕੈਪਟਨ ਕੌਣ ਹੁੰਦੇ ਹਨ ਫ਼ੈਸਲੇ ਦੇਣ ਵਾਲੇ। ਹੁਣ ਰਾਜ ਤੰਤਰ ਨਹੀਂ ਬਲਕਿ ਲੋਕਤੰਤਰ ਹੈ।'

ਪਤਾ ਲਗਿਆ ਹੈ ਕਿ ਸਿੱਧੂ ਤੋਂ ਬਾਅਦ ਕੁਝ ਕਾਂਗਰਸੀ ਮੰਤਰੀਆਂ ਨੇ ਕੈਪਟਨ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਹੈ।ਪੰਜਾਬ ਕਾਂਗਰਸ ਦੇ ਆਪਸੀ ਝਗੜੇ ਨੂੰ ਖ਼ਤਮ ਕਰਨ ਲਈ ਹਾਈ ਕਮਾਨ ਨੇ ਪਹਿਲਾਂ ਹੀ ਤਿੰਨ ਮੈਂਬਰੀ ਕਮੇਟੀ ਬਣਾਈ ਹੋਈ ਹੈ ਅਤੇ ਰਾਹੁਲ ਗਾਂਧੀ ਖ਼ੁਦ ਇਕੱਲੇ-ਇਕੱਲੇ ਵਿਧਾਇਕ ਅਤੇ ਸੰਸਦ ਮੈਂਬਰਾਂ ਦੀ ਰਾਇ ਜਾਣ ਰਹੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਕਾਂਗਰਸ ਵਿੱਚ ਕਾਫ਼ੀ ਕੁਝ ਉਲਟ ਫੇਰ ਹੋ ਸਕਦਾ ਹੈ। ਬੇਅਦਬੀ ਦੇ ਮਸਲੇ ਉੱਤੇ ਉਚਿੱਤ ਕਰਵਾਈ ਨਾ ਕੀਤੇ ਜਾਣ ਤੋਂ ਬਾਅਦ ਕੈਪਟਨ ਹੁਣ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੇ ਫ਼ੈਸਲੇ ਕਾਰਨ ਚਰਚਾ ਵਿਚ ਹਨ।ਇਸ ਵਿਚ ਵਿਰੋਧੀ ਧਿਰ ਦੇ ਨਾਲ-ਨਾਲ ਕੈਪਟਨ ਦੇ ਵਜ਼ਾਰਤ ਦੇ ਮੰਤਰੀ ਅਤੇ ਵਿਧਾਇਕ ਮੀਡੀਆ ਵਿਚ ਆ ਕੇ ਸਰਕਾਰ ਦੇ ਫ਼ੈਸਲੇ ਉੱਤੇ ਸਵਾਲ ਚੁੱਕ ਰਹੇ ਹਨ।

ਕੀ ਹੈ ਪੂਰਾ ਮਾਮਲਾ ?

ਅਸਲ ਵਿਚ ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਕੈਬਨਿਟ ਦੀ ਹੋਈ ਮੀਟਿੰਗ ਵਿੱਚ ਸੂਬੇ ਦੇ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਮਤਾ ਪਾਸ ਕਰ ਦਿੱਤਾ। ਕੈਬਨਿਟ ਨੇ ਇਹ ਨੌਕਰੀ ਤਰਸ ਦੇ ਆਧਾਰ ਉੱਤੇ ਦੇਣ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਦੋਵਾਂ ਵਿਧਾਇਕਾਂ ਦੇ ਪੁੱਤਰਾਂ ਦੇ ਦਾਦੇ ਪੰਜਾਬ ਵਿੱਚ ਖਾੜਕੂਵਾਦ ਲਹਿਰ ਦੌਰਾਨ ਮਾਰੇ ਗਏ ਸਨ।

ਸੀਨੀਅਰ ਕਾਂਗਰਸੀ ਆਗੂ ਰਾਕੇਸ਼ ਪਾਂਡੇ ਦੇ ਪੁੱਤਰ ਨੂੰ ਨਾਇਬ ਤਹਿਸੀਲਦਾਰ ਅਤੇ ਵਿਧਾਇਕ ਫ਼ਤਿਹ ਜੰਗ ਸਿੰਘ ਬਾਜਵਾ ਦੇ ਪੁੱਤਰ ਨੂੰ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਨਿਯੁਕਤ ਕੀਤਾ ਗਿਆ ਹੈ।

ਇਸੇ ਗੱਲ ਨੂੰ ਲੈ ਕੇ ਪੰਜਾਬ ਵਿੱਚ ਸਿਆਸੀ ਭੂਚਾਲ ਆਇਆ ਹੋਇਆ ਹੈ ਜਿਸ ਵਿੱਚ ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਕਾਂਗਰਸ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਵੀ ਸਵਾਲ ਚੁੱਕ ਰਹੇ ਹਨ। ਪਰਗਟ ਸਿੰਘ, ਕੁਲਬੀਰ ਸਿੰਘ ਜ਼ੀਰਾ, ਬੀਰਇੰਦਰ ਸਿੰਘ ਢਿੱਲੋਂ, ਰਾਜਾ ਵੜਿੰਗ ਸਮੇਤ ਕਈ ਹੋਰ ਕਾਂਗਰਸ ਆਗੂ ਸਵਾਲ ਚੁੱਕ ਰਹੇ ਹਨ।

ਵਿਧਾਇਕ ਪਰਗਟ ਸਿੰਘ ਨੇ ਪ੍ਰੈਸ ਕਾਨਫ਼ਰੰਸ ਕਰ ਕੇ ਆਖਿਆ ਹੈ ਕਿ ਸਰਕਾਰ ਨੂੰ ਇਹ ਫ਼ੈਸਲਾ ਵਾਪਸ ਲੈਣਾ ਚਾਹੀਦਾ ਹੈ।

ਕਾਂਗਰਸੀ ਕੁਲਬੀਰ ਸਿੰਘ ਜ਼ੀਰਾ ਨੇ ਆਪਣੇ ਫੇਸਬੁਕ ਪੇਜ ਉੱਤੇ ਲਾਈਵ ਹੋ ਕੇ ਆਖਿਆ, 'ਮੈਂ ਦੋ ਕਰੋੜਪਤੀ ਕਾਂਗਰਸੀ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੇ ਕੈਬਨਿਟ ਦੇ ਫ਼ੈਸਲਾ ਦਾ ਵਿਰੋਧ ਕਰਦਾ ਹਾਂ।'

ਕਾਂਗਰਸੀ ਆਗੂਆਂ ਦੀ ਦਲੀਲ ਹੈ ਕਿ ਸਰਕਾਰ ਜ਼ਰੂਰਤਮੰਦਾਂ ਨੂੰ ਨੌਕਰੀ ਦੇਵੇ ਨਾ ਕਿ ਕਾਂਗਰਸੀ ਵਿਧਾਇਕਾਂ ਦੇ ਸਕੇ ਸਬੰਧੀਆਂ ਨੂੰ।

ਇਨਾਂ ਨੌਕਰੀਆਂ ਉੱਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਨੇ ਦਲੀਲ ਦਿੰਦਿਆਂ ਕੈਬਨਿਟ ਦੇ ਫ਼ੈਸਲੇ ਨੂੰ ਸਹੀ ਕਰਾਰ ਦਿੱਤਾ ਹੈ। ਕੈਪਟਨ ਦੀ ਦਲੀਲ ਹੈ ਕਿ ਇਨਾਂ ਪਰਿਵਾਰਾਂ ਨੇ ਪੰਜਾਬ ਦੇ ਲਈ ਕੁਰਬਾਨੀ ਦਿੱਤੀ ਹੈ ਅਤੇ ਖਾੜਕੂਵਾਦ ਦੇ ਦੌਰ ਵਿੱਚ ਇਨਾਂ ਦੇ ਪਰਿਵਾਰਾਂ ਨੇ ਆਪਣੇ ਲੋਕਾਂ ਨੂੰ ਗਵਾਇਆ ਹੈ।

ਪਰਗਟ ਸਿੰਘ ਨੇ ਕਿਹਾ, ਮੈਨੂੰ ਕੈਪਟਨ ਸਰਕਾਰ ਦਾ 'ਤਰਸ ਦਾ ਅਧਾਰ' ਸਮਝ ਨਹੀਂ ਆ ਰਿਹਾ ਹੈ।ਉਨਾਂ ਕਿਹਾ ਕਿ ਨੀਤੀ ਦੇ ਹਿਸਾਬ ਨਾਲ ਹੀ ਇਨਾਂ ਲੋਕਾਂ ਨੂੰ ਨੌਕਰੀ ਦਿੱਤੀ ਗਈ ਹੈ। ਕੈਪਟਨ ਵੱਲੋਂ ਦਿੱਤੀ ਸਫ਼ਾਈ ਦੇਣ ਦੇ ਬਾਵਜੂਦ ਪਾਰਟੀ ਦੇ ਵਿਧਾਇਕਾਂ ਦੀ ਬਿਆਨਬਾਜ਼ੀ ਇਸ ਮੁੱਦੇ ਉੱਤੇ ਰੁਕ ਨਹੀਂ ਰਹੀ।

ਇਸੇ ਕਰਕੇ 20 ਜੂਨ ਨੂੰ ਪੰਜਾਬ ਸਰਕਾਰ ਵੱਲੋਂ ਇੱਕ ਹੋਰ ਪ੍ਰੈਸ ਨੋਟ ਜਾਰੀ ਕੀਤਾ ਗਿਆ ਜਿਸ ਵਿੱਚ ਕਾਂਗਰਸੀ ਆਗੂਆਂ ਨੇ ਕੈਬਨਿਟ ਵੱਲੋਂ ਫ਼ਤਿਹ ਜੰਗ ਸਿੰਘ ਬਾਜਵਾ ਅਤੇ ਰਾਕੇਸ਼ ਪਾਂਡੇ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੇ ਫ਼ੈਸਲੇ ਦਾ ਸਮਰਥਨ ਕੀਤਾ ।

ਰਵਨੀਤ ਸਿੰਘ ਬਿੱਟੂ, ਜਸਬੀਰ ਸਿੰਘ ਡਿੰਪਾ ਅਤੇ ਸਣੇ ਕਈ ਆਗੂਆਂ ਨੇ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦੇ



ਫ਼ੈਸਲੇ ਨੂੰ ਸਹੀ ਕਰਾਰ ਦਿੱਤਾ।

ਵਿਰੋਧੀਆਂ ਨੇ ਘੇਰੀ ਪੰਜਾਬ ਸਰਕਾਰ

ਇਸ ਪੂਰੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਆਪ ਪਾਰਟੀ ਨੇ ਕਾਂਗਰਸ ਸਰਕਾਰ ਨੂੰ ਘੇਰਿਆ ਹੋਇਆ ਹੈ। ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਗਵਰਨਰ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਮੰਗ ਕੀਤੀ ਹੈ। ਮਜੀਠੀਆ ਮੁਤਾਬਕ ਇਹ ਸਰਕਾਰੀ ਖ਼ਜ਼ਾਨੇ ਦੀ ਲੁੱਟ ਹੈ ।

ਭਾਜਪਾ ਦੇ ਕੌਮੀ ਮਹਾਂ ਸਕੱਤਰ ਤਰੁਣ ਚੁੱਘ ਨੇ ਕਿਹਾ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਸਰਕਾਰੀ ਨੌਕਰੀ ਦੇਣੀ ਸੀ ਤਾਂ ਉਨ੍ਹਾਂ 35,000 ਪਰਿਵਾਰਾਂ ਦੇ ਬੱਚਿਆਂ ਨੂੰ ਨੌਕਰੀ ਦੇਵੇ ਜਿਨਾਂ ਨੇ ਖਾੜਕੂਵਾਦ ਦੇ ਦੌਰ ਵਿੱਚ ਆਪਣੀਆਂ ਜਾਨਾਂ ਦਿੱਤੀਆਂ।

ਬੇਅਦਬੀ ਦਾ ਮਸਲਾ

2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਆਉਣ ਉੱਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ।ਇਸ ਮੁੱਦੇ ਉੱਤੇ ਵਿਧਾਨ ਸਭਾ ਦਾ ਸੈਸ਼ਨ ਵੀ ਹੋਇਆ ਜਿਸ ਵਿੱਚ ਸਾਰੇ ਵਿਧਾਇਕ ਅਤੇ ਮੰਤਰੀਆਂ ਨੇ ਕੈਪਟਨ ਨੂੰ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ।

ਸਰਕਾਰ ਨੇ ਜਾਂਚ ਲਈ ਐੱਸਆਈਟੀ ਦਾ ਗਠਨ ਕੀਤਾ ਪਰ ਪਿਛਲੇ ਦਿਨੀਂ ਪੰਜਾਬ ਹਰਿਆਣਾ ਕੋਰਟ ਨੇ ਐੱਸਆਈਟੀ ਦੀ ਰਿਪੋਰਟ ਨਾ ਸਿਰਫ਼ ਖ਼ਾਰਜ ਕੀਤੀ ਸਗੋਂ ਜਾਂਚ ਟੀਮ ਦੇ ਮੁੱਖ ਅਫ਼ਸਰ ਕੰਵਰ ਵਿਜੇ ਪ੍ਰਤਾਪ ਦੇ ਕੰਮ ਕਰਨ ਦੇ ਤਰੀਕੇ ਉੱਤੇ ਹੀ ਸਵਾਲ ਖੜੇ ਕਰ ਦਿੱਤੇ।

ਹਾਈ ਕੋਰਟ ਦੇ ਇਸ ਫ਼ੈਸਲਾ ਦਾ ਕਾਂਗਰਸ ਦੇ ਅੰਦਰ ਤਿੱਖਾ ਪ੍ਰਤੀਕਰਮ ਹੋਇਆ। ਨਵਜੋਤ ਸਿੱਧੂ ਨੇ ਸਭ ਤੋਂ ਪਹਿਲਾਂ ਸਰਕਾਰ ਉੱਤੇ ਸਵਾਲ ਚੁੱਕੇ।ਉਸ ਤੋਂ ਬਾਅਦ ਸੁਖਜਿੰਦਰ ਸਿੰਘ ਰੰਧਾਵਾ ਨੇ ਕਾਰਵਾਈ ਦੀ ਮੰਗ ਕੀਤੀ। ਮੀਡੀਆ ਰਿਪੋਰਟਾਂ ਮੁਤਾਬਕ ਸੁਖਜਿੰਦਰ ਰੰਧਾਵਾ ਨੇ ਆਪਣਾ ਅਸਤੀਫ਼ਾ ਤੱਕ ਦੇ ਦਿੱਤਾ ਸੀ ਜਿਸ ਨੂੰ ਮੁੱਖ ਮੰਤਰੀ ਨੇ ਬਾਅਦ ਵਿੱਚ ਪ੍ਰਵਾਨ ਨਹੀਂ ਕੀਤਾ।

ਹਾਲਾਂਕਿ ਸਰਕਾਰ ਨੇ ਨਵੀਂ ਜਾਂਚ ਟੀਮ ਦਾ ਗਠਨ ਕਰ ਦਿੱਤਾ ਜੋ ਕਿ ਇਸ ਸਮੇਂ ਆਪਣੀ ਜਾਂਚ ਕਰ ਰਹੀ ਹੈ। ਬੇਅਦਬੀ ਦਾ ਇਨਸਾਫ਼ ਨਾ ਦਿੱਤੇ ਜਾਣ ਦਾ ਮੁੱਦਾ ਕਾਂਗਰਸ ਹਾਈਕਮਾਨ ਕੋਲ ਵੀ ਪਹੁੰਚਿਆ ਉਹ ਵੀ ਕੈਪਟਨ ਤੋਂ ਸਫ਼ਾਈ ਮੰਗ ਚੁੱਕੀ ਹੈ।

ਆਮ ਆਦਮੀ ਪਾਰਟੀ ਇਸ ਮੁੱਦੇ ਉੱਤੇ ਇਲਜ਼ਾਮ ਲੱਗਾ ਚੁੱਕੀ ਹੈ ਕਿ ਕੈਪਟਨ ਸਾਬਕਾ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਬਚਾ ਰਹੇ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਮੁੱਦੇ ਦਾ ਜਵਾਬ ਸੂਬੇ ਦੇ ਲੋਕਾਂ ਨੂੰ ਦੇਣਾ ਹੋਵੇਗਾ।

ਮਾਹਿਰਾਂ ਦੀ ਰਾਇ

ਗੁਰਬਚਨ ਸਿੰਘ ਦੇਸ ਪੰਜਾਬ ਮੁਤਾਬਕ, 'ਕੈਪਟਨ ਅਮਰਿੰਦਰ ਸਿੰਘ ਇਸ ਸਮੇਂ ਪਾਰਟੀ ਦੀਆਂ ਅੰਦਰੂਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਦੂਜੇ ਪਾਸੇ ਬਾਹਰ ਵਾਲੀਆਂ ਚੁਣੌਤੀਆਂ ਇਸ ਤੋਂ ਦੁੱਗਣੀਆਂ ਹਨ ਅਤੇ ਜੇਕਰ ਪਾਰਟੀ ਵਿੱਚ ਏਕਾ ਨਹੀਂ ਹੋਵੇਗਾ ਤਾਂ ਬਾਹਰੀ ਚੁਣੌਤੀਆਂ ਕਾਫ਼ੀ ਗੰਭੀਰ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ, 'ਇਹ ਚੁਣੌਤੀਆਂ ਘੱਟ ਨਹੀਂ ਹੋਣਗੀਆਂ ਸਗੋਂ ਆਉਣ ਵਾਲੇ ਦਿਨਾਂ ਵਿਚ ਵਧਣਗੀਆਂ,

ਬਾਕੀ ਸਫ਼ਾ 30 'ਤੇ

# ਕੈਪਟਨ ਸਿੱਧੂ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ

## ✪ ਇਸੇ ਹ.ਫ਼ਤੇ ਕਾਂਗਰਸ ਹਾਈਕਮਾਨ ਕਰ ਸਕਦੀ ਹੈ ਪੰਜਾਬ ਲਈ ਨਵੀਂ ਟੀਮ ਦਾ ਐਲਾਨ ✪ ਪਾਰਟੀ ਦਾ ਕਲੇਸ਼ ਖ਼ਤਮ ਕਰਨ ਲਈ ਰਾਹੁਲ ਗਾਂਧੀ ਨੇ ਸੰਭਾਲਿਆ ਮੋਰਚਾ ✪ ਕੈਪਟਨ ਵਾਰ-ਵਾਰ ਕਮੇਟੀ ਅੱਗੇ ਪੇਸ਼ ਹੋਣ ਤੋਂ ਵੀ ਖਾਸੇ ਖ.ਫ਼ਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕੈਪਟਨ ਅਮਰਿੰਦਰ ਸਿੰਘ ਦੀ ਸੀਨੀਆਰਤਾ ਅਤੇ ਨਵਜੋਤ ਸਿੰਘ ਸਿੱਧੂ ਦੀ ਅਹਿਮੀਅਤ ਦੇ ਦੋ ਪੇਚੀਦਾ ਨੁਕਤਿਆਂ 'ਚ ਉਲਝੀ ਪੰਜਾਬ ਕਾਂਗਰਸ ਦੇ ਅੜਿੱਕੇ ਨੂੰ ਸੁਲਝਾਉਣ ਲਈ ਦਿੱਲੀ ਵਿਚ ਮੀਟਿੰਗਾਂ ਦਾ ਦੌਰ ਚਲਦਾ ਰਿਹਾ, ਜਿੱਥੇ ਇਕ ਪਾਸੇ ਮਸਲੇ ਨੂੰ ਸੁਲਝਾਉਣ ਲਈ ਬਣੀ ਤਿੰਨ ਮੈਂਬਰੀ ਕਮੇਟੀ ਨੇ ਕੈਪਟਨ ਨਾਲ ਵੱਖਰੇ ਤੌਰ 'ਤੇ ਤਵਸੀਲੀ ਮੀਟਿੰਗ ਕੀਤੀ, ਉੱਥੇ ਰਾਹੁਲ ਗਾਂਧੀ ਨੇ ਬਾਅਦ ਦੁਪਹਿਰ ਆਪਣੀ ਰਿਹਾਇਸ਼ 'ਤੇ ਕਈ ਨਾਰਾਜ਼ ਆਗੂਆਂ ਨਾਲ ਮੁਲਾਕਾਤ ਕੀਤੀ । ਹਾਲੇ ਮੁਲਾਕਾਤਾਂ ਦਾ ਇਹ ਸਿਲਸਿਲਾ ਅਜੇ ਵੀ ਜਾਰੀ ਰਹੇਗਾ ।ਕਾਂਗਰਸੀ ਹਲਕਿਆਂ ਮੁਤਾਬਿਕ ਇਸ ਹਫ਼ਤੇ ਅੰਦਰ ਪੰਜਾਬ ਲਈ ਨਵੀਂ ਟੀਮ ਦਾ ਗਠਨ ਕੀਤਾ ਜਾਵੇਗਾ ।

ਰਾਹੁਲ ਨਾਲ ਮੁਲਾਕਾਤ ਕਰਨ ਆਏ ਆਗੂਆਂ ਵਿਚ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸਰਕਾਰੀਆ, ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ, ਰਜ਼ੀਆ ਸੁਲਤਾਨਾ, ਅਰੁਣਾ ਚੌਧਰੀ ਅਤੇ ਭਾਰਤ ਭੂਸ਼ਣ ਆਸ਼ੂ ਸ਼ਾਮਿਲ ਸਨ ।ਇਸ ਤੋਂ ਇਲਾਵਾ ਵਿਧਾਇਕ ਪਰਗਟ ਸਿੰਘ, ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ, ਰਾਜਾ ਵੜਿੰਗ, ਸੰਗਤ ਸਿੰਘ ਗਿਲਜੀਆਂ ਨੇ ਵੀ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ। ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਡਾ. ਅਮਰ ਸਿੰਘ ਨਾਲ ਵੀ ਰਾਹੁਲ ਨੇ ਮੁਲਾਕਾਤ ਕੀਤੀ ।ਹਲਕਿਆਂ ਮੁਤਾਬਿਕ ਇਨਾਂ ਮੀਟਿੰਗਾਂ ਦਾ ਮਕਸਦ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਉਲੀਕਣਾ ਹੈ । ਜ਼ਿਕਰਯੋਗ ਹੈ ਕਿ ਇਕ ਤੋਂ ਬਾਅਦ ਇਕ ਸੂਬਾਈ ਚੋਣਾਂ ਵਿਚ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰ ਚੁੱਕੀ ਕਾਂਗਰਸ ਹਰ ਹਾਲਤ 'ਚ ਪੰਜਾਬ ਫ਼ਤਹਿ ਕਰਨਾ ਚਾਹੁੰਦੀ ਹੈ। ਪਰ ਆਪਸੀ ਧੜੇਬੰਦੀ ਇਸ ਨੂੰ ਕਮਜ਼ੋਰ ਕਰ ਰਹੀ ਹੈ ।

**ਕੈਪਟਨ ਮਹੀਨੇ 'ਚ ਦੂਜੀ ਵਾਰ ਕਮੇਟੀ ਅੱਗੇ ਪੇਸ਼**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਕ ਮਹੀਨੇ ਵਿਚ ਮੁੜ ਦੂਜੀ ਵਾਰ 3 ਮੈਂਬਰੀ ਕਮੇਟੀ ਅੱਗੇ ਪੇਸ਼ ਹੋਏ । ਸੰਸਦ ਭਵਨ ਵਿਚ ਕਾਂਗਰਸ ਨੇਤਾ ਮਲਿਕ ਅਰਜੁਨ ਖੜਗੇ ਦੇ ਦਫ਼ਤਰ 'ਚ ਹੋਈ ਕੈਪਟਨ ਨਾਲ ਮੀਟਿੰਗ ਤਕਰੀਬਨ 3 ਘੰਟੇ ਚੱਲੀ । ਹਲਕਿਆਂ ਮੁਤਾਬਿਕ ਕਮੇਟੀ ਨੇ ਕੈਪਟਨ ਨੂੰ ਅਸੰਤੁਸ਼ਟ ਵਿਧਾਇਕਾਂ ਨੂੰ ਮਨਾਉਣ ਵਿਚ ਤੇਜ਼ੀ ਲਿਆਉਣ ਨੂੰ ਕਿਹਾ । ਕੈਪਟਨ ਨੇ ਮੀਟਿੰਗ ਤੋਂ ਪਹਿਲਾਂ ਜਾਂ ਬਾਅਦ ਵਿਚ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ ।ਹਲਕਿਆਂ ਮੁਤਾਬਿਕ ਕੈਪਟਨ ਵਾਰ-ਵਾਰ ਕਮੇਟੀ ਅੱਗੇ ਪੇਸ਼ ਹੋਣ ਤੋਂ ਵੀ ਖਾਸੇ ਖ਼ਫ਼ਾ ਹਨ । ਹਾਲਾਂਕਿ 4 ਜੂਨ ਅਤੇ 22 ਜੂਨ ਦੋਵੇਂ ਹੀ ਮੀਟਿੰਗਾਂ ਦੇ ਸਮੇਂ ਕੈਪਟਨ ਮਿੱਥੇ ਸਮੇਂ 'ਤੇ ਪਹੁੰਚ ਗਏ ਸਨ ।ਹਲਕਿਆਂ ਮੁਤਾਬਿਕ ਕੈਪਟਨ ਨੇ ਕਮੇਟੀ ਅੱਗੇ ਸਿੱਧੂ ਵਲੋਂ ਉਨਾਂ 'ਤੇ ਕੀਤੇ ਸ਼ਬਦੀ ਹਮਲੇ 'ਤੇ ਨਾਰਾਜ਼ਗੀ ਪ੍ਰਗਟਾਈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਪੰਜਾਬ 'ਚ ਦੋ ਪਰਿਵਾਰ ਫਾਇਦਾ ਉਠਾ ਰਹੇ ਹਨ।



**ਸੋਨੀਆ ਦੀ ਅਗਵਾਈ ਹੇਠ ਕਰਵਾਈਆਂ ਜਾਣਗੀਆਂ ਚੋਣਾਂ : ਖੜਗੇ**

**ਤਿੰਨ ਮੈਂਬਰੀ ਕਮੇਟੀ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਕਾਂਗਰਸ ਇਕਜੁੱਟ ਹੈ ਅਤੇ ਪੰਜਾਬ ਕਾਂਗਰਸ ਦੇ ਮਸਲੇ ਨੂੰ ਕੁੱਝ ਦਿਨਾਂ ਵਿਚ ਹੱਲ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਅਗਲੀਆਂ ਚੋਣਾਂ ਸੋਨੀਆਂ ਗਾਂਧੀ ਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ।**

ਸਿੱਧੂ ਦੇ ਇਸ ਬਿਆਨ 'ਤੇ ਕਾਂਗਰਸ ਹਾਈਕਮਾਨ ਵਲੋਂ ਵੀ ਇਤਰਾਜ਼ ਕੀਤਾ।ਖੜਗੇ ਨੇ ਮੁਲਾਕਾਤ ਤੋਂ ਪਹਿਲਾਂ ਮੀਡੀਆ ਨੂੰ ਦਿੱਤੇ ਬਿਆਨ 'ਚ ਕਿਹਾ ਕਿ ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੀ ਹੈ । ਉਨਾਂ ਕਿਹਾ ਕਿ ਕਾਂਗਰਸ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਲੜੇਗੀ ।ਖੜਗੇ ਦਾ ਇਹ ਬਿਆਨ ਆਉਣ ਵਾਲੇ ਸਮੇਂ ਪੰਜਾਬ ਵਿਚ ਹੋਣ ਵਾਲੀ ਸਿਆਸੀ ਉਥਲ-ਪੁਥਲ ਵੱਲ ਵੀ ਇਸ਼ਾਰਾ ਕਰਦਾ ਹੈ ।ਨਵੀਂ ਟੀਮ ਦਾ ਗਠਨ ਦੇ ਕਿਆਸਾਂ ਦਰਮਿਆਨ ਖੜਗੇ ਦੇ ਇਸ ਬਿਆਨ ਤੋਂ ਇਕ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਨਾਰਾਜ਼ ਤੇ ਅਸੰਤੁਸ਼ਟ ਆਗੂਆਂ ਨੂੰ ਮਨਾਉਣ ਲਈ ਅਤੇ ਧੜੇਬੰਦੀ ਵਿਚ ਸੰਤੁਲਨ ਬਣਾਏ ਰੱਖਣ ਲਈ ਲਏ ਜਾਣ ਵਾਲੇ ਫ਼ੈਸਲਿਆਂ ਨੂੰ ਲੈ ਕੇ ਪਾਰਟੀ ਅਜੇ ਆਪਣੇ ਕੋਈ ਵੀ ਪੱਤੇ ਨਹੀਂ ਖੋਲਣਾ ਚਾਹੁੰਦੀ । ਖੜਗੇ ਨੇ ਸਿੱਧੂ ਦੇ ਇਸ ਮੀਟਿੰਗ 'ਚ ਨਾ ਸ਼ਾਮਿਲ ਹੋਣ 'ਤੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਉਹ ਆਪਣੇ ਵਿਚਾਰ ਰੱਖ ਚੁੱਕੇ ਹਨ। ਕੈਪਟਨ ਨਾਲ ਮੁਲਾਕਾਤ ਤੋਂ ਬਾਅਦ ਕਮੇਟੀ ਕੈਪਟਨ ਤੋਂ ਕੁਝ ਜਾਣਕਾਰੀ ਲੈਣਾ ਚਾਹੁੰਦੀ ਸੀ । ਖੜਗੇ ਦੀ ਅਗਵਾਈ ਵਾਲੀ 3 ਮੈਂਬਰੀ ਕਮੇਟੀ, ਜਿਸ ਵਿਚ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਤੇ ਜੇ.ਪੀ. ਅਗਰਵਾਲ ਵੀ ਸ਼ਾਮਿਲ ਹਨ, ਨੇ ਅੰਬਿਕਾ ਸੋਨੀ, ਸਲਮਾਨ ਖੁਰਸ਼ੀਦ ਅਤੇ ਰਵਨੀਤ ਸਿੰਘ ਬਿੱਟੂ ਨਾਲ ਵੀ ਮੁਲਾਕਾਤ ਕੀਤੀ ।

ਸਾਡੇ ਪੱਤਰਕਾਰ ਅਨੁਸਾਰ ਪਾਰਟੀ ਦਾ ਕਲੇਸ਼ ਖ਼ਤਮ ਕਰਨ ਲਈ ਰਾਹੁਲ ਗਾਂਧੀ ਨੇ ਖ਼ੁਦ ਮੋਰਚਾ ਸੰਭਾਲ ਲਿਆ ਹੈ। ਰਾਹੁਲ ਗਾਂਧੀ ਨੇ ਆਗੂਆਂ ਤੋਂ ਲੋਕਾਂ ਵਿਚ ਕੈਪਟਨ ਤੇ ਨਵਜੋਤ ਸਿੱਧੂ ਦੀ ਲੋਕਪ੍ਰਿਅਤਾ ਬਾਰੇ ਪੁੱਛਿਆ। ਇਹ ਵੀ ਪੁੱਛਿਆ ਕਿ ਅਗਲੇ ਵਰੇ ਹੋਣ ਵਾਲੀਆਂ ਚੋਣਾਂ ਵਿਚ ਇਨਾਂ 'ਚੋਂ ਕਿਹੜਾ ਆਗੂ ਪਾਰਟੀ ਨੂੰ ਮੁੜ ਜਿੱਤ ਦਵਾ ਸਕਦਾ ਹੈ। ਰਾਹੁਲ ਨੇ ਇਹ ਵੀ ਪੁੱਛਿਆ ਕਿ ਜੇ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਦਾ ਚਿਹਰਾ ਨਹੀਂ ਬਣਾਇਆ ਜਾਂਦਾ ਤਾਂ ਕਿੰਨੇ ਵਿਧਾਇਕ ਬ.ਗਾਵਤ ਕਰ ਸਕਦੇ ਹਨ। ਰਾਹੁਲ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਤਾਪ ਸਿੰਘ ਬਾਜਵਾ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਨੂੰ ਵਾਗਡੋਰ ਸੰਭਾਲਣ ਦੀ ਗੱਲ ਕਰਦਿਆਂ ਕਿਹਾ ਕਿ ਉਦੋਂ ਕੈਪਟਨ ਦੀ ਗੱਲ ਕਰ ਰਹੇ ਸੀ ਤਾਂ ਹੁਣ ਅਚਾਨਕ ਕਿਉਂ ਵਿਰੋਧ ਕਰ ਰਹੇ ਹੋ ? ਤਾਂ ਆਗੂਆਂ ਨੇ ਦੱਸਿਆ ਕਿ ਉਦੋਂ ਪਾਰਟੀ ਨੂੰ ਕੇਵਲ ਕੈਪਟਨ ਅਮਰਿੰਦਰ ਸਿੰਘ ਹੀ ਜਿੱਤ ਦਿਵਾ ਸਕਦੇ ਸਨ ਪਰ ਅੱਜ ਸਥਿਤੀ ਬਦਲ ਗਈ ਹੈ।

ਜ਼ਿਆਦਾਤਰ ਆਗੂਆਂ ਨੇ ਰਾਹੁਲ ਗਾਂਧੀ ਨੂੰ ਦੱਸਿਆ ਕਿ ਸੂਬਾ ਸਰਕਾਰ ਚੋਣਾਂ ਦੌਰਾਨ ਮਾਫ਼ੀਆ ਰਾਜ ਨੂੰ ਖ਼ਤਮ ਕਰਨ ਤੇ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਸਮੇਤ ਦਰਜਨਾਂ ਮਹੱਤਵਪੂਰਨ ਵਾਅਦਿਆਂ ਨੂੰ ਪੂਰਾ ਨਹੀਂ ਕਰ ਸਕੀ। ਕਈ ਆਗੂਆਂ ਨੇ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਕਾਰਨ ਪਾਰਟੀ ਦੀ ਹੋ ਰਹੀ ਬਦਨਾਮੀ ਦਾ ਮੁੱਦਾ ਵੀ ਚੁੱਕਿਆ। ਦੁਆਬੇ ਦੇ ਇਕ ਆਗੂ ਨੇ ਰਾਹੁਲ ਗਾਂਧੀ ਨੂੰ ਇੱਥੋਂ ਤਕ ਕਹਿ ਦਿੱਤਾ ਕਿ ਆਗਾਮੀ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਨਾਲ ਹੁਣ ਗੱਲ ਨਹੀਂ ਬਣਨੀ। ਸਮਸਿਆਵਾਂ ਜਿਉਂ ਦੀਆਂ ਤਿਉਂ ਬਰਕਰਾਰ ਹਨ।ਦੂਜੇ ਪਾਸੇ, ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਵਿਚ ਚੱਲ ਰਹੀ ਬ.ਗਾਵਤ ਨੂੰ ਖ਼ਤਮ ਕਰਨ ਲਈ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੱਧੂ ਖ਼ਿਲਾਫ਼ ਕਾਰਵਾਈ ਕੀਤੇ ਜਾਣ ਦੀ ਗੱਲ ਕਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਫਿਰ ਨਵਜੋਤ ਸਿੱਧੂ ਨੂੰ ਉਪ ਮੁੱਖ ਮੰਤਰੀ ਜਾਂ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਉਣ ਦਾ ਵਿਰੋਧ ਕੀਤਾ।

ਵਿਧਾਇਕ ਪਰਗਟ ਸਿੰਘ ਨੇ ਦੱਸਿਆ ਕਿ ਕਾਂਗਰਸ ਵਿਚ ਕੋਈ ਧੜੇਬੰਦੀ ਨਹੀਂ ਹੈ। ਜੇਕਰ ਕੈਪਟਨ ਅਮਰਿੰਦਰ ਸਿੰਘ ਮਸਲਿਆਂ ਦਾ ਹੱਲ ਕਰ ਦਿੰਦੇ ਹਨ ਤਾਂ ਉਨਾਂ ਨੂੰ ਕੋਈ ਦਿੱਕਤ ਨਹੀਂ ਹੈ, ਪਰ ਜੇਕਰ ਮਸਲੇ ਹੱਲ ਨਹੀਂ ਹੁੰਦੇ ਤਾਂ ਸਮੱਸਿਆ ਜਿਉਂ ਦੀ ਤਿਉਂ ਰਹਿਣੀ ਹੈ। ਨਵਜੋਤ ਸਿੱਧੂ ਨੂੰ ਸੂਬਾ ਕਾਂਗਰਸ ਦਾ ਪ੍ਰਧਾਨ ਬਣਾਉਣ ਦੇ ਸਵਾਲ 'ਤੇ ਉਨਾਂ ਕਿਹਾ ਕਿ ਇਸ ਸਬੰਧੀ ਫ਼ੈਸਲਾ ਪਾਰਟੀ ਹਾਈਕਮਾਨ ਨੇ ਹੀ ਲੈਣਾ ਹੈ। ਵਾਰ ਵਾਰ ਮੀਡੀਆ ਵਿਚ ਜਾਣ ਕਰ ਕੇ ਪਾਰਟੀ ਅਨੁਸ਼ਾਸ਼ਨ ਤੋੜਨ 'ਤੇ ਪਾਰਟੀ ਹਾਈਕਮਾਨ ਦੇ ਨਾਰਾਜ਼ ਹੋਣ ਤੇ ਕਾਰਵਾਈ ਕੀਤੇ ਜਾਣ ਦੇ ਮੁੱਦੇ 'ਤੇ ਪਰਗਟ ਸਿੰਘ ਦਾ ਕਹਿਣਾ ਹੈ ਕਿ ਉਹ ਲੋਕਾਂ ਦੇ ਮਸਲੇ ਚੁੱਕ ਰਹੇ ਹਨ ਬੀਤੇ ਕੱਲ ਵੀ ਉਨਾਂ ਦੋ ਵਿਧਾਇਕਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦਾ ਮੁੱਦਾ ਚੁੱਕਿਆ ਹੈ ਕਿਉਂਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਪਾਰਟੀ ਦੀ ਬਦਨਾਮੀ ਹੋ ਰਹੀ ਹੈ। ਉਨਾਂ ਕਿਹਾ ਕਿ ਕਾਂਗਰਸ ਦਾ ਕੋਈ ਧੜਾ ਨਹੀਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਇਕ ਹੈ। ਸੂਤਰਾਂ ਦਾ ਮੰਨਣਾ ਹੈ ਕਿ ਇਹ ਧੜੇਬਾਜ਼ੀ ਕਾਂਗਰਸ ਨੂੰ ਵੱਡਾ ਨੁਕਸਾਨ ਪਹੁੰਚਾ ਸਕਦੀ ਹੈ।

ਅਕਾਲੀ ਦਲ-ਬਸਪਾ ਗੱਠਜੋੜ ਨੇ ਸੂਬੇ ਦੀ ਸਿਆਸਤ ਵਿਚ ਨਵੀਆਂ ਸੰਭਾਵਨਾਵਾਂ ਪੇਸ਼ ਕੀਤੀਆਂ ਹਨ। ਇਸ ਗੱਠਜੋੜ ਵਿਚ ਸੀਪੀਆਈ ਅਤੇ ਸੀਪੀਐਮ ਦੇ ਸ਼ਾਮਿਲ ਹੋਣ ਦੀ ਚਰਚਾ ਵੀ ਹੈ। ਅਕਾਲੀ ਦਲ ਭਾਵੇਂ ਆਪਣੇ ਅਕਸ ਵਿਚ ਜ਼ਿਆਦਾ ਸੁਧਾਰ ਨਹੀਂ ਕਰ ਸਕਿਆ ਪਰ ਉਸ ਕੋਲ ਹਰ ਪੱਧਰ ਦਾ ਕਾਡਰ ਮੌਜੂਦ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 2017 ਵਿਚ ਅਕਾਲੀ ਦਲ ਨੂੰ ਸੀਟਾਂ ਆਮ ਆਦਮੀ ਪਾਰਟੀ ਨਾਲੋਂ ਘੱਟ ਮਿਲੀਆਂ ਸਨ ਪਰ ਕੁਲ ਵੋਟਾਂ ਵਿਚ ਉਹ ਦੂਸਰੇ ਨੰਬਰ 'ਤੇ ਸੀ। ਕਾਂਗਰਸ ਨੂੰ 38 ਫ਼ੀਸਦੀ ਵੋਟਾਂ ਮਿਲੀਆਂ ਸਨ, ਅਕਾਲੀ ਦਲ ਨੂੰ 30 ਫ਼ੀਸਦੀ ਅਤੇ 'ਆਪ' ਨੂੰ 23 ਫ਼ੀਸਦੀ। ਅਕਾਲੀ ਦਲ ਦੇ ਕਈ ਟਕਸਾਲੀ ਆਗੂਆਂ ਨੇ ਪਾਰਟੀ ਤੋਂ ਵੱਖ ਹੋ ਕੇ ਆਪਣਾ ਨਵਾਂ ਅਕਾਲੀ ਦਲ ਬਣਾਇਆ ਹੈ ਜਿਹੜਾ ਕੁਝ ਸੀਟਾਂ 'ਤੇ ਪਾਰਟੀ ਲਈ ਸਮੱਸਿਆਵਾਂ ਪੈਦਾ ਕਰੇਗਾ। 'ਆਪ' ਨੇ ਸਾਬਕਾ ਆਈਜੀ ਕੰਵਰ ਪ੍ਰਤਾਪ ਸਿੰਘ ਨੂੰ ਸ਼ਾਮਿਲ ਕਰ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਨਵੇਂ ਚਿਹਰਿਆਂ ਨੂੰ ਜੀ ਆਇਆਂ ਕਹੇਗੀ। ਭਾਜਪਾ ਅਤੇ ਕਾਂਗਰਸ ਦੇ ਕੁਝ ਆਗੂਆਂ ਦੇ 'ਆਪ' ਵਿਚ ਸ਼ਾਮਿਲ ਹੋਣ ਦੀ ਚਰਚਾ ਵੀ ਹੈ ਪਰ ਇਸ ਵਾਰ 'ਆਪ' ਨੂੰ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੀ ਹਮਾਇਤ ਗ਼ੈਰਹਾਜ਼ਰ ਹੈ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਇਸ ਵਾਰ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਹਨ। ਕਿਸਾਨ ਅੰਦੋਲਨ ਨੇ ਭਾਜਪਾ ਦੇ ਆਗੂਆਂ ਦੀਆਂ ਸਿਆਸੀ ਸਰਗਰਮੀਆਂ ਵਿਚ ਮੁਸ਼ਕਿਲਾਂ ਪੈਦਾ ਕੀਤੀਆਂ ਹਨ ਅਤੇ ਪੰਜਾਬੀ ਲੋਕ-ਮਾਨਸ ਭਾਜਪਾ ਪ੍ਰਤੀ ਉਦਾਸੀਨ ਤੇ ਗੁੱਸੇ ਵਿਚ ਹੈ। ਭਾਜਪਾ ਕੋਲ ਆਪਣਾ ਪ੍ਰਤੀਬੱਧ ਕਾਡਰ ਹੈ ਅਤੇ ਸ਼ਹਿਰਾਂ ਅਤੇ ਕੁਝ ਹੋਰ ਇਲਾਕਿਆਂ ਵਿਚ ਉਸ ਦੇ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਲੋਕਾਂ ਦੀਆਂ ਉਮੀਦਾਂ ਕਿਸਾਨ ਅੰਦੋਲਨ 'ਤੇ ਕੇਂਦ੍ਰਿਤ ਹਨ ਅਤੇ ਪੰਜਾਬੀਆਂ ਨੂੰ ਲੱਗਦਾ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਕਿਸਾਨ ਜਥੇਬੰਦੀਆਂ ਅਤੇ ਉਨਾਂ ਦੇ ਆਗੂ ਵੱਡੀ ਭੂਮਿਕਾ ਨਿਭਾ ਸਕਦੇ ਹਨ। 'ਆਪ' ਅਤੇ ਹੋਰ ਸਿਆਸੀ ਪਾਰਟੀਆਂ ਕਿਸਾਨ ਅੰਦੋਲਨ ਦੇ ਕੁਝ ਗ਼ੈਰ ਸਿਆਸੀ ਆਗੂਆਂ ਨੂੰ ਆਪਣੇ ਵਿਚ ਸ਼ਾਮਿਲ ਕਰਨ ਵਿਚ ਦਿਲਚਸਪੀ ਲੈ ਰਹੀਆਂ ਹਨ। ਅੰਦੋਲਨ ਦਾ ਵਧਦਾ ਪ੍ਰਭਾਵ ਆਉਣ ਵਾਲੇ ਦਿਨਾਂ ਵਿਚ ਭਾਜਪਾ ਦੇ ਨਾਲ ਨਾਲ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਸਿਆਸੀ ਸਰਗਰਮੀਆਂ ਵਿਚ ਵੀ ਅੜਿੱਕੇ ਪਾ ਸਕਦਾ ਹੈ। ਪੰਜਾਬ ਦੇ ਲੋਕ ਰਵਾਇਤੀ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹਨ ਪਰ ਅਜੇ ਤੱਕ ਉਨਾਂ ਨੂੰ ਸਪੱਸ਼ਟ ਰਾਹ ਦਿਖਾਈ ਨਹੀਂ ਦੇ ਰਿਹਾ ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

25 ਜੂਨ 2021 ਤੋਂ 01 ਜੁਲਾਈ 2021

# ਦੀਰਘ ਰੋਗ

ਗੁਰੂ ਕੁਦਰਤੀ ਅਤੇ ਰੂਹਾਨੀ ਤੌਰ ’ਤੇ ਸਰਵੋਤਮ ਹੈ। ਗੁਰੂ ਸਾਹਿਬ ਨੇ ਗੁਰਿਆਈ ਸਾਂਝੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸਾ ਪੰਥ ਨੂੰ ਬਖਸ਼ਿਸ਼ ਕੀਤੀ ਹੈ। ਗੁਰ-ਜੋਤ ਸ਼ਬਦ ਰੂਪ ਵਿੱਚ ਗੁਰੂ ਗ੍ਰੰਥ ਵਿੱਚ ਵਿਦਮਾਨ ਹੈ ਅਤੇ ਦੇਹ-ਰੂਪ ਵਿੱਚ ਗੁਰੂ ਪੰਥ ਵਿੱਚ ਪ੍ਰਕਾਸ਼ਮਾਨ ਹੈ। ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਇੱਕ ਖਾਸ ਜਬਤ ਦਿੱਤਾ ਹੈ। ਗੁਰਮੁਖਿ ਰਹਿਤ ਵਿਚ ਚੱਲਦਿਆਂ ਹੀ ਖਾਲਸਾ ਗੁਰੂ ਦੇ ਗੁਣ ਧਾਰਨ ਕਰ ਸਕਦਾ ਹੈ। ਗੁਰੂ ਖਾਲਸਾ ਪੰਥ ਆਮ ਲੋਕਾਂ ਦਾ ਸਭਿਆਚਾਰ ਨਹੀਂ ਸਗੋਂ ਇਹ ਆਤਮਕ ਤੌਰ ’ਤੇ ਜਾਗੀਆਂ ਹੋਈਆਂ ਰੂਹਾਂ ਦੇ ਜੀਵਨ-ਰੌਂਅ ਦਾ ਨਾਂ ਹੈ। ਗੁਰੂ ਖਾਲਸਾ ਪੰਥ ਅਤੇ ਸੰਪਰਦਾ ਜਾਂ ਸਮਾਜੀ-ਰਾਜਸੀ ਸਭਾਵਾਂ/ਧੜਿਆਂ ਵਿੱਚ ਫਰਕ ਇਹ ਹੈ ਕਿ ਪੰਥ ਇਲਾਹੀ ਨੇਮ ਅਤੇ ਰੂਹਾਨੀ ਜੀਵਨ ਦੇ ਰਾਹ ’ਤੇ ਹੁੰਦਾ ਹੈ ਅਤੇ ਸਮਾਜੀ-ਰਾਜਸੀ ਸਭਾਵਾਂ ਕਿਸੇ ਖਾਸ ਵਿਚਾਰਧਾਰਾ ਦੇ ਰਾਹ ਤੁਰਦੀਆਂ ਹਨ। ਸੰਪਰਦਾ ਕਿਸੇ ਵੇਲੇ ਤਵਾਰੀਖ ਵਿੱਚ ਕਿਰਿਆਸ਼ੀਲ ਰਹੀ ਹੁੰਦੀ ਹੈ ਪਰ ਉਹ ਸਦਾ ਕਿਰਿਆਸ਼ੀਲ ਨਹੀਂ ਰਹਿੰਦੀ। ਗੁਰੂ ਖਾਲਸਾ ਪੰਥ ਸਦਾ ਕਿਰਿਆਸ਼ੀਲ ਅਤੇ ਵਿਗਾਸ ਵਿੱਚ ਹੈ। ਇਸ ਲਈ ਕੋਈ ਵੀ ਦਲ, ਧਰਮ ਪ੍ਰਚਾਰਕ ਜਥਾ, ਧਾਰਮਕ ਬਣਤਰਾਂ (ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਅਕਾਦਮਿਕ ਕੇਂਦਰ ਵਗੈਰਾ) ਜਾਂ ਰਾਜਸੀ ਧੜਾ ਇਕੱਲਾ ਆਪਣੇ ਆਪ ਵਿੱਚ ਖਾਲਸਾ ਪੰਥ ਦਾ ਨੁਮਇੰਦਾ ਨਹੀਂ ਹੋ ਸਕਦਾ।

ਸਿੱਖ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੁਖਾਤਬ ਰਿਹਾ ਹੈ ਅਤੇ ਗੁਰ-ਸੰਗਤਿ ਦੀ ਨੁਮਾਇੰਦਾ ਜਥੇਬੰਦੀ ਖਾਲਸਾ ਪੰਥ ਰਹੀ ਹੈ। ਖਾਲਸਾ ਪੰਥ ਦੇ ਜਥਿਆਂ ਵਿੱਚ ਸੂਤਰਧਾਰ ਦੀ ਭੂਮਿਕਾ ਗੁਰਮਤਿ ਅਤੇ ਪੰਥਕ ਪਰੰਪਰਾ ਨਿਭਾਉਂਦੀ ਹੈ। ਅਗਵਾਈ ਪੰਚ ਪ੍ਰਧਾਨੀ ਅਤੇ ਫੈਸਲੇ ਸੰਗਤ ਰੂਪ ਵਿੱਚ ਕਰਨੇ, ਜਥੇਬੰਦ ਹੋਣ ਦਾ ਬੁਨਿਆਦੀ ਨੁਕਤਾ ਹੈ। ਗੁਰੂ ਖਾਲਸਾ ਪੰਥ ਵਿੱਚ ਸ੍ਰੀ ਗੁਰੂ ਨਾਨਕ ਸੱਚੇ ਪਾਤਿਸਾਹ ਹਜੂਰ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ। ਸੇਵਾ ਅਤੇ ਸਿਰੜ ਰਾਹੀਂ ਆਪਣੇ ਆਪ ਉੱਚੀਆਂ ਸ਼ਖਸੀਅਤਾਂ ਪ੍ਰਤੱਖ ਨਿੱਤਰ ਆਉਦੀਆਂ ਹਨ। ਵੋਟਾਂ ਦੇ ਜਰੀਏ ਬਹੁਗਿਣਤੀ ਨਾਲ ਆਗੂ ਥਾਪਣ ਦੀ ਪ੍ਰਥਾ ਨਹੀਂ ਸੀ। ਗੁਰੂ ਖਾਲਸਾ ਪੰਥ ਅੰਦਰ ਅਗਵਾਈ ਦੀ ਪੰਚ-ਪ੍ਰਧਾਨੀ ਪ੍ਰਣਾਲੀ ਦੀ ਪਰੰਪਰਾ ਹੈ। ਜਥੇ ਦੇ ਪੱਧਰ ਉੱਤੇ ਅਗਵਾਈ ਵਿੱਚ ਸ਼ਬਦ ਦੇ ਅਭਿਆਸੀ-ਬਾਣੀ ਦੇ ਰਸੀਏ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਹੁੰਦਾ ਹੈ/ਹੋਣਾ ਚਾਹੀਦਾ ਹੈ।

ਪ੍ਰੋ. ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ‘ਜਦੋਂ ਕੌਮਾਂ ਆਪਣੇ ਜਨਮਦਾਤਾ ਪੈਗੰਬਰ ਦੇ ਨੇੜੇ ਹੁੰਦੀਆਂ ਹਨ ਤਾਂ ਉਨਾਂ ਦੀ ਫਿਤਰਤ ਵਿੱਚ ਆਪਣੇ ਮਜ਼ਬ ਦੀਆਂ ਬਹੁਤ ਤਾਜ਼ਾ ਅਤੇ ਮੌਲਿਕ ਰਮਜ਼ਾਂ ਪਈਆਂ ਹੁੰਦੀਆਂ ਹਨ। ਉਨਾਂ ਦੇ ਸੁਪਨਿਆਂ, ਆਸਾਂ ਅਤੇ ਚੜਦੀ ਕਲਾ ਦੀ ਚੇਤਨਾ ਵਿੱਚ ਉਨਾਂ ਦੇ ਜਨਮਦਾਤਿਆਂ ਦੇ ਇਸ਼ਾਰੇ ਭਰਪੂਰ ਮਾਤਰਾ ਵਿੱਚ ਪਏ ਹੁੰਦੇ ਹਨ। ਉਸਦੀ ਕਹਿਣੀ ਅਤੇ ਕਰਨੀ ਵਿੱਚ ਗੁਰੂ-ਪੈਗੰਬਰ ਦੀ ਅਤਿ ਨੇੜੇ ਦੀ ਛੋਹ ਹੁੰਦੀ ਹੈ। ਉਦੋਂ ਇਸਦੀ ਸਮੂਹਿਕ ਚੇਤਨਾ ਕਿਸੇ ਪ੍ਰਕਾਰ ਦੇ ਵਿਰੋਧ-ਵਿਕਾਸ ਦੇ ਅਸੂਲ ਦੀ ਸਰਦਾਰੀ ਨਹੀਂ ਕਬੂਲਦੀ, ਉਦੋਂ ਇਸਦੀ ਗਤੀ ਆਮ ਇਤਿਹਾਸ ਨਾਲੋਂ ਤਾਕਤਵਰ ਅਤੇ ਤੀਬਰ ਹੁੰਦੀ ਹੈ, ਕਿਉਂਕਿ ਉਦੋਂ ਇਤਿਹਾਸ ਇਸ ਵਿਚੋਂ ਜਨਮ ਲੈਂਦੇ ਹਨ। ਸਮਾਂ ਬੀਤਣ ਨਾਲ ਬਹੁਤ ਸਾਰੇ ਕਾਰਨਾਂ ਅਧੀਨ ਮਜ਼ਬਾਂ ਦੀ ਇਹ ਪਹਿਲ-ਤਾਜ਼ਗੀ ਵਾਲੀ ਅਵਸਥਾ ਕਮਜ਼ੋਰ ਪੈਣ ਲਗਦੀ ਹੈ। ਜਦੋਂ ਇਸ ਦੀ ਤੀਬਰਤਾ ਘਟਦੀ ਹੈ ਤਾਂ ਕੌਮਾਂ ਦੇ ਮਨ ਕਮਜ਼ੋਰ ਪੈਣ ਲਗਦੇ ਹਨ ਅਤੇ ਸਿੱਟੇ ਵਜੋਂ ਇਨਾਂ ਦੀ ਕਹਿਣੀ ਅਤੇ ਕਰਨੀ ਬਾਹਰਲੇ ਹਾਲਾਤਾਂ ਦੇ ਅਧੀਨ ਹੋ ਜਾਂਦੀ ਹੈ।’

ਮੌਜੂਦਾ ਦੌਰ ਦੇ ਸਾਡੇ ਅਮਲ ਪ੍ਰੋ. ਹਰਿੰਦਰ ਸਿੰਘ ਦੀਆਂ ਇਹਨਾਂ ਸਤਰਾਂ ਦੀ ਹੂ-ਬ-ਹੂ ਗਵਾਹੀ ਭਰਦੇ ਹਨ। ਮੌਜੂਦਾ ਦੌਰ ਵਿੱਚ ਬਹੁਗਿਣਤੀ ਸਿੱਖਾਂ ਦੀ ਰਹਿਤ ਦਾ ਕੇਂਦਰ ਗੁਰੂ-ਲਿਵ (ਨਾਮ-ਬਾਣੀ) ਨਹੀਂ ਰਿਹਾ ਜਿਸ ਕਾਰਨ ਸਿੱਖ-ਸੁਰਤਿ ਵਿੱਚੋਂ ਇਲਾਹੀ ਹੁਕਮ ਅਤੇ ਰਜਾ ਦਾ ਅਹਿਸਾਸ ਪੇਤਲਾ ਹੋ ਗਿਆ ਹੈ। ਸਿੱਖ ਇਲਾਹੀ ਬਖਸ਼ਿਸ਼ ਦੀ ਬਜਾਏ ਸਿਰਫ ਇਨਸਾਨੀ ਉਪਾਅ/ਵਿਧੀਆਂ ਉਪਰ ਟੇਕ ਰੱਖਣ ਲੱਗਾ ਹੈ। ਜਦੋਂ ਤੋਂ ਸਿੱਖ ਬਰਤਾਨਵੀ ਵਿਦਿਆ-ਤੰਤਰ ਨਾਲ ਸਿਧਾਏ ਗਏ ਉਦੋਂ ਤੋਂ ਜਿਊਂਦੇ ਧੜਕਦੇ ਅਹਿਸਾਸ ਵਾਲੀ ਪ੍ਰਤੀਤੀ ਸੱਤਿਆ ਨੂੰ ਡਾਹਢੀ ਸੱਟ ਵੱਜੀ ਹੈ। ਸਿੱਖਾਂ ਨੇ ਭਾਵੇਂ ਅਖੌਤੀ ਆਧੁਨਿਕਤਾ ਦੇ ਹਾਣੀ ਬਣਦਿਆਂ ਸਿੱਖ ਪਰੰਪਰਾ ਛੱਡੀ ਪਰ ਇਸ ਵਿੱਚੋਂ ਆਪਣੇ ਵਿਰਾਸਤੀ ਆਪੇ ਤੋਂ ਉੱਚਾ ਆਦਰਸ਼ ਅਤੇ ਅਮਲ ਨਹੀਂ ਪੈਦਾ ਕਰ ਸਕੇ ਸਗੋਂ ਸਰਬੱਤ ਦੇ ਭਲੇ ਦੇ ਉੱਚੇ ਆਦਰਸ਼ ਦੀ ਬਜਾਏ ਨਿੱਜ-ਪ੍ਰਸਤ, ਬੇਵਿਸ਼ਵਾਸੇ, ਕੂੜਿਆਰੇ ਅਮਲ ਵਾਲੇ ਆਗੂ ਉਭਰ ਰਹੇ ਹਨ। ਇਸ ਤਰਾਂ ਦੇ ਆਗੂ ਸਿਰਫ ਉਭਰ ਹੀ ਨਹੀਂ ਰਹੇ ਸਗੋਂ ਸਿੱਖਾਂ ਦਾ ਵੱਡਾ ਹਿੱਸਾ ਉਹਨਾਂ ਨੂੰ ਪ੍ਰਵਾਨ ਵੀ ਕਰ ਰਿਹਾ ਹੈ। ਇਸ ਅਮਲ ਨੇ ਹੁਣ ਬਹੁਤ ਰਫਤਾਰ ਫੜੀ ਹੋਈ ਹੈ। ਸਾਡੇ ਵੱਡੇ ਆਖ ਗਏ ਕਿ ਸਿੱਖੀ ਗੱਲਾਂ ਨਾਲ ਨਹੀਂ ਸਗੋਂ ਅਮਲਾਂ ਨਾਲ ਫੈਲਦੀ ਹੈ ਪਰ ਬਿਜਲ ਸੱਥ ਦੇ ਪਸਾਰਾਂ ਕਰਕੇ ਹੁਣ ਅਮਲਾਂ ਨਾਲੋਂ ਗੱਲਾਂ ਵਾਲਿਆਂ ਨੂੰ ਵੱਧ ਥਾਂ ਮਿਲਣ ਲੱਗੀ ਹੈ ਜੋ ਕਿ ਇੱਕ ਖਤਰਨਾਕ ਰੁਝਾਨ ਹੈ। ਇਸ ਵਿੱਚ ਵੀ ਕੋਈ ਦੋ-ਰਾਏ ਨਹੀਂ ਹੈ ਕਿ ਅਮਲਾਂ ਦਾ ਕੱਚਾ ਮਨੁੱਖ ਵੀ ਕਿਸੇ ਕਾਰਜ ਵਿੱਚ ਕੋਈ ਤਿਲ-ਫੁੱਲ ਯੋਗਦਾਨ ਇਮਾਨਦਾਰੀ ਨਾਲ ਪਾ ਸਕਦਾ ਹੈ ਪਰ ਉਸ ਨੂੰ ਆਗੂ ਬਣਾ ਪੇਸ਼ ਕਰਨਾ ਜਾਂ ਸਮਝ ਲੈਣਾ ਜਾਂ ਪ੍ਰਵਾਨ ਕਰ ਲੈਣਾ ਬਹੁਤ ਵੱਡੀ ਭੁੱਲ ਹੈ, ਇਹ ਪੰਥ ਦੀ ਰਵਾਇਤ ਨਹੀਂ ਹੈ।

ਪ੍ਰੋ. ਹਰਿੰਦਰ ਸਿੰਘ ਮਹਿਬੂਬ ਆਪਣੀ ਕਿਤਾਬ ‘ਸਹਿਜੇ ਰਚਿਓ ਖਾਲਸਾ’ ਵਿੱਚ ਲਿਖਦੇ ਹਨ ਕਿ ‘ਖਾਲਸੇ ਦੀ ਧਾਰਮਿਕ ਗਤੀ ਰਾਜਸੀ ਨਿਜ਼ਾਮਾਂ ਨੂੰ ਜਨਮ ਦੇਵੇਗੀ ਅਤੇ ਉਹਨਾਂ ਨੂੰ ਆਪਣੇ ਸੁਰਤਾਲ ਵਿੱਚ ਰੱਖੇਗੀ, ਪਰ ਕਿਸੇ ਵੀ ਰਾਜਸੀ ਨਿਜ਼ਾਮ ਨੂੰ ਖ਼ਾਲਸਾ ਆਪਣੀ ਧਾਰਮਿਕ ਗਤੀ ਉੱਤੇ ਹਾਵੀ ਨਹੀਂ ਹੋਣ ਦੇਵੇਗਾ।’ ਆਪਾਂ ਉੱਪਰ ਵੀ ਪੜ ਆਏ ਹਾਂ ਕਿ ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਇੱਕ ਖਾਸ ਜਬਤ ਦਿੱਤਾ ਹੈ। ਗੁਰਮੁਖਿ ਰਹਿਤ ‘ਚ ਚੱਲਦਿਆਂ ਹੀ ਖਾਲਸਾ ਗੁਰੂ ਦੇ ਗੁਣ ਧਾਰਨ ਕਰ ਸਕਦਾ ਹੈ। ਪਰ ਨਿੱਜ-ਪ੍ਰਸਤ, ਬੇਵਿਸ਼ਵਾਸੇ ਅਤੇ ਕੂੜਿਆਰੇ ਅਮਲ ਵਾਲੇ ਆਗੂਆਂ ਦੇ ਉਭਾਰ ਵਾਲੇ ਇਸ ਦੀਰਘ ਰੋਗ ਦਾ ਇਲਾਜ ਉਨਾਂ ਪੰਥਕ ਰਵਾਇਤਾਂ ਦੀ ਪੁਨਰ-ਸੁਰਜੀਤੀ ਵਿੱਚ ਪਿਆ ਹੈ, ਜਿਨਾਂ ਨਾਲੋਂ ਅਸੀਂ ਬੁਰੀ ਤਰਾਂ ਟੁੱਟ ਚੁੱਕੇ ਹਾਂ। ਗੁਰੂ ਪਾਤਿਸਾਹ ਮਿਹਰ ਕਰਨ ਅਸੀਂ ਆਪਣੀਆਂ ਰਵਾਇਤਾਂ ਨੂੰ ਮੁੜ-ਸੁਰਜੀਤ ਕਰਨ ਲਈ ਯਤਨਸ਼ੀਲ ਹੋ ਸਕੀਏ ਅਤੇ ਘੜੀ-ਮੁੜੀ ਕਿਸੇ ਵੀ ਮਨੁੱਖ ਵੱਲ ਉਲਾਰੂ ਹੋ ਕੇ, ਉਸ ਉਤੇ ਟੇਕ ਰੱਖ ਕੇ ਆਪਣਾ ਆਗੂ ਸਮਝਣ/ਪ੍ਰਵਾਨ ਕਰਨ ਤੋਂ ਮੋੜਾ ਕੱਟ ਸਕੀਏ ਅਤੇ ਆਪਣੀ ਰਵਾਇਤ ਅਨੁਸਾਰ ਆਗੂ ਚੁਣਨ ਦੇ ਰਾਹ ਪੈ ਸਕੀਏ।

# ਸਿੱਖ ਪੰਥ ਗੁਆ ਰਿਹਾ ਸਾਂਝੇ ਪਰਿਵਾਰ ਦਾ ਗੁਰੂ ਵਿਰਸਾ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

98157-00916

ਸਾਡੀ ਸਮਝ ਗੁਰੂ ਫਲਸਫੇ ਤੇ ਗੁਰੂ ਦੇ ਦਿਤੇ ਸਭਿਆਚਾਰ ਉਪਰ ਬਹੁਤ ਮਜਬੂਤ ਹੋਣੀ ਚਾਹੀਦੀ ਹੈ ਕਿ ਸਿੱਖ ਸਭਿਆਚਾਰ, ਯਹੂਦੀਵਾਦ ਵਾਂਗ ਨਿਜਤਾ ਉਪਰ ਨਹੀਂ, ਸੰਗਤੀ ਸਭਿਆਚਾਰ ਉਪਰ ਆਧਾਰਿਤ ਹੈ। ਨਿਜਤਾ ਤੁਹਾਡੇ ਪਰਿਵਾਰ ਤੇ ਪੰਥ ਨੂੰ ਨਿਗਲਦੀ ਤੇ ਤੁਹਾਡੇ ਦੁੱਖਾਂ ਦਾ ਕਾਰਨ ਬਣਦੀ ਹੈ। ਸਿੱਖ ਦਾ ਵਜੂਦ ਘਰ ਪਰਿਵਾਰ ਤੋਂ ਸ਼ੁਰੂ ਹੋ ਕੇ ਗੁਰਮਤਿ ਦੇ ਸਕੂਲ ਗੁਰਦੁਆਰੇ ਵਿਚ ਸੰਗਤ ਦੇ ਸਰੂਪ ਵਿਚ ਤਬਦੀਲ ਹੁੰਦਾ ਹੈ। ਗੁਰੂ ਨੇ ਏਕਤਾ, ਸਾਂਝੀਵਾਲਤਾ, ਬਰਾਬਰੀ ਵਿਚ ਸਿੱਖ ਦਾ ਜੀਵਨ, ਦੁੱਖਾਂ ਦਾ ਹੱਲ ਤੇ ਮੁਕਤੀ ਦੱਸੀ ਹੈ।ਇਹ ਸੰਗਤ ਤੇ ਸਾਂਝੀ ਸੋਚ ਵਿਚੋਂ ਪੈਦਾ ਹੋਣੀ ਹੈ।ਸਾਡੇ ਗ੍ਰੰਥੀ, ਪ੍ਰਚਾਰਕ ਇਸ ਵਿਆਖਿਆ ਵੱਲ ਨਹੀਂ ਜਾ ਰਹੇ। ਸਿੱਖ ਸਭਿਆਚਾਰ ਦੇ ਉਜਾੜੇ ਕਾਰਨ ਸੰਗਤ ਵੀ ਟੁਟ ਰਹੀ ਹੈ ਤੇ ਸਾਂਝੇ ਪਰਿਵਾਰ ਵੀ। ਜਿਥੇ ਨਿਜਤਾ, ਮਾਡਰਨ ਸਭਿਆਚਾਰ ਆ ਗਿਆ ਉਥੇ ਸਾਡੀ ਮਤਿ ਭ੍ਰਿਸ਼ਟੀ ਗਈ। ਉਥੇ ਅਸੀਂ ਆਪਣੇ ਆਪ ਤੋਂ ਬੇਗਾਨੇ ਹੋ ਕੇ ਮਾਨਸਿਕ ਰੋਗੀ ਹੋ ਗਏ ਹਾਂ। ਸਾਡੇ ਗਲੇ ਵਿਚ ਗੁਲਾਮੀ ਪੈ ਗਈ। ਗੁਰੂ ਦਾ ਬੰਦਾ ਗੁਰੂ ਦੇ ਸਭਿਆਚਾਰ ਬਿਨਾਂ ਜੀਉਂਦਾ ਰਹਿ ਨਹੀਂ ਸਕਦਾ। ਗੁਰੂ ਵਾਰ ਵਾਰ ਨਿਜਤਾ ਤਿਆਗਣ ਸੰਗਤ ਨਾਲ ਜੁੜਨ ਲਈ ਆਖਦੇ ਹਨ ਤਾਂ ਜੋ ਗੁਰੂ ਦਾ ਸਿੱਖ ਜੀਵਨ ਮੁਕਤ ਹੋ ਸਕੇ। ਜਿਹੜੇ ਮਨੁੱਖ ਸਤਿਸੰਗਤਿ ਵਿੱਚ ਮਿਲ ਕੇ ਬੈਠਦੇ ਹਨ, ਉਹ ਵਿਅਰਥ ਤੌਖ਼ਲੇ-ਫ਼ਿਕਰਾਂ ਤੋਂ ਬਚ ਜਾਂਦੇ ਹਨ ਤੇ ਆਪਣਾ ਮਨੁੱਖਾ ਜਨਮ ਸਫਲ ਕਰ ਲੈਂਦੇ ਹਨ। ਜਿਸ ਤਰਾਂ ਮੂੰਹ ਅੰਦਰ ਖੰਡ ਜਾਣ ਨਾਲ ਹੀ ਮਿਠਾਸ ਪਾਈ ਜਾ ਸਕਦੀ ਹੈ, ਠੀਕ ਉਸੇ ਤਰਾਂ ਗੁਰਬਾਣੀ ਦਾ ਵਿਚਾਰ ਤੇ ਸਭਿਆਚਾਰ ਨੂੰ ਹਿਰਦੇ ਵਿੱਚ ਵਸਾ ਕੇ ਹੀ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਗੁਰੂ ਦੀ ਕ੍ਰਿਪਾ ਹੀ ਹੈ, ਜਿਸ ਨਾਲ ਮਨੁੱਖ ਨੂੰ ਅਡੋਲਤਾ ਵਾਲੀ ਉੱਚੀ ਆਤਮਕ ਅਵਸਥਾ ਮਿਲ ਸਕਦੀ ਹੈ। ਸੰਸਾਰੀ ਸਭਿਆਚਾਰ ਤੋਂ ਨਿਰਲੇਪ ਰਹਿ ਸਕਦਾ ਹੈ। ਜਿਸ ਤਰਾਂ ਇੱਕ ਸੁੱਕੀ ਲੱਕੜੀ ਪਾਣੀ ਨਾਲ ਹਰੀ ਭਰੀ ਹੋ ਜਾਂਦੀ ਹੈ, ਠੀਕ ਉਸੇ ਤਰਾਂ ਗੁਰਬਾਣੀ ਦਾ ਫਲਸਫਾ ਤੇ ਸਭਿਆਚਾਰ ਹਿਰਦੇ ਵਿੱਚ ਵਸਾਉਣ ਨਾਲ ਇੱਕ ਵਿਕਾਰੀ ਮਨੁੱਖ, ਦੁਖਾਂ ਵਿਚੋਂ ਨਿਕਲ ਕੇ ਖੁਸ਼ਹਾਲ ਜੀਵਨ ਬਤੀਤ ਕਰ ਸਕਦਾ ਮਨੋਰੋਗਾਂ , ਬੇਗਾਨਗੀ , ਦੁਖਾਂ ਤੋਂ ਮੁਕਤ ਹੋ ਸਕਦਾ ਹੈ।

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ ੧॥ ਰਹਾਉ॥ (੧੦)

ਅੱਜ ਦੇ ਆਧੁਨਿਕ ਯੁਗ ਵਿਚ ਸਾਂਝੇ ਪਰਿਵਾਰ ਤਿਆਗਣ ਕਾਰਨ ਗੁਰੂ ਦੀ ਸੰਗਤ ਘਟੀ ਤੇ ਟੁਟੀ ਹੈ। ਗੁਰਦੁਆਰਿਆਂ ਵਿਚ ਇਹ ਸਥਿਤੀ ਤੁਸੀਂ ਦੇਖ ਸਕਦੇ ਹੋ। ਪਰਿਵਾਰ ਦੇ ਬਜੁਰਗ ਜੋ ਬੱਚਿਆਂ ਤੇ ਯੂਥ ਨੂੰ ਸਿਖਿਆ ਦਿੰਦੇ ਹਨ ਉਨਾਂ ਦਾ ਹੁਣ ਯੂਥ ਨਾਲ ਸੰਪਰਕ ਨਹੀਂ, ਕਿਉਕਿ ਸਾਂਝੇ ਪਰਿਵਾਰ ਟੁਟ ਗਏ ਹਨ। ਯਾਦ ਰਖੋ ਕਿ ਬੱਚਿਆਂ ਦਾ ਪਹਿਲਾ ਸਕੂਲ ਘਰ ਹੁੰਦਾ ਹੈ। ਉੱਥੇ ਹੀ ਬੱਚਿਆਂ ਦੀ ਪਾਲਣ-ਪੋਸ਼ਣ ਦੀ ਸ਼ੁਰੂਆਤ ਘਰ ਦੇ ਬਜ਼ੁਰਗਾਂ ਤੋਂ ਹੁੰਦੀ ਹੈ। ਦਾਦਾ-ਦਾਦੀ ਅਤੇ ਨਾਨਾ-ਨਾਨੀ ਤੋਂ ਬਿਨਾਂ ਬਚਪਨ ਅਧੂਰਾ ਲੱਗਦਾ ਹੈ ਕਿਉਂਕਿ ਉਹ ਹੀ ਤਾਂ ਹਨ ਜੋ ਪਰਿਵਾਰ ਅਤੇ ਸੰਸਕਾਰਾਂ ਦੀ ਨੀਂਹ ਰੱਖਦੇ ਹਨ ਪਰ ਅੱਜ ਦੇ ਮਾਡਰਨ ਦੌਰ ਵਿਚ ਸਿੱਖ ਪਰਿਵਾਰ ਗੁਰੂ ਵਿਰਸੇ ਤੋਂ ਟੁਟ ਗਏ। ਸਾਡਾ ਸਾਰਾ ਕੁਝ ਪਿੱਛੇ ਰਹਿ ਗਿਆ ਹੈ ਅਤੇ ਸਾਡੇ ਗਿਆਨ ਸਿਲੇਬਸਾਂ ਦਾ ਪੱਛਮੀਕਰਨ ਹੋ ਗਿਆ।

ਬੱਚੇ ਆਪਣੇ ਵੱਡਿਆਂ ਤੋਂ ਹੀ ਸਭ ਕੁਝ ਸਿੱਖਦੇ ਹਨ। ਜੀਵਨ ਦੇ ਕਿਸੇ ਸਬਕ ਬਾਰੇ ਕਿਸੇ ਕਿਤਾਬ ਤੋਂ ਨਹੀਂ ਬਲਕਿ ਆਪਣੇ ਦਾਦਾ-ਦਾਦੀ ਤੋਂ ਹੀ ਸਿੱਖਦੇ ਹਨ। ਬੱਚਿਆਂ ਦਾ ਗੁਰੂ ਨਾਲ ਜੁੜਨਾ, ਵੱਡਿਆਂ ਦਾ ਆਦਰ ਕਰਨਾ, ਛੋਟਿਆਂ ਨੂੰ ਪਿਆਰ ਇਹ ਸਾਰੀਆਂ ਗੱਲਾਂ ਬੱਚੇ ਆਪਣੇ ਵੱਡਿਆਂ ਤੋਂ ਹੀ ਸਿੱਖਦੇ ਹਨ। ਇਨਾਂ ਹੀ ਨਹੀਂ ਆਪਣੇ ਰੀਤੀ-ਰਿਵਾਜਾਂ ਅਤੇ ਸੰਸਕਾਰਾਂ ਦਾ ਗਿਆਨ ਵੀ ਬੱਚਿਆਂ ਨੂੰ ਵੱਡਿਆਂ ਤੋਂ ਹੀ ਮਿਲਦਾ ਹੈ।

ਬੱਚਿਆਂ ਲਈ ਜ਼ਰੂਰੀ ਦਾਦਾ-ਦਾਦੀ, ਨਾਨਾ ਨਾਨੀ ਦਾ ਰਿਸ਼ਤਾ ਹੈ। ਬੱਚੇ ਆਪਣੇ ਮਾਤਾ-ਪਿਤਾ ਤੋਂ ਜ਼ਿਆਦਾ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੇ ਕਰੀਬ ਹੁੰਦੇ ਹਨ। ਉਨਾਂ ਦੇ ਨਾਲ ਮਸਤੀ ਕਰਦੇ ਹਨ, ਸਾਖੀਆਂ ਸੁਣਦੇ ਹਨ ਅਤੇ ਸਾਰੀਆਂ ਗੱਲਾਂ ਵੀ ਸ਼ੇਅਰ ਕਰਦੇ ਹਨ।

ਅੱਜ ਦੇ ਜ਼ਮਾਨੇ ’ਚ ਬੱਚਿਆਂ ਦੀ ਸੋਚ ਅਤੇ ਉਨਾਂ ਦਾ ਵੱਡਿਆਂ ਲਈ ਪਿਆਰ ਤੇ ਸਤਿਕਾਰ ਗੁਆਚਦਾ ਜਾ ਰਿਹਾ ਹੈ ਪਰ ਇਸਦੇ ਪਿੱਛੇ ਜਿੰਮੇਵਾਰ ਅਸੀ ਆਪ ਹੀ ਹਾਂ। ਜੇਕਰ ਤੁਸੀਂ ਬੱਚਿਆਂ ਦੇ ਸਿਰ ’ਤੇ ਸੰਸਕਾਰਾਂ ਅਤੇ ਵਿਚਾਰਾਂ ਦਾ ਭਾਰ ਰੱਖ ਦਿੰਦੇ ਹੋ ਤਾਂ ਬੱਚੇ ਇਸਨੂੰ ਨਹੀ ਅਪਨਾਉਣਗੇ । ਇਸ ਲਈ ਬਚਪਨ ਤੋਂ ਸਿਖਿਆ ਜਰੂਰੀ ਹੈ ਜੋ ਸਾਂਝੇ ਪਰਿਵਾਰ ਤੋਂ ਪ੍ਰਾਪਤ ਹੋ ਸਕਦੀ ਹੈ। ਦਾਦਾ ਦਾਦੀ, ਨਾਨਾ ਨਾਨੀ ਜੋ ਪਾਰਸ ਹਨ, ਬੱਚਿਆਂ ਨੂੰ ਕੁੰਦਨ ਵਾਂਗ ਚਮਕਾਉਂਦੇ ਹਨ ਉਹ ਆਪਣੇ ਨਾਲੋਂ ਤੋੜ ਦਿੱਤੇ। ਉਹੀ ਬੱਚਾ ਮਾਂ-ਬਾਪ ਪ੍ਰਤੀ ਸੁਹਿਰਦ ਨਹੀਂ ਹੁੰਦਾ, ਉਸਨੂੰ ਵੀ ਆਪਣੇ ਮਾਂ-ਬਾਪ ਰੱਦੀ ਲਗਦੇ ਹਨ। ਅੱਜ ਪਰਿਵਾਰਾਂ ਦੀ ਪਰਿਭਾਸ਼ਾ ਤਾਂ ਬਿਲਕੁਲ ਹੀ ਸੁੰਗੜ ਗਈ ਹੈ। ਅੱਜ ਪਰਿਵਾਰ ਪਤੀ ਪਤਨੀ ਤੇ ਉਨਾਂ ਦੇ ਬੱਚਿਆਂ ਤੱਕ ਹੀ ਸੀਮਤ ਹੋ ਗਿਆ ਹੈ। ਅੱਜ ਦੇ ਜ਼ਿਆਦਾਤਰ ਬੱਚੇ ਦਾਦਾ-ਦਾਦੀ, ਨਾਨਾ ਨਾਨੀ ਨੂੰ ਵੀ ਇਹ ਕਹਿ ਦਿੰਦੇ ਹਨ ਕਿ ਤੁਸੀਂ ਸਾਡੇ ਪਰਿਵਾਰ ਵਿੱਚ ਸ਼ਾਮਲ ਨਹੀਂ ਹੋ। ਇਸ ਤਰਾਂ ਦੀ ਪਰਿਵਾਰ ਦੀ ਪ੍ਰਥਾ ਨੇ ਸਮਾਜ ਦਾ ਤਾਣਾ-ਬਾਣਾ ਬਿਲਕੁਲ ਹੀ ਬਦਲ ਦਿੱਤਾ ਹੈ। ਅਜੋਕੇ ਸਮੇਂ ਹਰ ਬੰਦਾ ਇਹ ਸ਼ਿਕਾਇਤ ਕਰਦਾ ਹੈ ਕਿ ਅੱਜ ਦੇ ਬੱਚੇ ਬੜੇ ਸੁਆਰਥੀ ਹਨ। ਉਹ ਕਿਸੇ ਰਿਸ਼ਤੇ ਦੀ ਕੋਈ ਪ੍ਰਵਾਹ ਨਹੀਂ ਕਰਦੇ। ਹਾਲਾਤ ਇਹੋ ਜਿਹੇ ਹੋ ਰਹੇ ਹਨ ਕਿ ਬੱਚੇ ਆਪਣੇ ਮਾਂ-ਬਾਪ ਦੀ ਵੀ ਪ੍ਰਵਾਹ ਘੱਟ ਹੀ ਕਰਦੇ ਹਨ। ਮਾਂ -ਬਾਪ ਜੋ ਕੁਝ ਵੀ ਆਪਣੇ ਬੱਚਿਆਂ ਵਾਸਤੇ ਕਰਦੇ ਹਨ, ਬੱਚੇ ਉਸ ਨੂੰ ਉਨਾਂ ਦਾ ਫ਼ਰਜ਼ ਦੱਸਦੇ ਹਨ। ਇਸੇ ਕਾਰਨ ਅੱਜ ਕਈ ਬਜ਼ੁਰਗ ਮਾਪਿਆਂ ਨੂੰ ਘਰੋਂ ਕੱਢ ਦਿੱਤਾ ਜਾਂਦਾ ਹੈ ਜਾਂ ਬੱਚਿਆਂ ਤੋਂ ਤੰਗ ਆ ਕੇ ਮਾਪੇ ਘਰਾਂ ਵਿੱਚ ਘੁਟਣ ਮਹਿਸੂਸ ਕਰਨ ਕਰਕੇ ਬਿਰਧ ਆਸ਼ਰਮਾਂ ਵਿੱਚ ਰਹਿਣ ਲਈ ਮਜਬੂਰ ਹੋ ਜਾਂਦੇ ਹਨ। ਇਸ ਦੀ ਮਿਸਾਲ ਬਿਰਧ ਆਸ਼ਰਮਾਂ ਦੀ ਗਿਣਤੀ ਵਿਚ ਹੋ ਰਿਹਾ ਲਗਾਤਾਰ ਵਾਧਾ ਹੈ। ਮਾਪਿਆਂ ਨਾਲ ਬੱਚਿਆਂ ਵੱਲੋਂ ਗ਼ਲਤ ਵਤੀਰੇ ਦੀਆਂ ਖ਼ਬਰਾਂ ਵੀ ਅੱਜ ਆਮ ਪੜਨ-ਸੁਣਨ ਨੂੰ ਮਿਲਦੀਆਂ ਹਨ ਅਤੇ ਆਪਣੇ ਆਸ ਪਾਸ ਇਹੋ ਜਿਹਾ ਕੁਝ ਦੇਖਣ ਨੂੰ ਵੀ ਆਮ ਮਿਲ ਜਾਂਦਾ ਹੈ। ਅੱਜ ਕੱਲ ਕੰਮਕਾਜੀ ਮਾਪਿਆਂ ਦੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਇਕੱਲੇਪਣ ਦੀ ਆਦਤ ਹੋ ਜਾਂਦੀ ਹੈ। ਦੂਜਾ ਅੱਜ ਕੱਲ ਦੇ ਬੱਚੇ ਟੀ.ਵੀ. ਇੰਟਰਨੈੱਟ ਅਤੇ ਮੋਬਾਈਲਾਂ ਦੇ ਆਦੀ ਹੋ ਰਹੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅੱਜ ਤਾਂ ਇਕਹਿਰੇ ਪਰਿਵਾਰ ਦੇ ਵਿੱਚ ਹੀ ਹੋਰ ਇਕਹਿਰੇ ਪਰਿਵਾਰ ਪੈਦਾ ਹੋ ਰਹੇ ਹਨ ਕਿਉਂਕਿ ਅੱਜ ਅੱਜ ਕੱਲ ਹਰ ਬੱਚਾ ਆਪਣੇ ਕਮਰੇ ਵਿੱਚ ਰਹਿਣਾ ਪਸੰਦ ਕਰਦਾ ਹੈ। ਇਕੱਠੇ ਮਿਲ ਕੇ ਬੈਠਣ ਦਾ ਰਿਵਾਜ ਲਗਭਗ ਖ਼ਤਮ ਹੀ ਹੋ ਗਿਆ ਹੈ। ਜੇ ਕਦੇ ਸਾਰੇ ਮੈਂਬਰ ਇੱਕ ਥਾਂ ਇਕੱਠੇ ਬੈਠਦੇ ਵੀ ਹਨ ਤਾਂ ਹਰ ਕੋਈ ਆਪਣੇ ਆਪਣੇ ਮੋਬਾਈਲ ’ਤੇ ਰੁਝਿਆ ਹੁੰਦਾ ਹੈ। ਖ਼ਾਸ ਤੌਰ ’ਤੇ ਬੱਚੇ ਤਾਂ ਮੋਬਾਈਲ ਨੂੰ ਕਦੀ ਛੱਡਦੇ ਹੀ ਨਹੀਂ। ਇਸ ਤਰਾਂ ਰਲ-ਮਿਲ ਕੇ ਗੱਲਾਂਬਾਤਾਂ ਸਾਂਝੀਆਂ ਕਰਨ ਦਾ ਘਰਾਂ ਵਿੱਚ ਘੱਟ ਹੀ ਮਾਹੌਲ ਬਣਦਾ ਹੈ, ਪਰ ਇਸ ਸਭ ਦੇ ਨਤੀਜੇ ਕੋਈ ਬਹੁਤੇ ਚੰਗੇ ਨਹੀਂ ਨਿਕਲ ਰਹੇ। ਇਸ ਲਈ ਲੋੜ ਹੈ ਸਮੇਂ ਦੀ ਨਜ਼ਾਕਤ ਨੂੰ ਸਮਝਣ ਦੀ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਘਰਾਂ ਦਾ ਵਾਤਾਵਰਨ ਇਸ ਤਰਾਂ ਦਾ ਬਣਾਉਣ ਕਿ ਬੱਚੇ ਨੂੰ ਰਿਸ਼ਤਿਆਂ ਦੇ ਮਹੱਤਵ ਤੇ ਸਮਾਜਿਕ ਕਦਰਾਂ-ਕੀਮਤਾਂ ਦੀ ਸਿੱਖਿਆ ਸਹਿਜ-ਸੁਭਾਅ ਘਰ ਵਿੱਚੋਂ ਹੀ ਮਿਲਦੀ ਰਹੇ। ਆਪਣੇ ਮਾਪਿਆਂ ਅਤੇ ਹੋਰ ਬਜ਼ੁਰਗਾਂ ਤੇ ਰਿਸ਼ਤੇਦਾਰਾਂ ਦਾ ਮਾਣ-ਸਨਮਾਨ ਕਰਕੇ ਅਸੀਂ ਆਪਣੇ ਬੱਚਿਆਂ ਸਾਹਮਣੇ ਮਿਸਾਲ ਪੇਸ਼ ਕਰ ਸਕਦੇ ਹਾਂ। ਪਰਿਵਾਰ ਦੇ ਹਰ ਔਖੇ-ਸੌਖੇ ਤੇ ਮਾੜੇ-ਚੰਗੇ ਵਕਤ ਵਿੱਚ ਬੱਚਿਆਂ ਨੂੰ ਪੂਰਨ ਤੌਰ ’ਤੇ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਜੋ ਬੱਚੇ ਸ਼ੁਰੂ ਤੋਂ ਹੀ ਘਰ-ਪਰਿਵਾਰ ਅਤੇ ਰਿਸ਼ਤਿਆਂ ਦੀ ਅਹਿਮੀਅਤ ਸਮਝ ਜਾਣ ਅਤੇ ਇੱਕ ਸਾਂਝੇ ਨਰੋਏ ਤੇ ਮਨਭਾਉਂਦੇ ਸਮਾਜ ਦੀ ਸਥਾਪਨਾ ਹੋ ਸਕੇ।ਇਹ ਵਰਤਾਰਾ ਵਿਦੇਸ਼ਾਂ ਵਿਚ ਸਿਖ ਪਰਿਵਾਰਾਂ ਦਾ ਗੰਭੀਰ ਤੇ ਰੋਗੀ ਕਿਸਮ ਦਾ ਹੈ।ਬੱਚਾ ਵਿਦੇਸ਼ ਪੜਨ ਗਿਆ ਪੜਾਈ ਪੂਰੀ ਕਰਕੇ ਵਾਪਸ ਨਹੀਂ ਆਇਆ। ਮਾਂ ਬਾਪ ਮਿਲਣ ਨੂੰ ਤਰਸ ਗਏ। ਵਿਆਹਿਆ ਗਿਆ ਆਪਣੇ ਪਰਿਵਾਰ ਨਾਲ ਟੁਟ ਗਿਆ। ਬੱਚੇ ਸੋਚਦੇ ਹਨ ਪਿਆਰ, ਸਾਂਝ ਕੋਈ ਚੀਜ ਨਹੀਂ, ਇਹ ਤਾਂ ਪਰਿਵਾਰਕ ਜਿੰਮੇਵਾਰੀ ਹੈ। ਇਹੀ ਤਾਂ ਮਾਡਰਨ ਕਲਚਰ ਹੈ ਕਿ ਪਰਿਵਾਰਾਂ ਦਾ ਟੁਟਣਾ। ਤਲਾਕ ਦਾ ਕਾਰਨ ਮਨੁੱਖੀ ਰਿਸ਼ਤਿਆਂ ਨੂੰ ਜਿੰਮੇਵਾਰੀ ਤਕ ਸੀਮਤ ਕਰਨਾ ਹੈ। ਜਦ ਗੁਰੂ ਦਾ ਫਲਸਫਾ ਰੂਹ ਸਭਿਆਚਾਰ ਨਿਕਲ ਗਿਆ ਤੁਸੀਂ ਸਿਖ ਕਿਵੇਂ ਰਹਿ ਸਕਦੇ ਹੋ।ਤੁਹਾਡੀ ਤੀਜੀ ਪੀੜੀ ਸਿੱਖ ਕਦੇ ਨਹੀਂ ਰਹਿ ਸਕਦੀ। ਤੁਸੀਂ ਖੁਦ ਦੋਸ਼ੀ ਹੋ ਜੋ ਬੀਜਿਆ ਉਹੀ ਵਢਣਾ ਪੈ ਰਿਹਾ। ਗੁਰੂ ਦੀ ਸੋਚ ਸੰਸਾਰ ਨਾਲ ਚਲਣ ਵਾਲੀ ਨਹੀਂ ਹੈ ,ਗੁਰੂ ਦਾ ਫਲਸਫਾ ਕਾਇਨਾਤੀ ਹੈ ਜੋ ਸੰਸਾਰ ਨੂੰ ਇਕ ਪਰਿਵਾਰ ਵਿਚ ਬੰਨ ਕੇ ਨਸਲਵਾਦ ਰੰਗ ਭੇਦ ਸਭ ਵਿਕਾਰ ਖਤਮ ਕਰਦਾ ਹੋ। ਮਾਡਰਨ ਜਿੰਦਗੀ ਇਕਲਤਾ ਗੰਭੀਰ ਰੋਗ ਹੈ। ਸਿੱਖੀ ਬਚਾਉਣੀ ਹੈ ਆਪਣੇ ਪਰਿਵਾਰ ਬਚਾਉ। ਮਾਡਰਨ ਸਭਿਆਚਾਰ ਵਿਚ ਨਾ ਸੁਟੋ। ਇਕ ਵਾਰ ਆਪਣੇ ਛੋਟੇ ਬੱਚੇ ਨੂੰ ਦਾਦਾ ਦਾਦੀ, ਨਾਨਾ ਨਾਨੀ ਕੋਲ ਛੱਡ ਕੇ ਦੇਖੋ ਉਹ ਕਿੰਨਾ ਅਰਾਮ ਮਹਿਸੂਸ ਕਰੇਗਾ। ਉਸਦੇ ਸੁਭਾਅ ਵਿਚ ਇਕੱਲਤਾ ਵਿਚ ਰਹਿ ਰਹੇ ਬੱਚਿਆਂ ਨਾਲੋਂ ਯੋਗ ਤੇ ਉਸਾਰੂ ਤਬਦੀਲੀ ਆਵੇਗੀ। ਮਾਡਰਨ ਜਿੰਦਗੀ ਸਾਡੀ ਗੁਲਾਮੀ ਦਾ ਕਾਰਨ ਹੈ। ਜਿਵੇਂ ਤੁਸੀਂ ਮਾਂ-ਬਾਪ ਦਾ ਬੁਢਾਪਾ ਰੋਲਿਆ ਉਂਝ ਥੋਡੇ ਬੱਚੇ ਥੋਡਾ ਬੁਢਾਪਾ ਰੋਲ ਰਹੇ ਹਨ। ਇਸੇ ਨੂੰ ਤੁਸੀਂ ਮਾਡਰਨ ਕਲਚਰ ਆਖਦੇ ਹੋ ਜੋ ਥੋਡੇ ਦੁਖਾਂ ਦਾ ਕਾਰਨ ਹੈ। ਗੋਰੇ ਵਿਆਹ, ਔਲਾਦ ਪੈਦਾ ਕਰਨ ਤੋਂ ਕਤਰਾ ਰਹੇ ਹਨ। ਕਿਉਂ ਰਿਸ਼ਤੇ ਬੋਝ ਬਣ ਗਏ ਹਨ। ਪਿਆਰ, ਮੋਹ ਤੇ ਸਾਂਝ ਸਭ ਉਡ ਗਿਆ। ਆਪਣਾ ਗੁਰਮਤਿ ਸੰਗਤੀ ਸਿੱਖ ਸਾਂਝੇ ਪਰਿਵਾਰ ਵਾਲਾ ਸਭਿਆਚਾਰ ਲਾਗੂ ਕਰੋ। ਗੁਰੂ ਦੀ ਪਿਠ ਵਿਚ ਛੁਰਾ ਨਾ ਮਾਰੋ ਜਿਸਨੇ ਥੋਡੇ ਲਈ ਸ਼ਹਾਦਤਾਂ ਦਿੱਤੀਆਂ ਤੇ ਚੰਗੀ ਸੋਚ ਵਾਲੇ ਮਨੁੱਖ ਗੁਰਮੁਖਿ ਰੂਪ ਵਿਚ ਸਿਰਜਿਆ। ਇਹ ਵਿਚਾਰ ਗੁਰਦੁਆਰਿਆਂ ਵਿਚ ਲਗਾਤਾਰ ਪ੍ਰਚਾਰੋ। ਨੌਜਵਾਨ ਪੀੜੀ ਤਾਂ ਹੀ ਤੁਹਾਡੇ ਨਾਲ ਜੁੜੀ ਰਹਿ ਸਕਦੀ ਹੈ।

## ਕਾਨੂੰਨ ਦੀ ਦੁਰਵਰਤੋਂ ਧਾਰਾ 124

# ਬਗਾਵਤ ਭਾਰਤੀ ਸੰਵਿਧਾਨ ਵਿਰੋਧੀ



**ਬਘੇਲ ਸਿੰਘ ਪੱਤਰਕਾਰ**
**99142-58142**

ਭਾਰਤੀ ਦੰਡ ਵਿਧਾਨ ਅੰਦਰ ਧਾਰਾ 124-ਏ ਰਾਜ ਵਿਰੁੱਧ ਬਗਾਵਤ ਕਰਨ ਨਾਲ ਸਬੰਧਤ ਹੈ ਜਿਸ ਨੂੰ ਦੇਸ਼-ਧਰੋਹ ਵੀ ਕਿਹਾ ਜਾਂਦਾ ਹੈ। ਇਹ ਇਕ ਸੰਗੀਨ ਜੁਰਮ ਗਿਣਿਆ ਜਾਂਦਾ ਹੈ ਜਿਸ ਤਹਿਤ ਉਮਰ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਭਾਰਤ ਉਪਰ ਬਸਤੀਵਾਦੀ ਗਲਬੇ ਦੇ ਦੌਰਾਨ ਮੈਕਾਲੇ ਵੱਲੋਂ ਤਿਆਰ ਕੀਤੇ ਫੌਜਦਾਰੀ ਜਾਬਤਾ ਕਾਨੂੰਨ 'ਚ ਇਹ ਧਾਰਾ 1870 'ਚ ਸ਼ਾਮਲ ਕੀਤੀ ਗਈ ਸੀ। ਇਸ ਦਾ ਮਕਸਦ ਭਾਰਤ ਅੰਦਰ ਗੋਰਿਆਂ ਦੇ ਬਸਤੀਵਾਦੀ ਨਿਜ਼ਾਮ ਨੂੰ ਸੁਰੱਖਿਅਤ ਰੱਖਣਾ ਤੇ ਇਸ ਵਿਰੁੱਧ ਉੱਠ ਰਹੀ ਕੌਮੀ ਆਜ਼ਾਦੀ ਦੀ ਲਹਿਰ ਨੂੰ ਕੁਚਲਣਾ ਸੀ। ਇਹ ਅੱਤਿਆਚਾਰੀ ਧਾਰਾ ਵਿਚਾਰਾਂ ਦੀ ਸੁਤੰਤਰਤਾ ਅਤੇ ਪ੍ਰਗਟਾਵੇ ਦੇ ਜਮਹੂਰੀ ਬੁਨਿਆਦੀ ਅਧਿਕਾਰ ਨਾਲ ਟਕਰਾਵੀਂ ਹੈ। ਭਾਰਤੀ ਸੰਵਿਧਾਨ 'ਚ ਦਰਜ ਹੋਰ ਅਨੇਕ ਲੋਕ-ਵਿਰੋਧੀ ਧਾਰਾਵਾਂ ਵਾਂਗ ਇਹ ਧਾਰਾ ਵੀ ਭਾਰਤ ਦੇ 1947 ਦੇ ਬਾਅਦ ਦੇ ਕਾਲੇ ਅੰਗਰੇਜ ਹਾਕਮਾਂ ਨੂੰ ਗੋਰੇ ਬਸਤੀਵਾਦੀ ਹਾਕਮਾਂ ਤੋਂ ਵਿਰਾਸਤ 'ਚ ਮਿਲੀ ਹੈ। ਭਾਰਤੀ ਹਾਕਮਾਂ ਨੇ ਨਾ ਸਿਰਫ ਇਸ ਜਾਲਮਾਨਾ ਕਾਨੂੰਨ ਨੂੰ ਹਿੱਕ ਨਾਲ ਲਾ ਕੇ ਸਾਂਭ ਕੇ ਰੱਖਿਆ ਹੈ, ਸਗੋਂ ਇਸ ਤੋਂ ਕਿਤੇ ਵਧੇਰੇ ਭਿਆਨਕ ਤੇ ਅੱਤਿਆਚਾਰੀ ਕਾਲੇ ਕਾਨੂੰਨ ਬਣਾ ਕੇ ਆਪਣੇ ਆਪ ਨੂੰ ਉਹਨਾਂ ਦੇ ਖਰੇ ਵਾਰਸ ਹੋਣ ਦਾ ਸਬੂਤ ਦਿੱਤਾ ਹੈ।

ਭਾਰਤ ਦੀਆਂ ਹਾਕਮ ਜਮਾਤਾਂ ਤੇ ਸਿਆਸੀ ਗੁੱਟਾਂ ਵੱਲੋਂ ਜਮਾਤੀ ਵਿਰੋਧ ਨੂੰ ਕੁਚਲਣ ਤੇ ਸਿਆਸੀ ਵਿਰੋਧੀਆਂ ਨੂੰ ਦਬਾਉਣ ਲਈ ਹੋਰਨਾਂ ਕਾਨੂੰਨਾਂ ਦੇ ਨਾਲ ਨਾਲ ਸਮੇਂ ਸਮੇਂ ਇਸ ਧਾਰਾ ਦੀ ਵੀ ਅਕਸਰ ਦੁਰਵਰਤੋਂ ਕੀਤੀ ਜਾਂਦੀ ਰਹੀ ਹੈ। ਅਜਿਹੀ ਦੁਰਵਰਤੋਂ ਨੂੰ ਰੋਕਣ ਲਈ ਅੱਡ ਅੱਡ ਮੌਕਿਆਂ 'ਤੇ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਇਸ ਧਾਰਾ ਦੀ ਕਾਨੂੰਨੀ ਵਿਆਖਿਆ ਕਰਨ ਦੇ ਰੂਪ 'ਚ ਕਈ ਹੱਦਬੰਦੀਆਂ ਤੇ ਰੋਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਰਹੀਆਂ ਹਨ। 1962 ਦੇ ਪ੍ਰਸਿੱਧ ਕੇਦਾਰਨਾਥ ਸਿੰਘ ਬਨਾਮ ਬਿਹਾਰ ਸਰਕਾਰ ਨਾਮੀ ਮੁਕੱਦਮੇ 'ਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਕਿਸੇ ਵਿਅਕਤੀ ਉਪਰ ਦੇਸ਼-ਧ੍ਰੋਹ ਦਾ ਮੁਕੱਦਮਾ ਤਾਂ ਹੀ ਚਲਾਇਆ ਜਾ ਸਕਦਾ ਹੈ ਜੇ ਕਰ ਉਸ ਦੇ ਭਾਸ਼ਣ ਜਾਂ ਲਿਖਤ ਤੋਂ ਹਿੰਸਾ ਨੂੰ ਉਕਸਾਵਾ ਦੇਣ ਜਾਂ ਬਦਅਮਨੀ ਪੈਦਾ ਕਰਨ ਦੀ ਇੱਛਾ ਝਲਕਦੀ ਹੋਵੇ। ਇਸੇ ਤਰਾਂ 2015 ਦੇ ਸ਼ਰੇਆ ਸਿੰਘਲ ਬਨਾਮ ਭਾਰਤ ਸਰਕਾਰ ਨਾਂ ਦੇ ਮੁਕੱਦਮੇ 'ਚ ਵੀ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾਇਆ ਸੀ ਕਿ ਕਿਸੇ ਵਿਅਕਤੀ ਉਪਰ ਉਨਾਂ ਚਿਰ ਦੇਸ਼-ਧਰੋਹ ਦਾ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਜਿੰਨਾ ਚਿਰ ਉਸ ਦੇ ਭਾਸ਼ਣ-ਚਾਹੇ ਉਹ ਕਿੰਨਾ ਵੀ ਹਮਲਾਕਰੂ, ਗੁੱਸਾਦੁਆਊ ਜਾਂ ਤਕਲੀਫਦੇਹ ਕਿਉਂ ਨਾ ਹੋਵੇ-ਦਾ ਪਬਲਿਕ ਅਮਨ ਭੰਗ ਕਰਨ ਲਈ ਉਕਸਾਉਣ ਨਾਲ ਸਬੰਧ ਸਿੱਧ ਨਹੀਂ ਕੀਤਾ ਜਾਂਦਾ। ਕਹਿਣ ਦਾ ਭਾਵ ਇਹ ਹੈ ਕਿ ਰਾਜ (ਸਟੇਟ) ਵਿਰੁੱਧ ਲਿਖਣਾ ਜਾਂ ਬੋਲਣਾ ਆਪਣੇ ਆਪ 'ਚ ਹੀ ਕੋਈ ਅਪਰਾਧਕ ਮਾਮਲਾ ਨਹੀਂ ਬਣਦਾ ਜੇ ਕਰ ਇਹ ਵਿਰੋਧ ਬਦਅਮਨੀ ਪੈਦਾ ਕਰਨ ਲਈ ਕਿਸੇ ਅਮਲੀ ਕਾਰਵਾਈ ਲਈ ਉਕਸਾਵਾ ਨਹੀਂ ਬਣਦਾ। ਸੁਪਰੀਮ ਕੋਰਟ ਦੀਆਂ ਉਪਰ ਵਰਨਣ ਹਦਾਇਤਾਂ ਤੇ ਪੇਸ਼ਬੰਦੀਆਂ ਦੇ ਬਾਵਜੂਦ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਿਸ਼ੇਸ਼ ਕਰਕੇ ਲੋਕ-ਪੱਖੀ ਆਗੂਆਂ ਖਿਲਾਫ ਮਨਆਏ ਢੰਗ ਨਾਲ ਇਸ ਧਾਰਾ ਦੀ ਬੇਦਰੇਗ ਅਤੇ ਵਿਆਪਕ






ਦੁਰਵਰਤੋਂ ਕੀਤੀ ਜਾ ਰਹੀ ਹੈ। ਇਹ ਭਲੀਭਾਂਤ ਜਾਣਦਿਆਂ ਹੋਇਆਂ ਵੀ ਕਿ ਇਸ ਦੀ ਧਾਰਾ ਅਜਿਹੀ ਵਰਤੋਂ ਕਾਨੂੰਨੀ ਪੱਖ ਤੋਂ ਵਾਜਬ ਤੇ ਟਿਕਣਯੋਗ ਨਹੀਂ, ਸਮੇਂ ਦੇ ਹਾਕਮਾਂ ਵੱਲੋਂ ਆਪਣੇ ਜਮਾਤੀ ਵਿਰੋਧੀਆਂ ਜਾਂ ਸਿਆਸੀ ਸ਼ਰੀਕਾਂ ਨੂੰ ਬੱਦੂ, ਜ਼ਲੀਲ ਤੇ ਖੁਆਰ ਕਰਨ ਲਈ ਆਪਣੀ ਤਾਬੇਦਾਰ ਪੁਲਿਸ ਤੇ ਪ੍ਰਸਾਸ਼ਕੀ ਅਫਸਰਸ਼ਾਹੀ ਰਾਹੀਂ ਇਸ ਦੀ ਕੁਵਰਤੋਂ ਕੀਤੇ ਜਾਣ ਦੀਆਂ ਉਦਾਹਰਣਾਂ ਅਕਸਰ ਹੀ ਮਿਲਦੀਆਂ ਰਹਿੰਦੀਆਂ ਹਨ। ਜੇ ਕਰ ਪਿਛਲੇ ਕੁੱਝ ਸਾਲਾਂ ਦੀ ਗੱਲ ਕਰਨੀ ਹੋਵੇ ਤਾਂ 2010 'ਚ ਛੱਤੀਸਗੜ 'ਚ ਆਦਿਵਾਸੀਆਂ ਦੇ ਜਮਹੂਰੀ ਹੱਕਾਂ ਲਈ ਕੰਮ ਕਰਨ ਵਾਲੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੇ ਆਗੂ ਡਾ. ਬਿਨਾਇਕ ਸੇਨ ਤੇ ਦੇਸ਼-ਧਰੋਹ ਦਾ ਕੇਸ ਪਾਇਆ ਜਿਸ ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਇਸੇ ਸਾਲ ਹੀ ਉੱਘੀ ਲੇਖਕਾ ਅਰੁੰਧਤੀ ਰਾਏ 'ਤੇ ਮਾਓਵਾਦੀਆਂ ਤੇ ਕਸ਼ਮੀਰ ਸਬੰਧੀ ਲਿਖੀਆਂ ਲਿਖਤਾਂ ਤੇ ਇਹ ਕੇਸ ਪਾਇਆ ਜੋ ਕੌਮਾਂਤਰੀ ਪੱਧਰ 'ਤੇ ਰੋਸ ਪੈਦਾ ਹੋਣ ਕਾਰਨ ਵਾਪਸ ਲੈਣਾ ਪਿਆ। ਸਤੰਬਰ 2012 'ਚ ਉੱਘੇ ਸਿਆਸੀ ਕਾਰਟੂਨਿਸਟ ਅਸੀਮ ਤਰਵੇਦੀ ਵੱਲੋਂ ਕੁਰੱਪਸ਼ਨ ਬਾਰੇ ਬਣਾਏ ਗਏ ਕਾਰਟੂਨਾਂ ਕਰਕੇ ਮਹਾਰਾਸ਼ਟਰ ਪੁਲਿਸ ਨੇ ਉਸ 'ਤੇ 124-ਏ ਅਧੀਨ ਦੇਸ਼-ਧ੍ਰੋਹ ਦਾ ਕੇਸ ਦਰਜ ਕਰਕੇ ਗ੍ਰਿਫਤਾਰ ਕੀਤਾ, ਪਰ ਫਿਰ ਅਕਤੂਬਰ 2012 'ਚ ਇਹ ਦੋਸ਼ ਵਾਪਸ ਲੈਣੇ ਪਏ। ਕੂਡਨਕੁਲਾਮ 'ਚ ਪ੍ਰਮਾਣੂੰ ਪਲਾਂਟ ਲਗਾਉਣ ਵਿਰੁੱਧ ਉੱਠੀ ਜਨਤਕ ਵਿਰੋਧ ਲਹਿਰ ਦੇ ਆਗੂ ਉਦੈ ਕੁਮਾਰ ਵਿਰੁੱਧ ਇਸੇ ਜੁਲਮੀ ਧਾਰਾ ਤਹਿਤ ਕਈ ਕੇਸ ਦਰਜ ਕੀਤੇ ਗਏ ਹਨ। ਹੋਰ ਤਾਂ ਹੋਰ ਇਸ ਪ੍ਰਮਾਣੂੰ ਪਲਾਂਟ ਦਾ ਵਿਰੋਧ ਕਰ ਰਹੇ ਛੇ ਹਜ਼ਾਰ ਆਮ ਨਾਗਰਿਕਾਂ ਵਿਰੁੱਧ ਵੀ ਇਸੇ ਬਦਨਾਮ ਧਾਰਾ ਦੀ ਵਰਤੋਂ ਕੀਤੀ ਗਈ ਹੈ। ਰਾਖਵਾਂਕਰਨ ਦੀ ਮੰਗ ਕਰ ਰਹੇ ਪਟੇਲ ਅੰਦੋਲਨ ਦੇ ਨੇਤਾ ਹਾਰਦਿਕ ਪਟੇਲ 'ਤੇ ਵੀ ਪ੍ਰਧਾਨ ਮੰਤਰੀ, ਅਮਿਤ ਸ਼ਾਹ ਤੇ ਗੁਜਰਾਤ ਦੇ ਮੁੱਖ ਮੰਤਰੀ ਵਿਰੁੱਧ ਅਸ਼ਲੀਲ ਭਾਸ਼ਾ ਵਰਤਣ ਦਾ ਦੋਸ਼ ਲਾ ਕੇ ਦੇਸ਼-ਧ੍ਰੋਹ ਦਾ ਕੇਸ ਪਾਇਆ ਗਿਆ ਹੈ। ਇਹ ਕੁੱਝ ਮੁੱਖ ਉਦਾਹਰਣਾਂ ਇਸ ਧਾਰਾ ਦੀ ਦੁਰਵਰਤੋਂ ਦੀਆਂ ਸੁਲਤਾਨੀ ਗੁਆਹ ਹਨ।

ਭਾਰਤੀ ਦੰਡ ਵਿਧਾਨ 'ਚ ਗੈਰ-ਕਾਨੂੰਨੀ ਕਾਰਵਾਈਆਂ ਨਾਲ ਸਿੱਝਣ ਲਈ ਹੋਰ ਅਨੇਕਾਂ ਕਾਨੂੰਨ ਮੌਜੂਦ ਹਨ। ਬਸਤੀਵਾਦੀ ਰਾਜ ਵੇਲੇ ਦੇ ਅਜਿਹੇ ਕਾਲੇ ਕਾਨੂੰਨਾਂ ਦਾ ਜਾਰੀ ਰਹਿਣਾ ਭਾਰਤ ਦੀ ਅਖੌਤੀ ਜਮਹੂਰੀਅਤ ਦੇ ਥੋਥੇਪਣ ਦੀ ਨੁਮਾਇਸ਼ ਹੈ।

### ਮਨੁੱਖੀ ਅਧਿਕਾਰ

ਜਦੋਂ ਤੋਂ ਆਰ.ਐਸ.ਐਸ. ਦੀ ਅਗਵਾਈ ਵਾਲੀ ਭਾਜਪਾ ਸੱਤਾ ਵਿਚ ਆਈ ਹੈ, ਸੰਵਿਧਾਨ ਦੀ ਲੋਕਤੰਤਰੀ ਭਾਵਨਾ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਅਸਲ ਵਿਚ ਖੁਦ ਲੋਕਤੰਤਰ ਅਤੇ ਉਸ ਦੀਆਂ ਕਦਰਾਂ ਕੀਮਤਾਂ ਨੂੰ ਰਾਜ ਸੱਤਾ ਦੇ ਪ੍ਰਬੰਧਕਾਂ ਤੋਂ ਘੋਰ ਖਤਰਾ ਹੈ। ਦੇਸ਼ ਭਗਤੀ ਦੇ ਨਾਂ 'ਤੇ ਇਕ ਬਿਲਕੁਲ ਵੱਖ ਰੂਪ ਧਾਰਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਵਿਚ ਜਨਤਾ ਨਾਲ ਕੋਈ ਸਰੋਕਾਰ ਨਹੀਂ ਹੈ ਅਤੇ ਬਦਲੇ ਵਿਚ ਉਨਾਂ ਨਾਲ ਕੋਈ ਪਿਆਰ ਨਹੀਂ ਹੈ। ਉਨਾਂ ਲਈ ਅਸਹਿਮਤੀ ਨੂੰ ਅਪਰਾਧ ਦੇ ਰੂਪ ਵਿਚ ਦਰਸਾਇਆ ਗਿਆ ਹੈ ਅਤੇ ਰਾਸ਼ਟਰ ਵਿਰੋਧੀ ਸ਼ਬਦ ਦੀ ਵਰਤੋਂ ਹਰ ਉਸ ਵਿਅਕਤੀ 'ਤੇ ਹਮਲਾ ਕਰਨ ਲਈ ਕੀਤੀ ਜਾ ਰਹੀ ਹੈ ਜਿਸ ਨੇ 'ਹਿੰਦੂਤਵ' ਦੇ ਰਾਹ ਵਿਚ ਆਉਣ ਦੀ ਹਿੰਮਤ ਕੀਤੀ ਹੈ।

ਵਿਦਿਆਰਥੀ, ਬੁੱਧੀਜੀਵੀ, ਅਧਿਆਪਕ, ਮਜ਼ਦੂਰ, ਕਿਸਾਨ, ਆਦਿਵਾਸੀਆਂ ਅਤੇ ਪੱਤਰਕਾਰਾਂ ਨੂੰ ਵੀ ਦੇਸ਼ਧ੍ਰੋਹ ਦੇ ਦੋਸ਼ਾਂ ਤੋਂ ਨਹੀਂ ਬਖਸ਼ਿਆ ਗਿਆ। ਰਾਜਧ੍ਰੋਹ ਇਕ ਰਾਜਸੀ ਹਥਿਆਰ ਹੈ ਅਤੇ ਆਈ.ਪੀ.ਸੀ. ਦਾ 124-ਏ ਇਸ ਦਾ ਖਤਰਨਾਕ ਹਥਿਆਰ ਹੈ। ਹਰ ਗੁਜ਼ਰਦੇ ਦਿਨ ਇਹ ਮਹਾਨ ਦੇਸ਼ ਉਸ ਕਠੋਰ ਕਾਨੂੰਨ ਦੀ ਦੁਰਵਰਤੋਂ ਨਾਲ ਅਪਮਾਨਿਤ ਹੁੰਦਾ ਹੈ। ਇਹ ਦੇਸ਼ ਦੇ ਧਰਮ ਨਿਰਪੱਖ ਅਤੇ ਲੋਕਤੰਤਰੀ ਤਾਣੇ ਬਾਣੇ ਲਈ ਸ਼ਰਮ ਦੀ ਗੱਲ ਹੈ, ਜਿਸ ਨੂੰ ਵੱਡੇ ਸੰਘਰਸ਼ ਅਤੇ ਕੁਰਬਾਨੀ ਨਾਲ ਸਾਕਾਰ ਕੀਤਾ ਹੈ। ਇਸ ਲਈ ਭਾਕਪਾ ਦੀ ਹਾਲ ਹੀ ਵਿਚ ਹੋਈ ਰਾਸ਼ਟਰੀ ਕਾਰਜਕਾਰੀ ਕਮੇਟੀ ਦੀ ਬੈਠਕ ਨੇ 124ਏ ਨੂੰ ਕਾਨੂੰਨਾਂ ਤੋਂ ਹਟਾਉਣ ਦੀ ਮੰਗ ਕੀਤੀ ਹੈ।

ਆਰ.ਐਸ.ਐਸ.-ਭਾਜਪਾ ਦੇ ਵਿਚਾਰਕ ਇਸ ਕਾਲੇ ਕਾਨੂੰਨ ਦੀ ਵਡਿਆਈ ਕਰਨ ਲਈ ਉਤਸੁਕ ਹਨ ਅਤੇ ਉਹ ਇਸ ਨੂੰ ਰਾਸ਼ਟਰ ਪ੍ਰਤੀ ਨਿਸ਼ਠਾ ਦੇ ਰੂਪ ਵਿਚ ਪੇਸ਼ ਕਰਨ ਦੀ ਹੱਦ ਤੱਕ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਕਾਨੂੰਨ 1870 ਵਿਚ ਬਰਤਾਨਵੀ ਸ਼ਾਸਕਾਂ ਵਲੋਂ ਭਾਰਤੀ ਆਜ਼ਾਦੀ ਦੇ ਅੰਦੋਲਨ ਨੂੰ ਬੇਰਹਿਮੀ ਨਾਲ ਕੁਚਲਣ ਲਈ ਬਣਾਇਆ ਗਿਆ ਸੀ। ਇਹ ਅਜ਼ਾਦੀ ਪਸੰਦ ਲੋਕਾਂ ਦਾ ਅਪਮਾਨ ਹੈ ਕਿ ਅਜ਼ਾਦੀ ਤੋਂ 7 ਦਹਾਕੇ ਬਾਅਦ ਵੀ ਇਸ ਤਰਾਂ ਦਾ ਕਾਲਾ ਕਾਨੂੰਨ ਬਰਕਰਾਰ ਹੈ। ਇਹ ਅਤੀਤ ਦਾ ਸਭ ਤੋਂ ਅਤਿਆਚਾਰੀ ਚਿਹਰਾ ਹੈ, ਜਿਸ ਨੂੰ ਆਜ਼ਾਦ ਭਾਰਤ ਦੇ ਸ਼ਾਸਕ ਵਰਗ ਵਲੋਂ ਗੁਲਾਮੀ ਨਾਲ ਮਨਾਇਆ ਜਾਂਦਾ ਹੈ।

ਆਜ਼ਾਦੀ ਦੇ ਲਈ ਸੰਘਰਸ਼ ਦੀ ਮਾਣਮੱਤੀ ਗਾਥਾ ਨੂੰ ਸਿਰਜਣ ਵਾਲੇ ਅਜ਼ਾਦੀ ਪਸੰਦ ਲੋਕ ਹੁਣ ਇਸ ਵਿਰੋਧਾਭਾਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਆਰ.ਐਸ.ਐਸ.-ਭਾਜਪਾ ਲਈ, ਜਿਨਾਂ ਦੀ ਭਾਰਤੀ ਅਜ਼ਾਦੀ ਸੰਗਰਾਮ ਵਿਚ ਕੋਈ ਵੀ ਭੂਮਿਕਾ ਨਹੀਂ ਸੀ, 124 ਏ ਦੇਸ਼ਧ੍ਰੋਹ ਇਕ ਪਿਆਰਾ ਕਾਨੂੰਨ ਹੋ ਸਕਦਾ ਹੈ। ਇਸ ਲਈ ਉਹ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਸਮੇਂ ਸਮੇਂ 'ਤੇ ਇਸ ਦੀ ਵਰਤੋਂ ਕਰਦੇ ਹਨ।

ਮਹਾਤਮਾ ਗਾਂਧੀ ਨੇ ਧਾਰਾ 124 ਏ ਨੂੰ 'ਕਾਨੂੰਨ ਸ਼ਬਦ ਦਾ ਜਬਰ ਜਨਾਹ' ਕਰਾਰ ਦਿੱਤਾ ਸੀ। ਉਨਾਂ ਨੇ ਅੱਗੇ ਇਸ ਨੂੰ 'ਨਾਗਰਿਕ ਦੀ ਅਜ਼ਾਦੀ ਨੂੰ ਦਬਾਉਣ ਲਈ ਤਿਆਰ ਕੀਤੀ ਭਾਰਤੀ ਦੰਡਾਵਲੀ ਦੇ ਰਾਜਸੀ ਵਰਗਾਂ ਦਾ ਰਾਜਕੁਮਾਰ' ਕਿਹਾ ਸੀ।

ਮੋਦੀ ਸ਼ਾਸਨ ਦੀ ਤਰਾਂ ਇਸ ਦੀ ਵਰਤੋਂ ਅਕਸਰ ਜਨਤਾ ਅਤੇ ਵਚਨਬੱਧ ਸ਼ਖਸੀਅਤਾਂ ਖਿਲਾਫ ਕੀਤੀ ਜਾਂਦੀ ਰਹੀ ਹੈ। ਇਸ ਦਾ ਇਕਲੌਤਾ ਉਦੇਸ਼ ਉਨਾਂ ਦੀਆਂ ਭਾਵਨਾਵਾਂ ਨੂੰ ਦਬਾਉਣਾ ਹੈ। ਆਈ.ਪੀ.ਸੀ. ਦੀ ਇਹ ਧਾਰਾ ਸੰਵਿਧਾਨ ਦੀ ਧਾਰਾ 19 ਦੇ ਵਿਰੁੱਧ ਹੈ ਜੋ ਰਾਇ ਅਤੇ ਵਿਅਕਤੀ ਦੀ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ। ਇਹ ਧਾਰਾ 14 (ਕਾਨੂੰਨ ਸਾਹਮਣੇ ਸਮਾਨਤਾ, ਸੁਰੱਖਿਆ) ਅਤੇ ਧਾਰਾ 21 (ਜੀਵਨ ਅਤੇ ਵਿਅਕਤੀ ਦੀ ਆਜ਼ਾਦੀ ਦਾ ਅਧਿਕਾਰ) ਦੇ ਖਿਲਾਫ ਹੈ। ਕੋਈ ਸਿਰਫ ਹੈਰਾਨੀ ਪ੍ਰਗਟ ਕਰ ਸਕਦੈ ਕਿ ਇਸ ਤਰਾਂ ਦੇ ਦਮਨਕਾਰੀ ਕਾਨੂੰਨ ਨੂੰ ਬਿਨਾਂ ਕਿਸੇ ਰੋਕ ਟੋਕ ਕਿਵੇਂ ਚੱਲਣ ਦਿੱਤਾ ਜਾ ਸਕਦਾ ਹੈ?

ਦੇਸ਼ ਨੇ ਕਈ ਮੌਕਿਆਂ 'ਤੇ 124 ਏ ਦੀ ਘੋਰ ਦੁਰਵਰਤੋਂ ਵੇਖੀ ਹੈ, ਜਿਵੇਂ ਕਿ ਕੇਦਾਰ ਨਾਥ ਮਾਮਲੇ (1962) ਤੋਂ ਕਨੱਈਆ ਕੁਮਾਰ (2015) ਵਿਚ ਹੋਇਆ ਸੀ। ਇਸ ਦਾ ਵਿਆਪਕ ਵਿਰੋਧ ਹਮੇਸ਼ਾ ਹੁੰਦਾ ਰਿਹਾ ਅਤੇ ਸਰਕਾਰ ਲੋਕਾਂ ਦੀ ਆਵਾਜ਼ ਸੁਣਨ ਨੂੰ ਤਿਆਰ ਨਹੀਂ ਸੀ। ਇਹ ਸੀ.ਏ.ਬੀ.-ਐਨ.ਆਰ.ਸੀ. ਵਿਰੋਧੀ ਅੰਦੋਲਨ ਦੌਰਾਨ ਪੂਰੇ ਦੇਸ਼ ਵਿਚ ਵਿਆਪਕ ਰੂਪ ਨਾਲ ਲਾਗੂ ਸੀ। ਜਦੋਂ ਉਹ ਸਿੱਖਿਅਕ ਆਜ਼ਾਦੀ ਦੀ ਰੱਖਿਆ ਲਈ ਉੱਠੇ ਤਾਂ ਉਨਾਂ ਨੂੰ ਭਾਰੀ ਕੀਮਤ ਚੁਕਾਉਣੀ ਪਈ। ਮਨੁੱਖੀ ਅਧਿਕਾਰ ਕਾਰਕੁੰਨ ਭਾਰੀ ਗਿਣਤੀ ਵਿਚ ਸੀਖਾਂ ਪਿੱਛੇ ਸੁੱਟ ਦਿੱਤੇ ਗਏ। ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਸ ਲੰਬੀ ਸੂਚੀ ਵਿਚ ਹੁਣ ਲਕਸ਼ਦੀਪ ਦੀ ਫਿਲਮ ਨਿਰਮਾਤਾ ਆਇਸ਼ਾ ਸੁਲਤਾਨਾ ਦਾ ਨਾਂ ਆਏਗਾ। ਮੋਦੀ ਸ਼ਾਹ ਦੀ ਸਰਕਾਰ ਆਜ਼ਾਦ ਭਾਰਤ ਦੇ ਸਾਥੀ ਨਾਗਰਿਕਾਂ ਨੂੰ ਆਪਣੇ ਬਦਸੂਰਤ ਸਬਕ ਸਿਖਾਉਣ

**ਬਾਕੀ ਸਫ਼ਾ 30 'ਤੇ**

# ਭਾਰਤ ਦੀਆਂ ਰਾਜ ਸਰਕਾਰਾਂ ਤੇ ਕੇਂਦਰੀ

**ਅਭੈ ਕੁਮਾਰ ਦੂਬੇ**

ਭਾਰਤੀ ਲੋਕਤੰਤਰ ਵਿਚ ਰਾਜਾਂ ਦੀ ਰਾਜਨੀਤੀ ਕੇਂਦਰ ਦੇ ਅਧੀਨ ਤੇ ਬਸਤੀਵਾਦੀ ਸੋਚ ਵਾਲੀ ਹੈ।ਹਰ ਰਾਜ ਦੂਜੇ ਤੋਂ ਵਿਲੱਖਣ ਸਭਿਆਚਾਰ, ਭਾਸ਼ਾ ਅਤੇ ਰਾਜਨੀਤਕ ਮਿਜਾਜ਼ ਦੀ ਤਰਜ਼ਮਾਨੀ ਕਰਦਾ ਹੈ। ਹਿਦੂਝਪਟੀ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਦਰਮਿਆਨ ਸਭਿਆਚਾਰਕ ਤੇ ਬੋਲੀ ਪੱਖੋਂ ਵੱਡਾ ਅੰਤਰ ਹੈ। ਖੇਤਰੀ ਸ਼ਕਤੀਆਂ ਦੀ ਲਗਾਤਾਰ ਮੌਜੂਦਗੀ ਇਸ ਗੱਲ ਦਾ ਸਬੂਤ ਹੈ ਕਿ ਜਿੰਨਾਂ ਪਾਰਟੀਆਂ ਨੂੰ ਅਸੀਂ ਰਾਸ਼ਟਰੀ ਪਾਰਟੀਆਂ ਕਹਿੰਦੇ ਹਾਂ ਉਹ ਅਸਲ ਵਿਚ ਬਹੁ-ਸੂਬਾਈ ਪਾਰਟੀਆਂ ਹਨ। ਪੂਰੇ ਦੇਸ਼ ਵਿਚ ਕੋਈ ਇਕ ਪਾਰਟੀ ਹਰ ਰਾਜ ਵਿਚ ਸੱਤਾ ਦੀ ਦਾਅਵੇਦਾਰ ਨਹੀਂ ਹੈ। ਜਿਨਾਂ ਪਾਰਟੀਆਂ ਦੀਆਂ ਇਕ ਤੋਂ ਜ਼ਿਆਦਾ ਰਾਜਾਂ ਵਿਚ ਸਰਕਾਰਾਂ ਹਨ ਵੀ (ਜਿਵੇਂ ਭਾਜਪਾ ਅਤੇ ਕਾਂਗਰਸ), ਉਨਾਂ ਦੀ ਹਾਈਕਮਾਨ ਆਪਣੀਆਂ ਰਾਜ ਸਰਕਾਰਾਂ ਨੂੰ ਕੰਟਰੋਲ ਵਿਚ ਰੱਖਣ ਲਈ ਬਹੁਤ ਮੁਸ਼ੱਕਤ ਕਰਦੀ ਹੈ। ਭਾਜਪਾ ਦੀ ਹਾਈਕਮਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਤੋਂ ਆਪਣੀ ਗੱਲ ਮਨਵਾਉਣ ਵਿਚ ਨਾਕਾਮ ਹੈ। ਉਹ ਮੋਦੀ ਲਈ ਚੈਲਿੰਜ ਬਣੇ ਹਨ। ਉੱਤਰਾਖੰਡ ਵਿਚ ਉਸ ਦੇ ਵਰਤਮਾਨ ਅਤੇ ਸਾਬਕਾ ਮੁੱਖ ਮੰਤਰੀਆਂ ਦਰਮਿਆਨ ਤਕਰਾਰ ਹੈ। ਮੱਧ ਪ੍ਰਦੇਸ਼ ਵਿਚ ਰੋਜ਼ ਖ਼ਬਰ ਉੱਡਦੀ ਹੈ ਕਿ ਸ਼ਿਵਰਾਜ ਸਿੰਘ ਚੌਹਾਨ ਨੂੰ ਬਦਲਿਆ ਜਾ ਰਿਹਾ ਹੈ। ਕਰਨਾਟਕ ਦੇ ਬਿਰਧ ਮੁੱਖ ਮੰਤਰੀ ਨੂੰ ਹਾਈਕਮਾਨ ਬਦਲਣਾ ਚਾਹੁੰਦਾ ਹੈ ਪਰ ਪਿਛਲਾ ਤਜਰਬਾ ਦੱਸਦਾ ਹੈ ਕਿ ਯੇਦੀਯੁਰੱਪਾ ਨਾਰਾਜ਼ ਹੋ ਗਏ ਤਾਂ ਪ੍ਰਦੇਸ਼ ਵਿਚ ਭਾਜਪਾ ਦਾ ਸਫਾਇਆ ਹੋ ਸਕਦਾ ਹੈ। ਰਾਜਸਥਾਨ ਵਿਚ ਵੀ ਭਾਜਪਾ ਹਾਈ ਕਮਾਨ ਵਸੁੰਧਰਾ ਰਾਜੇ ਸਿੰਧੀਆ ਤੋਂ ਭਾਜਪਾ ਛੁਟਕਾਰਾ ਪਾਉਣਾ ਚਾਹੁੰਦੀ ਹੈ ਪਰ ਸਾਬਕਾ ਮੁੱਖ ਮੰਤਰੀ ਨੇ ਉਥੇ ਆਪਣੀ ਅਹਿਮੀਅਤ ਬਣਾ ਕੇ ਰੱਖੀ ਹੋਈ ਹੈ।

ਕਾਂਗਰਸ ਦਾ ਵੀ ਆਪਣੇ ਰਾਜਾਂ ਦੀ ਲੀਡਰਸ਼ਿਪ ਉਪਰ ਕਾਬੂ ਨਹੀਂ ਹੈ। ਰਾਜਸਥਾਨ ਵਿਚ ਗਹਿਲੋਤ ਸਰਕਾਰ ਸਚਿਨ ਪਾਇਲਟ ਦੀ ਚੁਣੌਤੀ ਨੂੰ ਹਾਸ਼ੀਏ 'ਤੇ ਨਹੀਂ ਧੱਕ ਸਕੀ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਲਈ ਲਗਾਤਾਰ ਸਿੱਧੂ ਚੈਲਿੰਜ ਹਨ। ਛੱਤੀਸਗੜ ਵਿਚ ਢਾਈ ਸਾਲ ਪੂਰੇ ਹੋਣ ਤੋਂ ਬਾਅਦ ਜੂਦੇਵ ਵਲੋਂ ਬਘੇਲੇ ਖਿਲਾਫ ਕਤਾਰਬੰਦੀ ਸ਼ੁਰੂ ਹੋ ਗਈ ਹੈ। ਜਿਨਾਂ ਰਾਜਾਂ ਵਿਚ ਚੋਣਾਂ ਨੇੜੇ ਆ ਰਹੀਆਂ ਹਨ, ਉੱਥੇ ਬਗਾਵਤ ਝਲਕ ਰਹੀ ਹੈ।

ਰਾਸ਼ਟਰੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਦੀ ਇਸ ਬੁਰੀ ਹਾਲਤ ਨੂੰ ਵੇਖਿਆ ਜਾਵੇ ਤਾਂ ਖੇਤਰੀ ਸ਼ਕਤੀਆਂ ਦੀਆਂ ਰਾਜ ਸਰਕਾਰਾਂ ਬਿਹਤਰ ਸਥਿਤੀ ਵਿਚ ਹਨ। ਦਰਅਸਲ, ਖੇਤਰੀ ਤਾਕਤਾਂ ਦਾ ਰਾਜਸੀ ਢਾਂਚਾ ਹੀ ਵੱਖ ਹੈ। ਉੱਥੇ ਹਰ ਮੁੱਖ ਮੰਤਰੀ ਆਪਣੇ ਆਪ ਵਿਚ ਹਾਈਕਮਾਨ ਹੈ ਅਤੇ ਆਪਣੇ ਖਿਲਾਫ਼ ਹੋਣ ਵਾਲੀ ਹਰ ਬਗ਼ਾਵਤ ਨੂੰ ਬੁਰੀ ਤਰਾਂ ਕੁਚਲ ਦਿੰਦੇ ਹਨ। ਉੜੀਸਾ ਵਿਚ ਅਸੀਂ ਵੇਖ ਚੁੱਕੇ ਹਾਂ ਕਿ ਨਵੀਨ ਪਟਨਾਇਕ ਖਿਲਾਫ਼ ਹੋਏ ਵਿਦਰੋਹ ਦਾ ਕੀ ਹਸ਼ਰ ਹੋਇਆ ਸੀ? ਖੇਤਰੀ ਤਾਕਤਾਂ ਦੀਆਂ ਸਰਕਾਰਾਂ ਉਸ ਸਮੇਂ ਹਿੱਲਦੀਆਂ ਹਨ ਜਦੋਂ ਉਨਾਂ ਨੂੰ ਕੰਟਰੋਲ ਕਰਨ ਵਾਲੇ ਪਰਿਵਾਰਾਂ ਦਰਮਿਆਨ ਹੀ ਫੁੱਟ ਪੈ ਜਾਵੇ। ਅਜਿਹਾ ਤੇਲਗੂ ਦੇਸ਼ਮ ਪਾਰਟੀ ਵਿਚ ਹੋ ਚੁੱਕਾ ਹੈ। ਨੰਦਮੂਰ ਤਾਰਕ ਰਾਮਾਰਾਓ ਨੇ ਆਪਣੀ ਪਤਨੀ ਲਕਸ਼ਮੀ ਪਾਰਵਤੀ ਨੂੰ ਆਪਣਾ ਉੱਤਰਾਧਿਕਾਰੀ ਥਾਪਿਆ ਸੀ ਪਰ ਉਨਾਂ ਖਿਲਾਫ ਉਨਾਂ ਦੇ ਜਵਾਈ ਚੰਦਰਬਾਬੂ ਨਾਇਡੂ ਨੇ ਵਿਦਰੋਹ ਕਰਕੇ ਲੀਡਰਸ਼ਿਪ ਆਪਣੇ ਹੱਥ ਵਿਚ ਲੈ ਲਈ ਸੀ।

90 ਦਾ ਦਹਾਕਾ ਰਾਜਾਂ ਦੀ ਰਾਜਨੀਤੀ ਦਾ ਦਹਾਕਾ ਸੀ। ਖੇਤਰੀ ਸ਼ਕਤੀਆਂ ਏਨੇ ਸੰਸਦ ਮੈਂਬਰ ਜਿਤਾ ਦਿੰਦੀਆਂ ਸਨ ਕਿ ਉਨਾਂ ਨੂੰ ਕੇਂਦਰ ਵਿਚ ਸੱਤਾਧਾਰੀ ਹੋ ਸਕਣ ਵਾਲੇ ਮੋਰਚੇ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਮਿਲ ਜਾਂਦਾ ਸੀ। ਪਰ ਜਦੋਂ ਤੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਦੀਆਂ ਖੇਤਰੀ ਸ਼ਕਤੀਆਂ (ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਜੇ.ਡੀ.(ਯੂ)) ਨੇ ਭਾਜਪਾ ਦੀ ਤਾਕਤ ਸਾਹਮਣੇ ਗੋਡੇ ਟੇਕੇ ਹਨ, ਉਦੋਂ ਤੋਂ ਹੀ ਭਾਜਪਾ ਨੂੰ ਉਸ ਦੇ ਪ੍ਰਭਾਵ ਖੇਤਰ ਵਿਚ ਤਿੰਨ ਚੋਣਾਂ ਤੋਂ ਲਗਾਤਾਰ ਨਿਰਣਾਇਕ ਚੜਤ ਮਿਲ ਰਹੀ ਹੈ। ਜਦੋਂ ਤੱਕ ਇਹ ਤਾਕਤਾਂ ਆਪਣਾ ਚੋਣ ਪ੍ਰਦਰਸ਼ਨ ਨਹੀਂ ਸੁਧਾਰਨਗੀਆਂ, ਉਦੋਂ ਤੱਕ ਭਾਰਤੀ ਜਨਤਾ ਪਾਰਟੀ ਦਾ ਰਾਸ਼ਟਰੀ ਰਾਜਨੀਤੀ 'ਤੇ ਦਬਦਬਾ ਕਾਇਮ ਰਹੇਗਾ। ਉੜੀਸਾ, ਬੰਗਾਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕੇਰਲ ਅਤੇ ਪੰਜਾਬ ਨੇ ਦਿਖਾਇਆ ਹੈ ਕਿ ਉਹ 'ਮੋਦੀ ਡਿਵੀਡੈਂਟ' ਵਿਚ ਕਟੌਤੀ ਕਰ ਸਕਦੇ ਹਨ। 'ਮੋਦੀ ਡਿਵੀਡੈਂਟ' ਦਾ ਮਤਲਬ ਹੈ ਲੋਕ ਸਭਾ ਵਿਚ ਮੋਦੀ ਦੀ ਸ਼ਖਸੀਅਤ ਕਾਰਨ ਭਾਜਪਾ ਦੀਆਂ ਵੋਟਾਂ ਵਿਚ ਹੋਣ ਵਾਲਾ ਵਾਧਾ। ਛੱਤੀਸਗੜ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਭਾਜਪਾ ਵਿਧਾਨ ਸਭਾ ਵਿਚ ਹਾਰ ਗਈ ਸੀ ਪਰ ਲੋਕ ਸਭਾ ਵਿਚ ਉਸ ਨੇ 'ਮੋਦੀ ਡਿਵੀਡੈਂਟ' ਕਾਰਨ ਜ਼ਬਰਦਸਤ ਕਾਮਯਾਬੀ ਹਾਸਲ ਕੀਤੀ ਸੀ। ਹੁਣ ਅਗਲੀਆਂ ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਇਹ ਪ੍ਰੀਖਿਆ ਹੋਵੇਗੀ ਕਿ 'ਮੋਦੀ ਡਿਵੀਡੈਂਟ' ਦਾ ਦਬਦਬਾ ਕਾਇਮ ਰਹੇਗਾ ਜਾਂ ਰਾਜਾਂ ਦੇ ਕੇਂਦਰ ਵਿਚ ਦਖਲ ਦੀ ਵਾਪਸੀ ਹੋਵੇਗੀ।

# ਵਿਦੇਸ਼ਾਂ ਵੱਲ ਕਿਉਂ ਭੱਜ ਰਹੇ ਨੇ ਭਾਰਤੀ ਅਮੀਰ

## ਹੇਨਲੀ ਐਂਡ ਪਾਰਟਨਰਜ਼ ਅਨੁਸਾਰ 2020 ’ਚ ਭਾਰਤ ’ਚੋਂ ਪਲਾਇਨ ਕਰਨ ਦੇ ਇੱਛੁਕ ਅਮੀਰਾਂ ਵਿਚ 63 ਫ਼ੀਸਦੀ ਦਾ ਹੋਇਆ ਵਾਧਾ

**ਭਰਤ ਝੁਨਝੁਨਵਾਲਾ**

ਮੇਹੁਲ ਚੋਕਸੀ ਜਿਹੇ ਤਮਾਮ ਠੱਗ ਭਾਰਤ ’ਚੋਂ ਪਲਾਇਨ ਕਰ ਕੇ ਭੱਜ ਗਏ ਹਨ। ਸਰਕਾਰ ਉਨਾਂ ਨੂੰ ਫੜ ਕੇ ਲਿਆਉਣ ਤੇ ਸਜ਼ਾ ਦੇਣ ਦੀ ਸਹੀ ਕੋਸ਼ਿਸ਼ ਕਰ ਰਹੀ ਹੈ ਪਰ ਇਸ ਗੱਲ ’ਤੇ ਵੀ ਧਿਆਨ ਦੇਣਾ ਪਵੇਗਾ ਕਿ ਭਾਰਤ ’ਚੋਂ ਕਾਨੂੰਨੀ ਦਾਇਰੇ ਅੰਦਰ ਅਮੀਰਾਂ ਦੇ ਪਲਾਇਨ ਦਾ ਸਿਲਸਿਲਾ ਵਧਦਾ ਜਾ ਰਿਹਾ ਹੈ। ਅਮੀਰਾਂ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਪਲਾਇਨ ਕਰਨ ’ਚ ਮਦਦ ਕਰਨ ਵਾਲੀ ਸਲਾਹਕਾਰ ਕੰਪਨੀ ਹੇਨਲੀ ਐਂਡ ਪਾਰਟਨਰਜ਼ ਅਨੁਸਾਰ 2020 ’ਚ ਭਾਰਤ ਵਿਚੋਂ ਪਲਾਇਨ ਕਰਨ ਦੇ ਇੱਛੁਕ ਅਮੀਰਾਂ ’ਚ 63 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ’ਚ ਭਾਰਤ ’ਚ ਵਿਆਪਕ ਕੋਵਿਡ ਸੰਕਟ ਦਾ ਅਸਰ ਵੀ ਦਿਸਦਾ ਹੈ ਪਰ ਕੋਵਿਡ ਤੋਂ ਪਹਿਲਾਂ 2018 ’ਚ ਐਫਰੋ ਏਸ਼ੀਆ ਬੈਂਕ ਦੀ ਗਲੋਬਲ ਵੈਲਥ ਮਾਈਗ੍ਰੇਸ਼ਨ ਰੀਵਿਊ ਰਿਪੋਰਟ ’ਚ ਦੱਸਿਆ ਗਿਆ ਕਿ 2018 ’ਚ ਚੀਨ ਤੋਂ 15000, ਰੂਸ ਤੋਂ 7000, ਭਾਰਤ ਤੋਂ 5000 ਤੇ ਤੁਰਕੀ ਤੋਂ 4000 ਅਮੀਰਾਂ ਨੇ ਦੂਜੇ ਦੇਸ਼ਾਂ ਨੂੰ ਪਲਾਇਨ ਕੀਤਾ। ਇਨਾਂ ਚਾਰ ਦੇਸ਼ਾ ’ਚੋਂ ਚੀਨ, ਰੂਸ ਤੇ ਤੁਰਕੀ ’ਚ ਲੋਕਤੰਤਰ ਨਹੀਂ ਹੈ। ਮੰਨਿਆ ਜਾ ਸਕਦਾ ਹੈ ਕਿ ਇਨਾਂ ਦੇਸ਼ਾਂ ਤੋਂ ਪਲਾਇਨ ਸਿਆਸੀ ਘੁਟਣ ਕਾਰਨ ਹੋਇਆ ਹੋਵੇਗਾ ਪਰ ਜਮਹੂਰੀ ਤੇ ਖੁੱਲੇ ਵਾਤਾਵਰਨ ਵਾਲੇ ਭਾਰਤ ਦਾ ਇਸ ਸੂਚੀ ’ਚ ਜੁੜਨਾ ਸ਼ੁਭ ਸੰਕੇਤ ਨਹੀਂ। ਵਿਸ਼ੇਸ਼ ਗੱਲ ਇਹ ਹੈ ਕਿ ਮੌਰੀਸ਼ਿਸ਼ ਜਿਹੇ ਵਿਕਾਸਸ਼ੀਲ ਦੇਸ਼ ’ਚ ਵੀ ਸੌ ਤੋਂ ਜ਼ਿਆਦਾ ਅਮੀਰਾਂ ਨੇ ਪਲਾਇਨ ਕੀਤਾ ਹੈ। ਅਸੀਂ ਅਮੀਰਾਂ ਨੂੰ ਗੁਆ ਰਹੇ ਹਾਂ ਜਦਕਿ ਮੌਰੀਸ਼ਿਸ਼ ਉਨਾਂ ਨੂੰ ਹਾਸਲ ਕਰ ਰਿਹਾ ਹੈ। ਸਾਫ਼ ਹੈ ਕਿ ਭਾਰਤ ’ਚੋਂ ਅਮੀਰਾਂ ਦਾ ਪਲਾਇਨ ਸਿਰਫ਼ ਕੋਵਿਡ ਕਾਰਨ ਨਹੀਂ ਹੋਇਆ ਸਗੋਂ ਇਸ ਪਿੱਛੇ ਹੋਰ ਡੂੰਘੀ ਸਮੱਸਿਆ ਹੈ।

ਅਮੀਰਾਂ ਨੂੰ ਪਲਾਇਨ ਕਰਨ ’ਚ ਮਦਦ ਕਰਨ ਵਾਲੀ ਅਵੈਂਡਸ ਵੈਲਥ ਮੈਨੇਜਮੈਂਟ ਨਾਂ ਦੀ ਕੰਪਨੀ ਦਾ ਕਹਿਣਾ ਹੈ ਕਿ ਭਾਰਤ ਨੂੰ ਚਿੰਤਤ ਨਹੀਂ ਹੋਣਾ ਚਾਹੀਦਾ ਕਿਉਂਕਿ



ਭਾਰਤ ’ਚ ਜਿੰਨੇ ਅਮੀਰ ਪਲਾਇਨ ਕਰ ਰਹੇ ਹਨ, ਉਸ ਤੋਂ ਜ਼ਿਆਦਾ ਨਵੇਂ ਅਮੀਰ ਬਣ ਰਹੇ ਹਨ। ਇਹ ਗੱਲ ਕਾਫ਼ੀ ਹੱਦ ਤਕ ਸਹੀ ਹੈ ਕਿ ਪਲਾਇਨ ਦੇ ਬਾਵਜੂਦ ਭਾਰਤ ’ਚ ਅਮੀਰਾਂ ਦੀ ਗਿਣਤੀ ਵਧ ਰਹੀ ਹੈ। ਜੇ ਅਸੀਂ ਅਸਲ ’ਚ ਵਿਕਸਤ ਦੇਸ਼ ਬਣਨਾ ਹੈ ਤੇ ਦੁਨੀਆ ਦੇ ਮੋਹਰੀ ਦੇਸ਼ਾਂ ਦੀ ਕਤਾਰ ’ਚ ਸ਼ਾਮਲ ਹੋਣਾ ਹੈ ਤਾਂ ਸਾਨੂੰ ਅਮੀਰਾਂ ਨੂੰ ਆਕਰਸ਼ਿਤ ਕਰਨ ਦੀ ਤਾਕਤ ਹਾਸਲ ਕਰਨੀ ਪਵੇਗੀ। ਐਫਰੋ ਏਸ਼ੀਆਈ ਬੈਂਕ ਅਨੁਸਾਰ 2018 ’ਚ ਆਸਟ੍ਰੇਲੀਆ ’ਚ 12000, ਅਮਰੀਕਾ ’ਚ 10000 ਤੇ ਕੈਨੇਡਾ ’ਚ 4000 ਅਮੀਰਾਂ ਨੇ ਪਲਾਇਨ ਕੀਤਾ। ਸਪੱਸ਼ਟ ਹੈ ਕਿ ਸਾਨੂੰ ਉਨਾਂ ਕਾਰਨਾਂ ’ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ, ਜਿਨਾਂ ਕਰਕੇ ਭਾਰਤ ਤੋਂ ਅਮੀਰ

**ਭੱਖਦਾ ਮੱਸਲਾ**

ਪਲਾਇਨ ਕਰ ਰਹੇ ਹਨ। ਇਸ ਦੀ ਪੜਤਾਲ ਤੋਂ ਪਹਿਲਾਂ ਸਾਨੂੰ ਕੁਝ ਗੱਲਾਂ ’ਤੇ ਵਿਚਾਰ ਕਰਨਾ ਚਾਹੀਦਾ ਹੈ।

ਆਸਟ੍ਰੇਲੀਆ ’ਚ ਨਿੱਜੀ ਆਮਦਨ ’ਤੇ ਟੈਕਸ ਦੀਆਂ ਦਰਾਂ ਉੱਚੀਆਂ ਹਨ। ਇਸ ਦੇ ਬਾਵਜੂਦ ਅਮੀਰ ਸਭ ਤੋਂ ਵੱਡੀ ਗਿਣਤੀ ’ਚ ਇੱਥੇ ਪਲਾਇਨ ਕਰ ਰਹੇ ਹਨ। ਇਸ ਤੋਂ ਸਪੱਸ਼ਟ ਹੈ ਕਿ ਟੈਕਸ ਦਰਾਂ ਦਾ ਪਲਾਇਨ ਨਾਲ ਘੱਟ ਸਰੋਕਾਰ ਹੈ। ਅਕਸਰ ਦੋ ਕਾਰਨਾਂ ਦਾ ਹਵਾਲਾ ਦਿੱਤਾ ਜਾਂਦਾ ਹੈ -ਸਿੱਖਿਆ ਦੀ ਉਪਲਬਧਤਾ ਤੇ ਹਾਈਟੈੱਕ ਖੇਤਰਾਂ ’ਚ ਮੌਕੇ। ਮੇਰੇ ਮੁਤਾਬਕ ਅਜਿਹੇ ਖੇਤਰਾਂ ’ਚ ਭਾਰਤ ’ਚ ਵੀ ਮੌਕਿਆਂ ਦੀ ਕਮੀ ਨਹੀਂ ਹੈ।

ਐਫਰੋ ਏਸ਼ਿਆਈ ਬੈਂਕ ਅਨੁਸਾਰ ਪਲਾਇਨ ਕਰਨ ਦਾ ਇਕ ਪ੍ਰਮੁੱਖ ਕਾਰਨ ਸੁਰੱਖਿਆ ਹੈ। ਜੇ ਅਮੀਰਾਂ ਦੇ ਪਰਿਵਾਰਾਂ ਨੂੰ ਖ਼ਾਸ ਕਰਕੇ ਔਰਤਾਂ ਤੇ ਬੱਚਿਆਂ ਨੂੰ ਸੁਰੱਖਿਆ ਨਹੀਂ ਮਿਲਦੀ ਤਾਂ ਉਹ ਪਲਾਇਨ ਕਰਨਾ ਚਾਹੁੰਦੇ ਹਨ। ਦੂਜਾ ਕਾਰਨ ਮਾਹੌਲ ਦੱਸਿਆ ਗਿਆ ਹੈ। ਜਦੋਂ ਕਿਸੇ ਵੀ ਦੇਸ਼ ’ਚ ਵੱਖ-ਵੱਖ ਧਰਮਾਂ ’ਚ ਵਿਵਾਦ ਚੱਲਦਾ ਹੈ ਤਾਂ ਸਮਾਜਿਕ ਢਾਂਚਾ ਵਿਗੜ ਜਾਂਦਾ ਹੈ ਤੇ ਅਸੁਰੱਖਿਆ ਦਾ ਮਾਹੌਲ ਬਣ ਜਾਂਦਾ ਹੈ। ਤੀਜਾ ਕਾਰਨ ਖੁੱਲਾ ਮਾਹੌਲ ਦੱਸਿਆ ਗਿਆ ਹੈ। ਅਮੀਰ ਲੋਕ ਖੁੱਲੇ ਮਾਹੌਲ ’ਚ ਜਿਉਣਾ ਚਾਹੁੰਦੇ ਹਨ। ਉਨਾਂ ਨੂੰ ਇਹ ਰਾਸ ਨਹੀਂ ਆਉਂਦਾ ਕਿ ਵੱਖ-ਵੱਖ ਵਿਚਾਰਾਂ ਦੀ ਜਾਣਕਾਰੀ ਹਾਸਲ ਕਰਨ ਤੋਂ ਉਨਾਂ ਨੂੰ ਰੋਕਿਆ ਜਾਵੇ। ਉਹ ਖ਼ੁਦ ਵੀ ਪ੍ਰਗਟਾਵੇ ਦੀ ਆਜ਼ਾਦੀ ਚਾਹੁੰਦੇ ਹਨ। ਚੌਥਾ ਕਾਰਨ ਦੱਸਿਆ ਗਿਆ ਕਿ ਜੇ ਕਿਸੇ ਦੇਸ਼ ’ਚ ਆਰਥਿਕ ਵਿਕਾਸ ਦੀ ਗਤੀ ਹੌਲੀ ਹੁੰਦੀ ਹੈ ਤਾਂ ਮੌਕੇ ਵੀ ਘੱਟ ਹੋ ਜਾਂਦੇ ਹਨ ਤੇ ਗ਼ਰੀਬੀ ਵੀ ਵਧਦੀ ਹੈ। ਇਸ ਨਾਲ ਦੁਬਾਰਾ ਅਸੁਰੱਖਿਆ ਦਾ ਮਾਹੌਲ ਬਣਦਾ ਹੈ। ਇਹ ਚਾਰੇ ਕਾਰਨ ਮਹੱਤਵਪੂਰਨ ਹਨ। ਇਨਾਂ ’ਤੇ ਸਰਕਾਰ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਭਾਰਤ ’ਚ ਵਪਾਰ ਕਰਨ ਦੀ ਆਸਾਨੀ ਯਾਨੀ ਈਜ਼ ਆਫ ਡੂਇੰਗ ਬਿਜਨੈੱਸ ’ਚ ਕਥਿਤ ਸੁਧਾਰ ਕਾਰਗਰ ਨਹੀਂ।

ਮੌਜੂਦਾ ਸਮੇਂ ਭਾਰਤ ਦਾ ਅਰਥਚਾਰਾ ਬਾਕੀ ਸਫ਼ਾ 30 ’ਤੇ

# ਖੇਤੀ ਅਧਾਰਿਤ ਸਨਅਤਾਂ ਤੋਂ ਬਿਨਾਂ ਪੰਜਾਬ ਦਾ ਵਿਕਾਸ ਸੰਭਵ ਨਹੀਂ

**ਡਾ. ਐਸ ਐਸ ਛੀਨਾ**

ਦੁਨੀਆ ਦੇ ਵਿਕਸਿਤ ਦੇਸ਼ ਅਮਰੀਕਾ, ਕੈਨੇਡਾ, ਜਰਮਨੀ, ਫਰਾਂਸ, ਜਾਪਾਨ ਆਦਿ ਕਰਜ਼ਦਾਤਾ ਹਨ ਜਦੋਂਕਿ ਵਿਕਾਸ ਕਰ ਰਹੇ ਦੇਸ਼ ਕਰਜ਼ਈ ਹਨ। ਵਿਸ਼ਵ ਦੀਆਂ ਵਿੱਤੀ ਸੰਸਥਾਵਾਂ ਅੰਤਰਰਾਸ਼ਟਰੀ ਮੁਦਰਾ ਫੰਡ, ਵਿਸ਼ਵ ਬੈਂਕ ਆਦਿ ਵਿਚ ਵਿਕਸਿਤ ਦੇਸ਼ਾਂ ਦਾ ਯੋਗਦਾਨ ਜ਼ਿਆਦਾ ਹੈ ਅਤੇ ਉਹ ਉਨਾਂ ਸੰਸਥਾਵਾਂ ਦੀਆਂ ਨੀਤੀਆਂ ਨੂੰ ਵੀ ਨਿਰਧਾਰਤ ਕਰਦੇ ਹਨ। ਕਰਜ਼ਈ ਦੇਸ਼ਾਂ ਨੂੰ ਉਸ ਕਰਜ਼ੇ ਦੇ ਵਿਆਜ ਦੇ ਨਾਲ-ਨਾਲ ਉਨਾਂ ਦੇਸ਼ਾਂ ਵਲੋਂ ਦੱਸੀਆਂ ਗਈਆਂ ਨੀਤੀਆਂ ਨੂੰ ਵੀ ਮਜਬੂਰੀਵੱਸ ਲਾਗੂ ਕਰਨਾ ਪੈਂਦਾ ਹੈ। ਕਰਜ਼ਾ ਲੈਣਾ ਕਮਜ਼ੋਰ ਆਰਥਿਕਤਾ ਦੀ ਮਜਬੂਰੀ ਬਣ ਜਾਂਦੀ ਹੈ ਜਿਸ ਦਾ ਉਦੇਸ਼ ਆਰਥਿਕਤਾ ਨੂੰ ਸੁਧਾਰਨਾ ਹੁੰਦਾ ਹੈ। ਭਾਰਤ ਦੇ ਪ੍ਰਾਂਤਾਂ ਦੀਆਂ ਸਰਕਾਰਾਂ ਵੀ ਕਰਜ਼ਈ ਹਨ, ਜਿਨਾਂ ਨੇ ਆਪਣੇ ਰਾਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਰਜ਼ੇ ਦਾ ਸਹਾਰਾ ਲਿਆ ਹੋਇਆ ਹੈ। ਤਕਰੀਬਨ ਸਾਰੇ ਹੀ ਪ੍ਰਾਂਤਾਂ ਦੀਆਂ ਸਰਕਾਰਾਂ ਕਰਜ਼ਈ ਹਨ ਪਰ ਪਿਛਲੇ ਸਮਿਆਂ ਵਿਚ ਜਿਸ ਰਫ਼ਤਾਰ ਨਾਲ ਅਤੇ ਜਿਸ ਮਾਤਰਾ ਨਾਲ ਪੰਜਾਬ ਦੀ ਸਰਕਾਰ ਦਾ ਕਰਜ਼ਾ ਵਧਿਆ ਹੈ, ਉਹ ਪੰਜਾਬ ਦੀ ਜਨਤਾ ‘ਤੇ ਵੱਡਾ ਬੋਝ ਬਣ ਗਿਆ ਹੈ, ਜਿਸ ਕਰਕੇ ਜਨਤਕ ਭਲਾਈ ਦੀਆਂ ਸਕੀਮਾਂ ਬੁਰੀ ਤਰਾਂ ਪ੍ਰਭਾਵਿਤ ਹੋ ਰਹੀਆਂ ਹਨ।

ਪ੍ਰਾਂਤ ਦੀ ਆਰਥਿਕ ਸਥਿਤੀ ’ਤੇ ਪ੍ਰਾਂਤ ਦੀ ਸਰਕਾਰ ਦੀ ਆਮਦਨ ਨਿਰਭਰ ਕਰਦੀ ਹੈ। ਜੇ ਖ਼ੁਸ਼ਹਾਲ ਆਰਥਿਕਤਾ ਹੈ ਤਾਂ ਟੈਕਸਾਂ ਦੇ ਰੂਪ ਵਿਚ ਵੱਧ ਆਮਦਨ ਇਕੱਠੀ ਹੋ ਸਕਦੀ ਹੈ। ਸੰਨ 2000 ਤੋਂ ਪਹਿਲਾਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਪੰਜਾਬ ਭਾਰਤ ਦਾ ਪਹਿਲੇ ਨੰਬਰ ਦਾ ਪ੍ਰਾਂਤ ਸੀ ਭਾਵੇਂ ਕਿ ਉਸ ਵਕਤ ਵੀ ਪੰਜਾਬ ਦੀ ਸਰਕਾਰ ਕਰਜ਼ਈ ਤਾਂ ਸੀ ਪਰ ਇਹ ਕਰਜ਼ਾ 10 ਹਜ਼ਾਰ ਕਰੋੜ ਰੁਪਏ ਤੋਂ ਘੱਟ ਹੀ ਸੀ ਜਦੋਂ ਕਿ ਹੁਣ 20 ਸਾਲਾਂ ਬਾਅਦ ਪੰਜਾਬ ਸਰਕਾਰ ਨੇ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦੇ ਕਰੀਬ ਉਸ ਲਏ ਕਰਜ਼ੇ ਦਾ ਵਿਆਜ ਹੀ ਅਦਾ ਕਰਨਾ ਹੁੰਦਾ ਹੈ, ਜਿਹੜਾ ਕਿ ਗ਼ੈਰ-ਉਪਜਾਊ ਖ਼ਰਚ ਹੈ। 1997 ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਆਉਂਦੀਆਂ ਜਾਂਦੀਆਂ ਰਹੀਆਂ ਪਰ ਕਰਜ਼ਾ ਹਰ ਪੰਜ ਸਾਲ ਬਾਅਦ ਤਕਰੀਬਨ ਦੁੱਗਣਾ ਹੋ ਜਾਂਦਾ ਰਿਹਾ ਹੈ। 2006-07 ਵਿਚ ਇਹ ਕਰਜ਼ਾ ਸਿਰਫ 80 ਹਜ਼ਾਰ ਕਰੋੜ ਰੁਪਏ ਸੀ ਜਦੋਂ ਕਿ 2016-17 ਵਿਚ 1.82 ਲੱਖ ਕਰੋੜ ਰੁਪਏ ਹੋ ਗਿਆ। 2019-20 ਵਿਚ 1.93 ਲੱਖ ਕਰੋੜ ਸੀ ਪਰ 2020-21 ਵਿਚ 2.60 ਲੱਖ ਕਰੋੜ ਹੋ ਗਿਆ। ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਅਤੇ ਕਰਜ਼ੇ ਦੀ ਅਨੁਪਾਤ 2020-21 ਵਿਚ ਘਟ ਕੇ 39 ਫ਼ੀਸਦੀ ਹੋ ਗਈ ਜਦੋਂ ਕਿ ਇਹ ਅਨੁਪਾਤ 2016-17 ਵਿਚ 42.58 ਫ਼ੀਸਦੀ ਸੀ। ਇਸ ਦਾ ਇਹ ਅਰਥ ਤਾਂ ਨਹੀਂ ਕਿ ਇਨਾਂ 4 ਸਾਲਾਂ ਵਿਚ ਕਰਜ਼ਾ ਘਟਿਆ ਸੀ ਪਰ ਇਸ ਦਾ ਇਹ ਅਰਥ ਸੀ ਕਿ ਇਨਾਂ 4 ਸਾਲਾਂ ਵਿਚ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਦਾ ਮੁੱਲ ਕਾਫੀ ਵਧਿਆ ਸੀ ਜਿਸ ਤੋਂ ਇਹ ਉਮੀਦ ਪੈਦਾ ਹੁੰਦੀ ਹੈ ਕਿ ਪੰਜਾਬ ਦੀ ਆਰਥਿਕਤਾ ਵਿਚ ਇਹ ਸਮਰੱਥਾ ਹੈ ਕਿ ਇਸ ਦਾ ਕੁੱਲ ਘਰੇਲੂ ਉਤਪਾਦਨ ਵਧਾਇਆ ਜਾ ਸਕਦਾ ਹੈ, ਜਿਹੜਾ ਪ੍ਰਾਂਤ ਦੀ ਖ਼ੁਸ਼ਹਾਲੀ ਦਾ ਆਧਾਰ ਹੈ। ਪੰਜਾਬ ਦਾ ਪ੍ਰਤੀ ਵਿਅਕਤੀ ਕਰਜ਼ਾ 96 ਹਜ਼ਾਰ ਰੁਪਏ ਹੈ ਜਿਹੜਾ ਭਾਰਤ ਵਿਚ ਸਭ ਤੋਂ ਵੱਧ ਹੈ।

ਪ੍ਰਾਂਤ ਦੀ ਆਮਦਨ, ਕੇਂਦਰ ਸਰਕਾਰ ਤੋਂ ਗਰਾਂਟ ਅਤੇ ਟੈਕਸਾਂ ਤੋਂ ਕੀਤੀ ਕਮਾਈ ਦੇ ਹਿੱਸੇ ਤੋਂ ਇਲਾਵਾ ਪ੍ਰਾਂਤਾਂ ਵਲੋਂ ਲਾਏ ਗਏ ਟੈਕਸ, ਜਿਨਾਂ ਵਿਚ ਮੁੱਖ ਵੈਟ (ਮੁੱਲ ਵਾਧਾ ਟੈਕਸ) ਅਤੇ ਪ੍ਰਾਂਤਾਂ ਦੇ ਅਦਾਰਿਆਂ ਤੋਂ ਕੀਤੀ ਗ਼ੈਰ-ਟੈਕਸ ਕਮਾਈ ਹੁੰਦੀ ਹੈ। ਇਹ ਗ਼ੈਰ-ਟੈਕਸ ਕਮਾਈ ਅੱਜ ਕਲ ਨਿਗੂਣੀ ਹੈ ਸਗੋਂ ਸਰਕਾਰ ਵਲੋਂ ਚਲਾਈਆਂ ਗਈਆਂ ਜ਼ਿਆਦਾਤਰ ਵਪਾਰਕ ਇਕਾਈਆਂ ਘਾਟੇ

**ਕਿਸਾਨੀ ਮਸਲਾ**

ਵਿਚ ਜਾ ਰਹੀਆਂ ਹਨ। 1960 ਤੋਂ ਬਾਅਦ ਭਾਰਤ ਸਰਕਾਰ ਦੀ ਤਰਜ਼ ’ਤੇ ਪੰਜਾਬ ਵਿਚ ਬਹੁਤ ਸਾਰੀਆਂ ਵਪਾਰਕ ਇਕਾਈਆਂ ਸਰਕਾਰ ਵਲੋਂ ਚਲਾਈਆਂ ਗਈਆਂ ਸਨ ਜਿਨਾਂ ਵਿਚ ਕਾਰਖਾਨੇ, ਟਰਾਂਸਪੋਰਟ ਅਤੇ ਇਥੋਂ ਤੱਕ ਕਿ ਹੋਟਲ ਵੀ ਚਾਲੂ ਕੀਤੇ ਗਏ ਸਨ। ਪਰ ਉਹ ਵਪਾਰਕ ਇਕਾਈਆਂ ਲਗਾਤਾਰ ਘਾਟੇ ਵਿਚ ਗਈਆਂ। ਇਹ ਵੀ ਦਿਲਚਸਪ ਤੱਥ ਹੈ ਕਿ ਖੰਡ ਮਿੱਲਾਂ ਨੂੰ ਸਹਿਕਾਰੀ ਹੱਥਾਂ ਵਿਚ ਦੇ ਦਿੱਤਾ ਗਿਆ ਅਤੇ ਦੂਸਰੀਆਂ ਇਕਾਈਆਂ ਨੂੰ ਵੇਚ ਦਿੱਤਾ ਗਿਆ ਅਤੇ ਘਟਾਇਆ ਗਿਆ। ਜਿਥੇ ਨਿੱਜੀ ਖੰਡ ਮਿੱਲ ਦੇ ਕਾਰੋਬਾਰ ਦਿਨੋ-ਦਿਨ ਵਧਦੇ ਗਏ, ਟਰਾਂਸਪੋਰਟ ਕੰਪਨੀਆਂ ਅਤੇ ਹੋਟਲਾਂ ਦੀ ਕਮਾਈ ਨਿੱਜੀ ਹੱਥਾਂ ਵਿਚ ਵਧਦੀ ਗਈ, ਉਥੇ ਸਰਕਾਰੀ ਕਾਰੋਬਾਰਾਂ ਦੀ ਕਮਾਈ ਘਟਦੀ ਗਈ ਅਤੇ ਬਜਾਏ ਕਿ ਉਨਾਂ ਦੀ ਪ੍ਰਬੰਧਕੀ ਯੋਗਤਾ ਨੂੰ ਵਧਾ ਕੇ ਘਾਟੇ ਵਾਲੀਆਂ ਇਕਾਈਆਂ ਨੂੰ ਲਾਭ ਵਾਲੀਆਂ ਇਕਾਈਆਂ ਵਿਚ ਬਦਲਿਆ ਜਾਂਦਾ। ਉਹ ਇਕਾਈਆਂ ਜਾਂ ਬੰਦ ਕਰ ਦਿੱਤੀਆਂ ਗਈਆਂ, ਵੇਚ ਦਿੱਤੀਆਂ ਗਈਆਂ ਜਾਂ ਉਨਾਂ ਦੇ ਕੰਮ ਘਟਾ ਦਿੱਤੇ ਗਏ। ਜੇ ਇਹ ਇਕਾਈਆਂ ਵਾਧੇ ਵਿਚ ਜਾਂਦੀਆਂ ਤਾਂ ਇਸ ਨਾਲ ਸਰਕਾਰ ਦੀ ਆਮਦਨ ਵਧਣੀ ਸੀ, ਜਿਸ ਨਾਲ ਜਨਤਾ ਦੇ ਟੈਕਸ ਘਟਣੇ ਸਨ ਅਤੇ ਜਨਤਕ ਰਾਹਤ ਪ੍ਰਦਾਨ ਕੀਤੀ ਜਾ ਸਕਦੀ ਸੀ। ਇਸ ਨਾਲ ਸਮਾਜਿਕ ਸੁਰੱਖਿਆ ਵਿਚ ਵੀ ਵਾਧਾ ਹੋਣਾ ਸੀ ਪਰ ਜਦੋਂ ਇਹ ਘਾਟੇ ਵਿਚ ਗਈਆਂ ਤਾਂ ਇਹ ਜਨਤਕ ਬੋਝ ਬਣ ਗਈਆਂ ਅਤੇ ਸਰਕਾਰ ਦੀ ਆਮਦਨ ਘਟਣ ਕਰਕੇ ਸਰਕਾਰ ਨੂੰ ਕਰਜ਼ੇ ’ਤੇ ਨਿਰਭਰ ਹੋਣਾ ਪਿਆ।

ਪੰਜਾਬ ਸਰਕਾਰ ਸਿਰ ਕਰਜ਼ੇ ਪ੍ਰਤੱਖ ਰੂਪ ਵਿਚ ਪੰਜਾਬ ਦੀ ਕਮਜ਼ੋਰ ਹੋ ਰਹੀ ਆਰਥਿਕ ਸਥਿਤੀ ਨਾਲ ਸਬੰਧਿਤ ਹਨ। ਪਹਿਲੇ ਨੰਬਰ ਦੀ ਪ੍ਰਤੀ ਵਿਅਕਤੀ ਆਮਦਨ ਦੀ ਸਥਿਤੀ ਤੋਂ ਖਿਸਕਦਿਆਂ ਹੋਇਆਂ ਪੰਜਾਬ 12ਵੇਂ ਨੰਬਰ ’ਤੇ ਆ ਗਿਆ ਜਦੋਂ ਕਿ ਪ੍ਰਤੀ ਵਿਅਕਤੀ ਕਰਜ਼ੇ ਦੇ ਪੱਖ ਤੋਂ ਪਹਿਲੇ ਨੰਬਰ ’ਤੇ ਆ ਗਿਆ। ਉਹ ਪ੍ਰਾਂਤ ਜਿਹੜੇ ਪ੍ਰਤੀ ਵਿਅਕਤੀ ਆਮਦਨ ਵਿਚ ਬਹੁਤ ਪਿੱਛੇ ਸਨ, ਉਹ ਹੁਣ ਪੰਜਾਬ ਤੋਂ ਕਿਤੇ ਅੱਗੇ ਨਿਕਲ ਗਏ ਹਨ ਜਿਨਾਂ ਵਿਚ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਹਿਮਾਚਲ ਪ੍ਰਦੇਸ਼ ਆਦਿ ਆਉਂਦੇ ਹਨ। ਉਨਾਂ ਪ੍ਰਾਂਤਾਂ ਦੀ ਆਰਥਿਕ ਸਥਿਤੀ ਵਿਚ ਵੱਡਾ ਸੁਧਾਰ ਆਇਆ ਹੈ ਜਿਸ ਦਾ ਅਧਿਐਨ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਹ ਪ੍ਰਾਂਤ ਖੇਤੀ ਪ੍ਰਮੁੱਖਤਾ ਤੋਂ ਉਦਯੋਗਿਕ ਪ੍ਰਮੁੱਖਤਾ ਅਤੇ ਆਰਥਿਕ ਵਿਭਿੰਨਤਾ ਵੱਲ ਚਲੇ ਗਏ ਹਨ। ਉਨਾਂ ਪ੍ਰਾਂਤਾਂ ਦੀ ਜ਼ਿਆਦਾਤਰ ਵਸੋਂ ਖੇਤੀ ਤੋਂ ਉਦਯੋਗ ਵੱਲ ਅਤੇ ਹੋਰ ਪੇਸ਼ਿਆਂ ਵੱਲ ਤਬਦੀਲ ਹੋ ਗਈ ਜਦੋਂ ਕਿ ਪੰਜਾਬ ਅਜੇ ਵੀ ਖੇਤੀ ਪ੍ਰਮੁੱਖ ਪ੍ਰਾਂਤ ਹੈ ਜਿਸ ਦੀ ਵਸੋਂ 60 ਫ਼ੀਸਦੀ ਖੇਤੀ ਵਿਚ ਲੱਗੀ ਹੋਈ ਹੈ ਭਾਵੇਂ ਕਿ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ ਘਟ ਕੇ ਸਿਰਫ 19 ਫ਼ੀਸਦੀ ਰਹਿ ਗਿਆ ਹੈ। ਇਸ ਤੋਂ ਇਲਾਵਾ 9 ਫ਼ੀਸਦੀ ਡੇਅਰੀ ਦਾ ਹਿੱਸਾ ਹੈ ਜਿਹੜਾ ਸਾਰੇ ਦੇਸ਼ ਵਿਚ ਸਭ ਤੋਂ ਵੱਧ ਹੈ। ਇਸ ਤਰਾਂ ਖੇਤੀ ਤੋਂ ਇਲਾਵਾ ਹੋਰ ਪੇਸ਼ਿਆਂ ਵਿਚ ਓਨਾ ਵਾਧਾ ਨਾ ਹੋ ਸਕਿਆ ਕਿ ਖੇਤੀ ਵਾਲੀ ਅਰਧ-ਬੇਰੁਜ਼ਗਾਰ ਵਸੋਂ ਨੂੰ ਪੂਰਨ ਰੁਜ਼ਗਾਰ ਦੇ ਮੌਕੇ ਦਿੱਤੀ ਜਾ ਸਕਦੇ।

ਪੰਜਾਬ ਸਰਕਾਰ ਦੇ ਕਰਜ਼ੇ ਨੂੰ ਘਟਾਉਣ ਲਈ ਪੰਜਾਬ ਆਰਥਿਕਤਾ ਦੇ ਉਭਾਰ ਦੀਆਂ ਉਨਾਂ ਸਭ ਰੁਕਾਵਟਾਂ ਨੂੰ ਦੂਰ ਕਰਨਾ ਪੈਣਾ ਹੈ ਜਿਸ ਨਾਲ ਕਿ ਪੰਜਾਬ ਫਿਰ ਪਹਿਲਾਂ ਵਾਲਾ ਖ਼ੁਸ਼ਹਾਲ ਪ੍ਰਾਂਤ ਬਣੇ।

ਪੰਜਾਬ ਦੀ ਆਰਥਿਕਤਾ ਨੂੰ ਸੁਧਾਰਨ ਲਈ ਇਕ ਠੋਸ ਯੋਜਨਾ ਦੀ ਲੋੜ ਹੈ ਜਿਹੜੀ ਵੋਟ ਦੀ ਰਾਜਨੀਤੀ ‘ਤੇ ਆਧਾਰਿਤ ਨਾ ਹੋਵੇ ਸਗੋਂ ਕਿ ਆਰਥਿਕ ਵਿਕਾਸ ਦੇ ਉਦੇਸ਼ ’ਤੇ ਆਧਾਰਿਤ ਹੋਵੇ ਜਿਸ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਇਕਸੁਰਤਾ ਹੋਵੇ। ਪ੍ਰਾਂਤ ਦੇ ਵਸੀਲਿਆਂ ਦੀ ਸਮਰੱਥਾ ਨੂੰ ਧਿਆਨ ਵਿਚ ਰੱਖਦਿਆਂ ਵਿਕਾਸ ਯੋਜਨਾਵਾਂ ਸਿਰਫ ਅਤੇ ਸਿਰਫ ਖੇਤੀ ’ਤੇ ਹੀ ਆਧਾਰਿਤ ਹੋ ਸਕਦੀਆਂ ਹਨ, ਕਿਉਂਕਿ ਪੰਜਾਬ ਖੇਤੀ ਵਿਚ ਭਾਰਤ ਦਾ ਪ੍ਰਮੁੱਖ ਪ੍ਰਾਂਤ ਹੈ। ਉਹ ਸਮਰੱਥਾ ਜਿਹੜੀ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਖੇਤੀ ’ਤੇ ਆਧਾਰਿਤ ਹੋ ਸਕਦੀ ਹੈ। ਪੰਜਾਬ ਦੀ ਖੇਤੀ ਨੇ ਹੈਰਾਨੀਜਨਕ ਸਿੱਟੇ ਦਿੱਤੇ ਹਨ। ਸਿਰਫ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਦੇਸ਼ ਦੇ ਅਨਾਜ ਭੰਡਾਰ ਵਿਚ 60 ਫ਼ੀਸਦੀ ਹਿੱਸਾ ਪਾਉਣਾ ਦੇਸ਼ ਦੀ ਕੁੱਲ ਕਣਕ ਉਤਪਾਦਨ ਵਿਚ 19 ਫ਼ੀਸਦੀ, ਝੋਨੇ ਵਿਚ 11 ਫ਼ੀਸਦੀ ਅਤੇ ਕਪਾਹ ਵਿਚ 5 ਫ਼ੀਸਦੀ ਦਾ ਹਿੱਸਾ ਵੱਡੀ ਗੱਲ ਹੈ। ਦੁਨੀਆ ਵਿਚ ਪੈਦਾ ਹੋਣ ਵਾਲੇ ਝੋਨੇ ਵਿਚ 2.5 ਫ਼ੀਸਦੀ, ਕਣਕ ਵਿਚ 2.4 ਫ਼ੀਸਦੀ ਅਤੇ ਕਪਾਹ ਵਿਚ 1.2 ਫ਼ੀਸਦੀ ਹਿੱਸਾ ਪੰਜਾਬ ਦਾ ਹੈ। ਪਰ ਦਾਲਾਂ, ਤੇਲ ਬੀਜਾਂ, ਫਲਾਂ ਅਤੇ ਸਬਜ਼ੀਆਂ ਵਿਚ ਪ੍ਰਤੀ ਏਕੜ ਸਭ ਤੋਂ ਵੱਧ ਉਪਜ ਹੋਣ ਦੇ ਬਾਵਜੂਦ ਉਨਾਂ ਨੂੰ ਕੁਝ ਕਾਰਨਾਂ ਕਰਕੇ ਨਾ ਬੀਜਣਾ ਉਹ ਪੱਖ ਹਨ ਜੋ ਆਰਥਿਕਤਾ ਸੁਧਾਰਨ ਲਈ ਧਿਆਨ ਦੀ ਮੰਗ ਕਰਦੇ ਹਨ।

ਪ੍ਰਾਂਤ ਦੀ ਆਰਥਿਕਤਾ ਨੂੰ ਉਦਯੋਗ ਮੁਖੀ ਬਣਾਉਣਾ ਇਸ ਦੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ ਜਿਸ ਵਿਚ ਖੇਤੀ ਆਧਾਰਿਤ ਉਦਯੋਗ ਸਭ ਤੋਂ ਪਹਿਲੀ ਲੋੜ ਹੈ। ਵਿਕਸਿਤ ਦੇਸ਼ਾਂ ਵਿਚ 86 ਫ਼ੀਸਦੀ ਖੇਤੀ ਵਸਤੂਆਂ ਨੂੰ ਪ੍ਰੋਸੈਸਿੰਗ ਕਰਕੇ ਤਿਆਰ ਵਸਤੂਆਂ ਵਿਚ ਬਦਲਿਆ ਜਾਂਦਾ ਹੈ ਪਰ ਪੰਜਾਬ ਵਿਚ ਸਿਰਫ 12 ਫ਼ੀਸਦੀ ਅਜਿਹੀ ਸਮਰੱਥਾ ਹੈ, ਜਿਹੜੀ ਉਦਯੋਗਾਂ, ਅੰਦਰੂਨੀ ਅਤੇ ਵਿਦੇਸ਼ੀ ਵਪਾਰ ਅਤੇ ਸਮੁੱਚੀ ਆਰਥਿਕਤਾ ਦਾ ਆਧਾਰ ਬਣ ਸਕਦੀ ਹੈ। ਸਿਰਫ ਖੰਡ ਮਿੱਲਾਂ ਨੂੰ ਛੱਡ ਕੇ ਹੋਰ ਕਿਸੇ ਵੀ ਵਸਤੂ ਦੇ ਮੁੱਲ ਵਾਧੇ ਦੀਆਂ ਜ਼ਿਆਦਾ ਇਕਾਈਆਂ ਇਥੇ ਨਹੀਂ ਹਨ। ਬਾਕੀ ਸਫ਼ਾ 30 ’ਤੇ

# ਪੰਜਾਬ ਦੀ ਮੌਜੂਦਾ ਰਾਜਨੀਤੀ ਤੇ ਕਿਸਾਨੀ ਅੰਦੋਲਨ ਦੇ ਰੋਲ ਦਾ ਸੁਆਲ



**ਅਮਰਜੀਤ ਅਰਪਨ**

ਹਾਲ ਹੀ ਦਿਨਾਂ ਵਿਚ ਪੰਜਾਬ ਦੀ ਰਾਜਨੀਤੀ ਚੌਰਾਹੇ 'ਤੇ ਖਲੋਤੀ ਹੈ। ਕੋਈ ਸਾਫ ਤਸਵੀਰ ਨਹੀਂ ਦਿਸ ਰਹੀ। ਪੰਜਾਬ ਦੀਆਂ ਵੱਖ-ਵੱਖ ਧਿਰਾਂ ਵਿਚੋਂ ਕੋਈ ਸਵੀਕਾਰਿਆ ਚਿਹਰਾ ਉਭਰ ਕੇ ਨਹੀਂ ਆ ਰਿਹਾ। ਕੋਈ ਹਿੱਕ ਤੇ ਹੱਥ ਮਾਰ ਕੇ ਹਾਲੇ ਕਹਿਣ ਜੋਗਾ ਨਹੀਂ ਹੈ ਕਿ 'ਉਡਦੀ ਧੂੜ ਵਿਚੋਂ ਬੋਤਾ ਯਾਰ ਦਾ ਦੂਰੋਂ ਈ ਦਿੱਸੇ'

ਪ੍ਰੰਪਰਕ ਲੀਡਰਸ਼ਿਪ ਹੱਥਲ ਜਿਹੀ ਹੋਈ ਪਈ ਹੈ। ਉਹਨਾਂ ਕੋਲ ਚੋਣ ਲੜਨ ਦੇ ਹਥਿਆਰ ਵੀ ਪ੍ਰੰਪਰਕ ਨੇ, ਜਿਹੜੇ ਹੁਣ ਖੁੰਡੇ ਜਿਹੇ ਹੋਏ ਵਿਖਾਈ ਦਿੰਦੇ ਹਨ। ਉਨਾਂ ਨੂੰ ਸੁਝ ਹੀ ਨਹੀਂ ਰਿਹਾ ਕਿ ਉਹ ਲੜਾਈ ਕਿਵੇਂ ਲੜਨ। ਰੇਤਾ ਬਜਰੀ ਦਾ ਮਸਲਾ, ਬੇਅਦਬੀ ਕਾਂਡ, ਨਸ਼ੇ ਦਾ ਮਸਲਾ, ਬੇਰੁਜ਼ਗਾਰੀ ਤੇ ਹੋਰ ਅਨੇਕਾਂ ਮਸਲੇ ਚੁਣੌਤੀ ਬਣ ਕੇ ਖਲੋਤੇ ਹਨ। ਪਿਛਲੇ ਸਾਲਾਂ ਵਿਚ ਕੈਪਟਨ ਤੋਂ ਜੋ ਉਮੀਦ ਕੀਤੀ ਗਈ ਸੀ, ਉਸ ਤੇ ਉਹ ਪੂਰੇ ਨਹੀਂ ਉਤਰੇ। ਸੰਕਟ ਬਹੁਤ ਭਿਅੰਕਰ ਹੈ, ਲੋਕਾਂ ਨੂੰ ਪ੍ਰੰਪਰਕ ਲੀਡਰਸ਼ਿਪ ਤੇ ਵਿਸ਼ਵਾਸ ਰਿਹਾ ਨਹੀਂ। ਅਗਰ ਜੋੜ ਤੋੜ ਕਰਕੇ ਇਹੀ ਪੁਰਾਣੀ ਲੀਡਰਸ਼ਿਪ ਸੱਤਾ ਵਿਚ ਆਉਂਦੀ ਹੈ ਤਾਂ ਨਿਸ਼ਚੇ ਹੀ ਪੰਜਾਬ ਬਹੁਤ ਭਾਰੀ ਨਿਰਾਸ਼ਾ ਵਿਚ ਚਲਾ ਜਾਵੇਗਾ। ਸਮੱਸਿਆ ਇਹ ਹੈ ਕਿ ਸਾਡਾ ਚੋਣ ਸਿਸਟਮ ਹੀ ਕੁੱਝ ਏਦਾਂ ਦਾ ਹੈ ਕਿ ਕਈ ਵੇਰੀਂ ਲੋਕਾਂ ਦੀਆਂ ਇਛਾਵਾਂ ਤੋਂ ਉਲਟ ਵੀ ਜੋੜ ਤੋੜ ਕਰਕੇ ਸਰਕਾਰਾਂ ਬਣ ਜਾਂਦੀਆਂ ਨੇ।ਇਸ ਸਿਸਟਮ ਦਾ ਤੋੜ ਤਾਂ 'ਅਨੁਪਾਤਿਕ ਚੋਣ ਪ੍ਰਣਾਲੀ' ਵਿਚ ਪਿਆ ਹੈ, ਜੋ ਸਾਡੇ ਇੱਥੇ ਲਾਗੂ ਨਹੀਂ ਹੈ ਤੇ ਨਾ ਹੀ ਪ੍ਰੰਪਰਕ ਪਾਰਟੀਆਂ ਇਹ ਲਾਗੂ ਕਰਨਾ ਚਾਹੁੰਦੀਆਂ ਹਨ। ਇਸ ਨਾਲ ਇਨਾਂ ਦਾ ਦਬਦਬਾ ਟੁੱਟਾ ਹੈ।

ਅਕਾਲੀ-ਬੀਐਸਪੀ ਗਠਜੋੜ, ਕਾਂਗਰਸ ਦਾ ਆਪਸੀ ਰੱਫੜ, ਆਪ ਦੀ ਕੁੰਵਰ ਵਿਜੇ ਪ੍ਰਤਾਪ ਨੂੰ ਸ਼ਾਮਲ ਕਰਕੇ ਲਈ ਅੰਗੜਾਈ, ਢੀਂਡਸਾ-ਬ੍ਰਹਮਪੁਰਾ ਅਕਾਲੀ ਦਲ, ਬੀਜੇਪੀ ਦਾ ਮਾੜਾ ਹਾਲ ਤੇ ਇੱਦਾਂ ਹੋਰ ਬੈਂਸ-ਖਹਿਰਾ ਚਿਹਰੇ-ਇਹ ਨੇ ਫਿਲਹਾਲ ਸਾਡੀ ਹੋਣੀ ਤੇ ਪੰਜਾਬ ਦਾ ਭਵਿੱਖ। ਕੀ ਇਸ ਨਾਲ ਪੰਜਾਬ ਦਾ ਭਵਿੱਖ ਸੰਵਰ ਜਾਵੇਗਾ ? ਬਹੁਤ ਵੱਡੇ ਸ਼ੰਕੇ ਹਨ। ਸੰਕਟ ਦਾ ਹੱਲ ਇਨਾਂ ਕੋਲ ਹੈ ਨਹੀਂ, ਕਿਉਂ ਜੋ ਇਹ ਆਪਸ ਵਿੱਚ ਹੀ ਅੰਤਰ ਵਿਰੋਧਾਂ ਨਾਲ ਟੁੱਟ ਫੁੱਟ ਜਾਣਗੇ। ਇਕੱਲੇ ਨਵਜੋਤ ਸਿੱਧੂ ਦਾ ਆਦਰਸ਼ਵਾਦ ਕੀ ਕਰ'ਲੂ ਜਾਂ ਇਕੱਲੇ ਪ੍ਰਗਟ ਸਿੰਘ ਦੀ ਇਮਾਨਦਾਰੀ ਕੀ ਕੱਦੂ 'ਚ ਤੀਰ ਮਾਰ'ਲੂ।ਇਸ ਸਭ ਕੁੱਝ ਲਈ ਵੱਡੀ ਟੀਮ ਦੀ ਜ਼ਰੂਰਤ ਹੈ, ਉਹ ਵੀ ਸਮਰਪਿਤ ਤੇ ਤਿਆਗੀ। ਉਹ ਕੋਈ ਸਪੱਸ਼ਟ ਦਿੱਸ ਨਹੀਂ ਰਹੀ।



ਇਸ ਕਰਕੇ ਮੈਂ ਸ਼ੁਰੂ ਵਿਚ ਹੀ ਜ਼ਿਕਰ ਕੀਤਾ ਹੈ ਕਿ ਪੰਜਾਬ ਇਸ ਵੇਲੇ ਚੌਰਾਹੇ 'ਚ ਖੜਾ ਹੈ। ਇਸ ਸਾਰੇ ਮੰਜ਼ਰ ਵਿਚ ਪੰਜਾਬ ਅੰਦਰ ਕਿਸਾਨੀ ਅੰਦੋਲਨ ਤੋਂ ਆਈ ਰਾਜਨੀਤਕ ਤੇ ਹੱਕ ਹਕੂਕ ਦੀ ਚੇਤਨਾ ਹੈ ਜੋ ਸਾਫ ਦਿੱਸ ਰਹੀ ਹੈ।ਇਸ ਨਵੀਂ ਆਈ ਚੇਤਨਾ ਨੇ ਪ੍ਰੰਪਰਕ ਲੀਡਰਸ਼ਿਪ ਧੱਕ ਕੇ ਪਰਾਂ ਸੁੱਟ ਦਿੱਤੀ ਹੈ। ਹੁਣ ਸਿਰ ਤੇ ਆਈ ਚੋਣ ਲਈ ਰਾਜਨੀਤੀ ਤਾਂ ਖੇਡੀ ਜਾਣੀ ਹੈ, ਹੋਰ ਪ੍ਰੰਪਰਕ ਲੀਡਰਸ਼ਿਪ ਨੇ ਗੰਢਿਆਂ ਦਾ ਵਪਾਰ ਤਾਂ ਕਰਨਾ ਨਹੀਂ, ਉਹ ਤਾਂ ਆਪਣੇ ਪਰ ਤੋਲਣਗੇ। ਸੁਆਲ ਇਹ ਹੈ ਕਿ ਕਿਸਾਨੀ ਅੰਦੋਲਨ ਵਿਚੋਂ ਲੋਕਾਂ ਅੰਦਰ ਆਈ ਚੇਤਨਾ ਨੂੰ ਰਾਜਨੀਤਕ ਮੂੰਹ ਕਿਹੜਾ ਦੇਈਏ ?.. ਰਾਜਨੀਤਕ ਸੂਝ ਰੱਖਣ ਵਾਲੇ ਇਸ ਨਵੇਂ ਵਰਤਾਰੇ ਵੱਲ ਨੀਝ ਲਾ ਕੇ ਵੇਖ ਰਹੇ ਹਨ। ਕਿਸਾਨੀ ਅੰਦੋਲਨ ਸਬੰਧੀ ਇਹ ਇਕਹਿਰੀ ਜਿਹੀ ਸਮਝ ਤਿਆਗਣੀ ਪਵੇਗੀ ਕਿ ਇਹ ਅੰਦੋਲਨ ਸਿਰਫ਼ ਖੇਤੀ ਕਾਨੂੰਨਾਂ ਤੱਕ ਹੀ ਸੀਮਤ ਹੈ।ਇਹ ਸੋਚ ਉਨਾਂ ਦੀ ਹੈ ਜੋ ਅੰਦੋਲਨਾਂ ਦੇ ਬਹੁ ਪਾਸਾਰੀ ਪ੍ਰਭਾਵਾਂ ਨੂੰ ਵੇਖ ਸਕਣ ਦੀ ਸਮਰੱਥਾ ਨਹੀਂ ਰੱਖਦੇ।ਉਹ ਭਵਿੱਖ ਦੇ ਗਰਭ ਵਿਚ ਰਿੜਕਣ ਦੀ ਕਿਹੋ ਜਿਹੀ ਆਹਟ ਸੁਣਾਈ ਦਿੰਦੀ ਏ, ਉਨਾਂ ਦੀ ਵਿਵੇਕੀ ਅੱਖ ਇਹ ਵੇਖ ਨਹੀਂ ਸਕਦੀ।ਇਹ ਉਨਾਂ ਦੀ ਸਮਾਜ ਸ਼ਾਸਤਰੀ ਸੂਝ ਤੋਂ ਕੋਰੇ ਹੋਣ ਦੀ ਨਿਸ਼ਾਨੀ ਹੈ।

ਮੌਜੂਦਾ ਰਾਜਨੀਤਕ ਵਰਤਾਰੇ ਦੌਰਾਨ ਕਿਸਾਨੀ ਅੰਦੋਲਨ ਵਿਚੋਂ ਨਵੀਂ ਆਈ ਚੇਤਨਾ ਨੂੰ ਤਰਕਸੰਗਤ ਸਮਝਣਾ ਤੇ ਫੇਰ ਇਸ ਨੂੰ ਪੰਜਾਬ ਦੀ ਰਾਜਨੀਤਕ ਵਿਵਸਥਾ ਦੇ ਗੁਣਾਤਮਿਕ ਬਦਲਾਓ ਲਈ ਵਰਤਣਾ, ਸਮੇਂ ਦੀ ਰਾਜਨੀਤੀ ਦਾ ਬਹੁਤ ਵੱਡਾ ਇਤਿਹਾਸਕ ਰੋਲ ਹੋਵੇਗਾ।

ਇਹ ਭੂਮਿਕਾ ਨਿਭਾਅ ਕੌਣ ਸਕਦੈ ?

ਇਸ ਦਾ ਜਵਾਬ ਇਹ ਕਿ ਇਹ ਕੰਮ ਕਿਸਾਨੀ ਅੰਦੋਲਨ ਦਾ ਕੂਟਨੀਤਕ ਕਦਮ ਹੀ ਨਿਭਾਅ ਸਕਦਾ ਹੈ। ਪੂਰਾ ਪੰਜਾਬ ਇਸ ਕਦਮ ਦੀ ਆਹਟ ਸੁਣਨ ਲਈ ਤੜਪ ਰਿਹਾ ਹੈ। ਨੌਜਵਾਨਾਂ ਵਿਚ ਬੇਚੈਨੀ, ਖ਼ੁਦਕੁਸ਼ੀਆਂ, ਚਿੱਟੇ ਦਾ ਸੇਵਨ, ਵਿਦੇਸ਼ਾਂ ਦੀ ਉਡਾਰੀ ਇਸੇ ਤੜਪਾਹਟ ਦੀਆਂ ਹੀ ਨਿਸ਼ਾਨੀਆਂ ਹਨ। ਹੁਣ ਸੁਆਲ ਇਹ ਹੈ ਕਿਸਾਨੀ ਅੰਦੋਲਨ ਨੇ ਮੌਜੂਦਾ ਹਾਲਾਤਾਂ ਵਿੱਚ ਰਾਜਨੀਤਕ ਮੂੰਹ ਕਿਵੇਂ ਦੇਣਾ ਹੈ ?

ਪੰਜਾਬ ਦਾ ਹਰ ਪਿੰਡ ਕਿਸਾਨੀ ਅੰਦੋਲਨ ਨਾਲ ਜੁੜਿਆ ਹੋਇਆ ਹੈ।ਇਹ ਸਾਡੇ ਬਾਰਾਂ ਹਜ਼ਾਰ ਦੇ ਕਰੀਬ ਪਿੰਡ ਹਨ। ਇਨਾਂ ਪਿੰਡਾਂ ਵਿਚ ਕਮੇਟੀਆਂ ਇਕ ਆਵਾਜ਼ ਦਿੱਤਿਆਂ ਹੀ ਬਣ ਜਾਣਗੀਆਂ।

ਇਹ ਬਣਨਗੀਆਂ ਕਿਵੇਂ ?

ਇਹ ਬਣਨਗੀਆਂ ਇਕ ਅਜੰਡੇ ਤਹਿਤ।ਇਹ ਅਜੰਡਾ ਕਿਸਾਨੀ ਲੀਡਰਸ਼ਿਪ ਨੂੰ ਫੌਰੀ ਬਣਾਉਣਾ ਪਵੇਗਾ ਤੇ ਨਾਲ ਪ੍ਰਸ਼ਨਾਂ ਦੀ ਇਕ ਸੂਚੀ ਜਿਹੜੀ ਪਿੰਡ ਆਲੇ ਪ੍ਰੰਪਰਕ ਲੀਡਰਾਂ ਤੋਂ ਸਖ਼ਤੀ ਨਾਲ ਪਿੰਡਾਂ ਵਿਚ ਬੈਨਰ ਲਾ ਕੇ ਤੇ ਸੋਸ਼ਲ ਮੀਡੀਆ 'ਤੇ ਪੁੱਛ ਸਕਣ।ਇਸ ਨਾਲ ਰਾਜਨੀਤਕ ਚੇਤਨਾ ਹੋਰ ਤਿੱਖੀ ਹੋਵੇਗੀ ਤੇ ਨਾਲ ਹੀ ਪੈਂਦੀ ਸੱਟੇ ਪ੍ਰੰਪਰਕ ਲੀਡਰਸ਼ਿਪ ਦਾ ਗੁੰਮਰਾਹਕੁਨ ਪੈਂਤੜਾ ਖੁੰਡਾ ਹੋ ਜਾਵੇਗਾ।ਇਹ ਕਦਮ ਫੌਰੀ ਚੁੱਕਣਾ ਹੋਵੇਗਾ ਤੇ ਇਸ ਦਾ ਪ੍ਰਭਾਵ ਬਹੁਤ ਜਲਦੀ ਸ਼ਹਿਰਾਂ ਕਸਬਿਆਂ ਦੇ ਲੋਕਾਂ 'ਤੇ ਵੀ ਪਵੇਗਾ, ਕਿਉਂ ਜੋ ਇਨਾਂ ਦੀ ਆਰਥਿਕਤਾ ਦਾ ਵੱਡਾ ਰੂਪ ਖੇਤੀ ਤੇ ਆਧਾਰਿਤ ਹੈ। ਫ਼ਿਲਹਾਲ ਪੰਜਾਬ ਕਿਸਾਨੀ ਲਹਿਰ ਵਿਚ ਹੀ ਜੀਅ ਰਿਹੈ, ਪ੍ਰੰਪਰਕ ਲੀਡਰਸ਼ਿਪ ਪੰਜਾਬ ਦੀ ਸੰਵੇਦਿਤ ਹੋਈ ਮਾਨਸਿਕਤਾ ਨੂੰ ਬਿਖੇਰਨਾ ਚਾਹੁੰਦੀ ਹੈ, ਇਹ ਉਹਦੀ ਆਪਣੀ ਹੋਂਦ ਦੇ ਹਿੱਤ ਨੇ, ਉਹ ਨਵੇਂ ਬਿਰਤਾਂਤ ਸਿਰਜੇਗੀ।

ਜਦੋਂ ਲਹਿਰ ਚੱਲ ਰਹੀ ਹੋਵੇ, ਫੇਰ ਜਿੰਨੇ ਮਰਜ਼ੀ ਝੂਠੇ ਸੱਚੇ ਬਿਰਤਾਂਤ ਸਿਰਜੇ ਜਾਣ, ਲਹਿਰ ਅੱਗੇ ਕੋਈ ਪਾਰ ਨਹੀਂ ਪੈਂਦੀ, ਸਭ ਨੇਸਤਾਬੂਤ ਹੋ ਜਾਂਦੇ ਹਨ।ਸੋ ਕਿਸਾਨੀ ਵਾਸਤੇ ਇਹ ਇਤਿਹਾਸਕ ਮੌਕੇ ਕਿ ਉਹ ਇਕ ਸੌ ਸਤਾਰਾਂ ਵਿਧਾਨ ਸਭਾ ਹਲਕਿਆਂ ਤੇ ਆਪਣੇ ਇਮਾਨਦਾਰ ਤੇ ਸਮਰਪਿਤ ਲੀਡਰ ਲੈ ਕੇ ਆਵੇ।

ਜਦੋਂ ਨਰੋਆ ਅਜੰਡਾ ਹੋਵੇ ਤੇ ਲਹਿਰ ਵੀ ਚੱਲ ਰਹੀ ਹੋਵੇ, ਫਿਰ ਸਿੱਟੇ ਅਣਕਿਆਸੇ ਨਿਕਲਦੇ ਹਨ। ਬਸ਼ਰਤੇ ਕਿ ਅਜੰਡਾ ਲੋਕਾਂ ਦੇ ਮਨਾਂ ਵਿਚ ਸੁਪਨੇ ਦੀ ਪੱਧਰ ਤੱਕ ਪ੍ਰਤੀਕਾਤਮਕ ਪ੍ਰਭਾਵ ਪਾਉਣ ਵਾਲਾ ਹੋਵੇ।ਸੱਤਾ ਪ੍ਰਾਪਤੀ ਤੋਂ ਬਾਅਦ ਹੋਰ ਅਨੇਕਾਂ ਚਣੌਤੀਆਂ ਨੂੰ ਸਿਆਣਿਆਂ, ਅਰਥਸ਼ਾਸਤਰੀਆਂ, ਸਿਖਿਆ ਸ਼ਾਸਤਰੀਆਂ, ਪ੍ਰਸ਼ਾਸਨਿਕਾਂ ਤੇ ਹੋਰ ਵੱਖ ਵੱਖ ਸ਼ੋਹਬਿਆਂ ਵਿਚ ਨਾਮਣਾ ਖੱਟ ਚੁੱਕੇ ਸ਼ਖ਼ਸੀਅਤਾਂ ਦੀ ਸਹਾਇਤਾ ਨਾਲ ਪੰਜਾਬ ਦੀ ਤਕਦੀਰ ਬਦਲੀ ਜਾ ਸਕਦੀ ਹੈ। ਗੱਲ ਸਿੱਧੀ ਹੈ ਕਿ ਅਗਰ ਕੁੱਝ ਪੰਜਾਬੀਆਂ ਨੂੰ ਦਿੱਸੇਗਾ ਤਾਂ ਉਹ ਮਗਰ ਵੀ ਲੱਗਣਗੇ। ਅਗਰ ਉਹ ਮਗਰ ਲੱਗਣਗੇ ਤਾਂ ਪ੍ਰੰਪਰਕ ਲੀਡਰਸ਼ਿਪ ਦੀ ਥਾਂ ਇਕ ਇਮਾਨਦਾਰ ਤੇ ਵਿਕਾਸਮੁਖੀ ਲੀਡਰਸ਼ਿਪ ਹੋਂਦ ਵਿਚ ਆਵੇਗੀ। ਇਹ ਸਭ ਕੁੱਝ ਕਰਨ ਨਾਲ ਹੀ ਹੋਵੇਗਾ ਤੇ ਇਤਿਹਾਸ ਵਿੱਚ ਆਏ ਮੌਕੇ ਨੂੰ ਸੰਭਾਲਣ ਨਾਲ ਹੀ ਹੋਵੇਗਾ।ਇਹ ਇਤਿਹਾਸਕ ਮੌਕਾ ਲੋਕਾਈ ਦਾ ਅੱਖਾਂ ਅੱਗੇ ਤੈਰਦਾ ਹੋਇਆ ਸੁਪਨਾ ਹੁੰਦਾ ਹੈ ਜਿਸ ਨੂੰ ਹਕੀਕਤ ਵਿਚ ਲਾਗੂ ਮੌਕੇ ਦੀ ਸਿਆਣੀ ਲੀਡਰਸ਼ਿਪ ਨੇ ਕਰਨਾ ਹੁੰਦਾ ਹੈ, ਨਹੀਂ ਤਾਂ ਫਿਰ ਉਹ ਪਾਣੀ ਦੇ ਬੁਲਬੁਲੇ ਵਾਂਗ ਫੱਟ ਕੇ ਚੱਲਦੇ ਵਹਿਣ ਵਿਚ ਲੱਗ ਤੁਰਦਾ ਹੈ।

# ਕਿਸਾਨੀ ਅੰਦੋਲਨ ਉਤੇ ਚੁੱਪੀ ਨੁਕਸਾਨਦੇਹ ਸਾਬਤ ਹੋਵੇਗੀ

**ਦਲੀਪ ਸਿੰਘ ਵਾਸਨ, ਐਡਵੋਕੇਟ**

ਸਾਡੀ ਪਾਰਲੀਮੈਂਟ ਵਿੱਚ ਬੈਠੇ ਲੋਕਾਂ ਦੇ ਪ੍ਰਤੀਨਿਧਾਂ ਨੇ ਇਹ ਤਿੰਨ ਖੇਤੀ ਸੁਧਾਰ ਬਿਲ ਪਾਸ ਕੀਤੇ ਹਨ ਜਿਹੜੇ ਕਿਸਾਨਾਂ ਨੇ ਪਸੰਦ ਨਹੀਂ ਕੀਤੇ ਅਤੇ ਨਵੰਬਰ, 2020 ਤੋਂ ਕਿਸਾਨ ਸੰਘਰਸ਼ ਕਰ ਰਹੇ ਹਨ ਕਿ ਇਹ ਕਾਲੇ ਕਾਨੂੰਨ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਬਣਾਏ ਗਏ ਹਨ ਤਾਂਕਿ ਜਲਦੀ ਹੀ ਕਾਰਪੋਰੇਟ ਅਦਾਰੇ ਖੇਤੀਬਾੜੀ ਵਿੱਚ ਦਾਖਲ ਹੋ ਜਾਣ ਅਤੇ ਇਹ ਖੇਤੀਬਾੜੀ ਧੰਦਾ ਜਿਹੜਾ ਅੱਜ ਕਿਸਾਨਾਂ ਪਾਸ ਹੈ, ਕੱਲ ਲਈ ਇਹ ਇਕ ਉਦਯੋਗ ਬਣ ਜਾਵੇ। ਮੁਢ ਵਿੱਚ ਜਦ ਇਹ ਬਿਲ ਪਾਰਲੀਮੈਂਟ ਵਿੱਚ ਹੀ ਸਨ ਤਾਂ ਵਿਰੋਧੀ ਧਿਰਾਂ ਦੀ ਸਰਦਾਰ ਕਾਂਗਰਸ ਨੇ ਇਹ ਵਾਲਾ ਨੁਕਤਾ ਸਭ ਤੋਂ ਪਹਿਲਾਂ ਉਠਾਇਆ ਸੀ ਅਤੇ ਇਹ ਰਸਮੀ ਜਿਹੀ ਵਿਰੋਧਤਾ ਕੋਈ ਕੰਮ ਨਾ ਕਰ ਸਕੀ ਅਤੇ ਅਸੀਂ ਦੇਖਿਆ ਭਾਜਪਾ ਸਰਕਾਰ ਨੇ ਆਪਣੀ ਬਹੁਮਤ ਦੀ ਤਾਕਤ ਨਾਲ ਇਹ ਬਿਲ ਦੋਹਾਂ ਸਦਨਾਂ ਪਾਸੋਂ ਪਾਸ ਕਰਵਾ ਕੇ ਬਾਕਾਇਦਾ ਕਾਨੂੰਨ ਬਣਾ ਦਿੱਤੇ ਸਨ ਅਤੇ ਲਾਗੂ ਵੀ ਕਰ ਦਿੱਤੇ ਸਨ।

ਕੁਝ ਅਰਸਾ ਤਾਂ ਵਿਰੋਧੀ ਧਿਰਾਂ ਵੀ ਕਿਸਾਨਾਂ ਨਾਲ ਚਲੀਆਂ ਸਨ, ਪਰ ਅੱਜ ਵਿਰੋਧੀ ਧਿਰਾਂ ਦੇ ਸਰਦਾਰ ਸ੍ਰੀ ਰਾਹੁਲ ਗਾਂਧੀ ਨੇ ਇਹ ਬਿਆਨ ਦੇ ਕੇ ਪਿੱਛਾ ਛੁਡਾ ਲਿਆ ਸੀ ਕਿ ਜਦ ਉਨਾਂ ਦੀ ਸਰਕਾਰ ਆ ਜਾਵੇਗੀ ਤਾਂ ਇਹ ਕਾਨੂੰਨ ਰੱਦ ਕਰ ਦਿੱਤੇ ਜਾਣਗੇ। ਹੁਣ ਇਹ ਕਿਸਾਨ ਇਕੱਲੇ ਹੀ ਸੰਘਰਸ਼ ਜਾਰੀ ਰੱਖੀ ਬੈਠੇ ਹਨ। ਸਰਕਾਰ ਨੇ ਰਸਮੀ ਤੌਰ 'ਤੇ ਕਿਸਾਨਾਂ ਨਾਲ ਗੱਲਾਂ ਬਾਤਾਂ ਤਾਂ ਕੀਤੀਆਂ ਸਨ, ਪਰ ਹਾਲੇ ਵੀ ਸਰਕਾਰ ਇਸ ਗਲ ਉਤੇ ਅੜੀ ਹੋਈ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ ਅਤੇ ਵਾਪਸ ਨਹੀਂ ਲਏ ਜਾਣਗੇ ਅਤੇ ਉਧਰ ਕਿਸਾਨਾਂ ਨੇ ਇਹ ਐਲਾਨ ਕਰ ਰੱਖਿਆ ਹੈ ਕਿ ਜਦ ਤਕ ਇਹ ਤਿੰਨੋਂ ਕਾਨੂੰਨ ਪੂਰੇ ਦੇ ਪੂਰੇ ਵਾਪਸ ਨਹੀਂ ਲਏ ਜਾਂਦੇ, ਇਹ ਅੰਦੋਲਨ ਜਾਰੀ ਰਹੇਗਾ।

ਇਹ ਵਾਲਾ ਸਵਾਲ ਕਿ ਇਹ ਕਾਨੂੰਨ ਸਹੀ ਹਨ ਜਾਂ ਇਹ ਸ਼ਿਕਾਇਤ ਹਾਲਾਂ ਵੀ ਕਾਇਮ ਹੈ ਕਿ ਇਹ ਵਾਲੇ ਕਾਨੂੰਨ ਖੇਤੀ ਸੈਕਟਰ ਦੀ ਸੁਧਾਈ ਵਾਸਤੇ ਨਹੀਂ ਸਨ ਬਣਾਏ ਗਏ ਬਲਕਿ ਇਹ ਤਾਂ ਕਾਰਪੋਰੇਟ ਘਰਾਣਿਆਂ ਨੂੰ ਖੇਤੀ ਸੈਕਟਰ ਵਿਚ ਪੂਰੀ ਤਰਾਂ ਵਾੜਨ ਲਈ ਖਾਸ ਨੀਅਤ ਨਾਲ ਬਣਾਏ ਗਏ ਸਨ, ਇਹ ਗੱਲਾਂ ਹਾਲੇ ਵੀ ਵਿਚਾਰਨ ਵਾਲੀਆਂ ਹਨ, ਪਰ ਮਸਲਾ ਇਹ ਆ ਬਣਿਆ ਹੈ ਕਿ ਇਸ ਕਿਸਾਨ ਅੰਦੋਲਨ ਦਾ ਇਸ ਵਕਤ ਬਣੇਗਾ ਕੀ ? ਇਸ ਵਕਤ ਸਰਕਾਰ ਵੀ ਚੁਪ ਹੈ। ਵਿਰੋਧੀ ਧਿਰਾਂ ਵੀ ਚੁਪ ਹਨ ਅਤੇ ਸਿਰਫ ਅਤੇ ਸਿਰਫ ਕਿਸਾਨਾਂ ਵਲੋਂ ਹੀ ਆਵਾਜ਼ ਆ ਰਹੀ ਹੈ। ਮਾਮਲਾ ਇਸ ਵਕਤ ਮਾਨਯੋਗ ਸੁਪਰੀਮ ਕੋਰਟ ਵਿੱਚ ਹੈ ਜਿਥੋਂ ਹਾਲ ਦੀ ਘੜੀ ਕਾਨੂੰਨਾਂ ਉਤੇ ਰੋਕ ਲੱਗੀ ਹੋਈ ਹੈ ਅਤੇ ਕਿਸਾਨਾਂ ਦਾ ਸੰਘਰਸ਼ ਹਾਲੇ ਵੀ ਜਾਰੀ ਹੈ।

ਸਰਕਾਰ ਹਾਲੇ ਵੀ ਇਹ ਆਖੀ ਜਾ ਰਹੀ ਹੈ ਕਿ ਇਹ ਵਾਲਾ ਅੰਦੋਲਨ ਕਿਸਾਨਾਂ ਵਲੋਂ ਨਹੀਂ ਹੈ। ਇਸ ਸੰਘਰਸ਼ ਵਿੱਚ ਜ਼ਿਆਦਾ ਗਿਣਤੀ ਸਿੱਖਾਂ ਦੀ ਹੈ ਅਤੇ ਇਹ ਵੀ ਆਖ ਦਿਤਾ ਗਿਆ ਸੀ ਕਿ ਇਹ ਕਿਸਾਨ ਨਹੀਂ ਹਨ ਬਲਕਿ ਅੱਤਵਾਦੀ ਹਨ। ਅਰਥਾਤ ਇਸ ਮੁਲਕ ਦੀ ਸਰਕਾਰ ਦੀਆਂ ਨਜ਼ਰਾਂ ਵਿੱਚ ਸਿਖ ਭਾਈਚਾਰਾ ਅਤਿਵਾਦੀ ਕਰਾਰ ਦਿੱਤਾ ਗਿਆ ਹੈ।

ਇਸ ਵੇਲੇ ਸਿਰਫ ਅੰਦੋਲਨ ਚੱਲ ਰਿਹਾ ਹੈ। ਲਗਭਗ ਸਾਰੀਆਂ ਰਾਜਸੀ ਪਾਰਟੀਆਂ ਵੀ ਫੇਰਾ ਮਾਰ ਰਹੀਆਂ ਹਨ ਅਤੇ ਆਪਣੀਆਂ ਰਾਜਸੀ ਰੋਟੀਆਂ ਸੇਕਣਾ ਦਾ ਹੀਲਾ ਕਰ ਰਹੀਆਂ ਹਨ। ਕੁਝ ਆਦਮੀ ਖਾਸ ਕਰਕੇ ਵੀ ਚਮਕ ਰਹੇ ਹਨ ਅਤੇ ਉਹ ਕਿਸਾਨਾਂ ਦੀ ਭਲਾਈ ਲਈ ਕੁਝ ਕਹਿ ਰਹੇ ਹਨ ਜਾਂ ਆਪਣਾ ਨਾਂ ਰਾਜਸੀ ਖੇਤਰ ਵਿੱਚ ਦਾਖਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਕਿਸਾਨਾਂ ਦਾ ਅੰਦੋਲਨ ਠੀਕ ਠਾਕ ਹੈ ਜਾਂ ਹਾਲੇ ਵੀ ਬਹੁਤ ਸਾਰੀਆਂ ਰਾਜਸੀ ਪਾਰਟੀਆਂ ਅੰਦਰਖਾਤੇ ਸਿਰਫ ਤਮਾਸ਼ਾ ਹੀ ਦੇਖ ਰਹੀਆਂ ਹਨ, ਇਹ ਗੱਲਾਂ ਵੀ ਵਿਚਾਰਨ ਵਾਲੀਆਂ ਹਨ। ਇਹ ਵੀ ਹੋ ਸਕਦਾ ਹੈ ਕਿ ਭਾਜਪਾ ਵਿਚ ਵੀ ਅੰਦਰਖਾਤੇ ਇਹ ਵਿਚਾਰਿਆ ਜਾ ਰਿਹਾ ਹੋਵੇ ਕਿ ਇਹ ਕਾਨੂੰਨ ਵਾਪਸ ਲੈ ਲਏ ਜਾਣੇ ਚਾਹੀਦੇ ਹਨ, ਪਰ ਇਸ ਤਰਾਂ ਕਰਕੇ ਅਗਰ ਅੱਜ ਸਰਕਾਰ ਇਹ ਕਾਨੂੰਨ ਵਾਪਸ ਲੈਂਦੀ ਹੈ ਤਾਂ ਵਿਰੋਧੀ ਧਿਰਾਂ ਇਹ ਵੀ ਆਖ ਸਕਦੀਆਂ ਹਨ ਕਿ ਸਰਕਾਰ ਅਸਤੀਫਾ ਦੇਵੇ। ਕੁਝ ਕਾਨੂੰਨੀ ਕਾਰਨ ਵੀ ਹਨ ਕਿ ਪਾਰਲੀਮੈਂਟ ਵਲੋਂ ਪਾਸ ਕੀਤਾ ਜਾ ਚੁਕਾ ਅਤੇ ਮਾਨਯੋਗ ਰਾਸ਼ਟਰਪਤੀ ਵਲੋਂ ਠੀਕ ਠਾਕ ਸਮਝ ਕੇ ਜਿਹੜਾ ਬਿਲ ਅਧਿਸੂਚਿਤ ਕਰ ਦਿੱਤਾ ਜਾਵੇ ਉਹ ਸਦਨ ਵਿਚ ਜਾ ਕੇ ਹੀ ਤਰਮੀਮ ਆਦਿ ਕੀਤਾ ਜਾ ਸਕਦਾ ਹੈ ਅਤੇ ਕਿਸੇ ਪਾਸ ਅਧਿਕਾਰ ਹੀ ਨਹੀਂ ਰਹਿ ਜਾਂਦਾ ਕਿ ਪਾਸ ਕੀਤਾ ਅਤੇ ਅਧਿਸੂਚਿਤ ਕੀਤਾ ਕਾਨੂੰਨ ਵਾਪਸ ਲੈ ਸਕੇ। ਇਹ ਵਾਲੀਆਂ ਸਮਸਿਆਵਾਂ ਦਾ ਹੱਲ ਇਹ ਵੀ ਸੀ ਕਿ ਵਿਰੋਧੀ ਧਿਰਾਂ ਹੀ ਕੋਈ ਤਰਮੀਮੀ ਬਿਲ ਬਣਾ ਕੇ ਪਾਰਲੀਮੈਂਟ ਵਿੱਚ ਪੇਸ਼ ਕਰ ਦੇਣ ਅਤੇ ਸਰਕਾਰੀ ਧਿਰਾਂ ਵੀ ਵਿਚਾਰ ਕਰਕੇ ਲੋੜੀਂਦੀ ਮਦ ਸਮਝ ਕੇ ਜਾਂ ਤਰਮੀਮ ਕਰਕੇ ਨਵੇਂ ਕਾਨੂੰਨ ਬਣਾ ਦੇਣ। ਇਹ ਗੱਲ ਵੀ ਅਜੀਬ ਜਿਹੀ ਲਗਦੀ ਹੈ ਕਿ ਵਿਰੋਧੀ ਧਿਰਾਂ ਨੇ ਇਹ ਮਸਲਾ ਖੜਾ ਤਾਂ ਕਰ ਦਿੱਤਾ ਸੀ, ਪਰ ਹੁਣ ਤਮਾਸ਼ਾ ਦੇਖ ਰਹੀਆਂ ਹਨ ਅਤੇ ਸਾਹਮਣੇ ਹੀ ਨਹੀਂ ਆ ਰਹੀਆਂ। ਅਖਬਾਰਾਂ ਵਾਲਿਆਂ ਨੇ ਵੀ ਬਹੁਤ ਕੁਝ ਲਿਖਿਆ ਵੀ ਹੈ ਲਿਖਵਾਇਆ ਵੀ ਹੈ ਅਤੇ ਰਜਕੇ ਲੋਕਾਂ ਪੜ੍ਹਿਆ ਵੀ ਹੈ। ਸਾਡੇ ਮੁਲਕ ਦੇ ਲੋਕ ਵੀ ਕੁਝ ਚਿਰ ਹੀ ਸੋਚਦੇ ਹਨ ਅਤੇ ਫਿਰ ਇਹੀ ਸੋਚਣ ਲੱਗ ਪੈਂਦੇ ਹਨ ਕਿ ਰੱਬ ਜੈਸਾ ਵੀ ਕਰੇਗਾ ਵੈਸਾ ਹੋ ਜਾਵੇਗਾ। ਅਰਥਾਤ ਇਸ ਵਕਤ ਕਿਸਾਨ ਇਕੱਲੇ ਅਤੇ ਸਿਰਫ ਇਕੱਲੇ ਰਹਿ ਗਏ ਹਨ ਕਿਉਂਕਿ ਲਗਦਾ ਹੈ ਸਰਕਾਰ ਵੀ ਇਹ ਸਮਝ ਗਈ ਹੈ ਹੌਲੀ ਹੌਲੀ ਜਿਵੇਂ ਇਹ ਬਾਕੀ ਦੀਆਂ ਸਾਰੀਆਂ ਧਿਰਾਂ ਚੁਪ ਕਰ ਗਈਆਂ ਹਨ, ਕਿਸਾਨ ਵੀ ਕਿਸੇ ਦਿਨ ਥਕਕੇ ਚੁਪ ਕਰ ਜਾਣਗੇ।

ਅਸੀਂ ਇਹ ਵੀ ਦੇਖ ਲਿਆ ਹੈ ਕਿ ਭਾਜਪਾ ਵਿਚ ਮੋਦੀ ਜੀ ਦਾ ਦਬਦਬਾ ਹੈ ਅਤੇ ਭਾਜਪਾ ਦਾ ਕਿੰਨਾ ਵੱਡਾ ਨੁਕਸਾਨ ਹੋਣ ਜਾ ਰਿਹਾ ਹੈ ਪਰ ਬੋਲਦਾ ਕੋਈ ਨਹੀਂ। ਇਹ ਵੀ ਹੋ ਸਕਦਾ ਹੈ ਕਿ ਭਾਜਪਾ ਵਿਚ ਵੀ ਜੀ23 ਬਣ ਆਇਆ ਹੋਵੇ ਅਤੇ ਉਹ ਚਾਹ ਰਹੇ ਹੋਣ ਕਿ ਇਹ ਮੋਦੀ ਆਪ ਹੀ ਬਦਨਾਮ ਹੋ ਜਾਵੇ ਅਤੇ ਅਗਲਾ ਪ੍ਰਧਾਨ ਮੰਤਰੀ ਕੋਈ ਹੋਰ ਹੀ ਬਣਾ ਦਿਤਾ ਜਾਵੇ। ਇਸ ਮੁਲਕ ਵਿਚ ਅੱਜ ਇਹ ਰਾਜਸੀ ਲੋਕ ਵੀ ਹਰ ਕਿਸੇ ਦੀ ਸਰਦਾਰੀ ਮੰਨਣ ਲਈ ਤਿਆਰ ਨਹੀਂ ਹਨ ਬਲਕਿ ਹਰ ਕੋਈ ਆਪ ਪ੍ਰਧਾਨ ਮੰਤਰੀ ਬਣਨਾ ਚਾਹ ਰਿਹਾ ਹੈ।

ਇਹ ਹਾਲਾਤ ਬਣ ਆਏ ਹਨ ਅਤੇ ਇਸ ਲਈ ਅੱਜ ਸਾਡੀ ਮਾਨਯੋਗ ਸੁਪਰੀਮ ਕੋਰਟ ਹੀ ਅੱਗੇ ਆ ਕੇ ਇਹ ਜਿਹੜੀ ਸਟੇਅ ਦਿੱਤੀ ਹੈ ਇਹ ਵਧਾਈ ਜਾਵੇ ਤਾਂਕਿ ਅਗਲੀਆਂ ਚੋਣਾਂ ਆ ਜਾਣ ਅਤੇ ਹੋ ਸਕਦਾ ਹੈ ਕਾਂਗਰਸ ਆ ਕੇ ਇਹ ਕਾਨੂੰਨ ਬਾਕਾਇਦਾ ਢੰਗ ਨਾਲ ਪਾਰਲੀਮੈਂਟ ਵਿਚ ਰਪੀਲ ਬਿਲ ਪੇਸ਼ ਕਰਕੇ ਕੁਝ ਰੱਦ ਕਰ ਦੇਵੇ ਅਤੇ ਕੁਝ ਨਵਾਂ ਪਾ ਕੇ ਲਾਗੂ ਕਰ ਦੇਵੇ। ਇਹ ਲੰਮੀ ਸਟੇਅ ਮਿਲ ਜਾਵੇ ਤਾਂ ਹੋ ਸਕਦਾ ਹੈ ਇਹ ਕਿਸਾਨ ਵੀ ਆਪਣਾ ਅੰਦੋਲਨ ਵਾਪਸ ਲੈ ਲੈਣ ਅਤੇ ਇਹ ਜਿਹੜੇ ਕੋਈ ਨਵੇਂ ਧੜੇ ਕਿਸਾਨਾਂ ਦਾ ਇਹ ਅੰਦੋਲਨ ਆਪਣਾ ਬਣਾ ਕੇ ਆਪ ਸਥਾਪਤ ਹੋਣ ਦੀ ਕੋਸ਼ਿਸ਼ ਕਰਦੇ ਹਨ ਇਹ ਵੀ ਵਕਤ ਦਾ ਨਾਜਾਇਜ਼ ਲਾਭ ਨਾ ਉਠਾ ਸਕਣ। ਕਿਸਾਨਾਂ ਦਾ ਜਿਹੜਾ ਪੈਸਾ, ਸਮਾਂ, ਕੀਮਤੀ ਜਾਨਾਂ ਜਾ ਚੁਕੀਆਂ ਹਨ ਉਸ ਲਈ ਅਸੀਂ ਸਾਰੇ ਦੇਸ਼ ਵਾਸੀ ਅਫਸੋਸ ਹੀ ਕਰ ਸਕਦੇ ਹਾਂ, ਹੋਰ ਅਸੀਂ ਕੁਝ ਨਹੀਂ ਕਰ ਸਕਦੇ। ਅਸੀਂ ਭਾਰਤ ਦੇ ਲੋਕ ਤਾਂ ਅਰਦਾਸ ਕਰਦੇ ਹਾਂ ਕਿ ਕਿਸਾਨੀ ਆਬਾਦ ਰਹੇ ਅਤੇ ਇਹ ਕਿਸਾਨ ਮੁਲਕ ਲਈ ਇਹ ਜਿਹੜੀ ਅਨਦਾਤਾ ਦੀ ਸੇਵਾ ਕਰਦੇ ਹਨ ਇਸੇ ਤਰਾਂ ਕਰਦੇ ਰਹਿਣ, ਖੁਸ਼ ਰਹਿਣ, ਆਬਾਦ ਰਹਿਣ।




# ਅਕਲੋਂ, ਸ਼ਕਲੋ ਮਾਂ ਵਰਗੀ, ਧੁੱਪਾਂ ਦੇ ਵਿੱਚ ਛਾਂ ਵਰਗੀ

**ਹਰਮਨਪ੍ਰੀਤ ਸਿੰਘ,**
**98550-10005**

ਕੁਦਰਤ ਦੀ ਕਾਇਨਾਤ ਵਿਚ ਸਭ ਤੋਂ ਖ਼ੂਬਸੂਰਤ ਸ਼ਬਦ ਮਾਂ ਹੈ ਤੇ ਮਾਂ ਦਾ ਦੂਜਾ ਰੂਪ 'ਧੀ'। ਸਾਡੇ ਸਮਾਜਿਕ ਤੇ ਭਾਈਚਾਰਕ ਰਿਸ਼ਤਿਆਂ 'ਚ ਖਾਸ ਥਾਂ ਰੱਖਦੀਆਂ ਨੇ ਇਹ ਧੀਆਂ, ਸੰਸਾਰਕ ਰਿਸ਼ਤਿਆਂ ਨੂੰ ਆਪਸ ਵਿਚ ਜੋੜੀ ਰੱਖਣ ਦੀ ਕਾਬਲੀਅਤ ਰੱਖਦੀਆਂ ਨੇ ਇਹ ਧੀਆਂ, ਸਮਾਂ ਬੀਤਦੇ ਪਤਾ ਹੀ ਨਹੀਂ ਚੱਲਦਾ ਕਦੋ ਨਿੱਕੀਆਂ-ਨਿੱਕੀਆਂ ਬਾਤਾਂ ਪਾਉਂਦੀਆਂ ਤੇ ਕਦੋਂ ਵੱਡੀਆਂ ਹੋ ਜਾਂਦੀਆਂ ਨੇ ਇਹ ਧੀਆਂ, ਤਾਂ ਹੀ ਤਾਂ ਕਹਿੰਦੇ ਨੇ ਕਿ ਧੀਆਂ ਤੇ ਧਰੇਕਾਂ ਕਦੋਂ ਵੱਡੀਆਂ ਹੋ ਗਈਆਂ ਪਤਾ ਹੀ ਨਹੀਂ ਲੱਗਾ। ਪਰਿਵਾਰਕ ਰਿਸ਼ਤਿਆਂ 'ਚ ਇਤਫ਼ਾਕ, ਪਿਆਰਾ ਬਣਾਈ ਰੱਖਣ ਵਿਚ ਅਹਿਮ ਰੋਲ ਅਦਾ ਕਰਦੀਆਂ ਨੇ ਇਹ ਧੀਆਂ, ਜੇ ਦੇਖਿਆ ਜਾਵੇ ਤਾਂ ਪਰਿਵਾਰ 'ਚ ਪਿਓ, ਪੁੱਤ ਅਤੇ ਦੋ-ਚਾਰ ਭਰਾਵਾਂ ਵਿਚ ਇਕ ਧੁਰਾ ਹੁੰਦੀਆਂ ਨੇ ਇਹ ਧੀਆਂ, ਤਾਂ ਹੀ ਤਾਂ ਕਹਿੰਦੇ ਨੇ ਕਿ ਧੀਆਂ-ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ। ਪਿਆਰ ਦਾ ਦਿਖਾਵਾ ਨਹੀਂ ਕਰਦੀਆਂ ਮੈਂ ਤਾਂ ਕਹਾਂਗਾ ਕਿ ਸਭ ਤੋਂ ਅਨਮੋਲ ਰਿਸ਼ਤਿਆਂ ਵਿਚੋਂ ਹੁੰਦਾ ਹੈ ਧੀਆਂ ਦਾ ਰਿਸ਼ਤਾ ਹੈ। ਸੰਸਾਰ ਵਿਚ ਵਿਚਰਦਿਆਂ ਜਿੰਦਗੀ 'ਚ ਅਨੇਕਾਂ ਹੀ ਉਤਾਰ ਚੜਾਅ ਆਉਂਦੇ ਹਨ, ਅਨੇਕਾਂ ਹੀ ਮੁਸ਼ਕਿਲ ਆਉਂਦੀਆਂ ਹਨ, ਪ੍ਰੰਤੂ ਇਨਾਂ ਧੀਆਂ ਨਾਲ ਬਿਤਾਏ ਕੁਝ ਪਲਾਂ ਨਾਲ ਸਾਰੀਆਂ ਚਿੰਤਾਵਾਂ ਉੱਡ-ਪੁੱਡ ਜਾਂਦੀਆਂ ਹਨ। ਮਾਂ ਤੋਂ ਮਗਰੋਂ ਇਕ ਧੀ ਹੈ ਜਿਸ ਕੋਲ ਬੈਠ ਦਿਲ ਨੂੰ ਸਕੂਨ



ਮਿਲਦਾ ਹੈ। ਮੈਨੂੰ ਤਾਂ ਜਿਨਾਂ ਮਿੱਠਾ ਤੇ ਨਿੱਘਾ ਸ਼ਬਦ 'ਮਾਂ' ਲੱਗਦਾ ਹੈ ਉਨਾਂ ਹੀ ਮਿੱਠਾ ਤੇ ਨਿੱਘਾ ਸ਼ਬਦ 'ਧੀ' ਲੱਗਦਾ ਹੈ ਕਿਉਂਕਿ ਇਨਾਂ ਦੋਹਾਂ ਦਾ ਪਰਿਵਾਰ ਪ੍ਰਤੀ ਪਿਆਰ, ਸਤਿਕਾਰ ਤੇ ਫ਼ਿਕਰ ਕਦੀ ਮਾਪਿਆ ਨਹੀਂ ਜਾ ਸਕਦਾ। ਧੀਆਂ ਦਾ ਪਿਆਰ ਅਨਮੋਲ ਖਜਾਨੇ ਜਿਹਾ ਹੁੰਦਾ ਹੈ ਤੇ ਬੜਾ ਸਾਂਭ ਕੇ ਰੱਖਣਾ ਪੈਂਦਾ ਹੈ, ਨਾਲ ਹੀ ਇੱਥੇ ਮਾਂ, ਬਾਪ ਦਾ ਇਹ ਫਰਜ਼ ਵੀ ਬਣਦਾ ਹੈ ਕਿ ਲਾਡਾਂ, ਪਿਆਰਾਂ ਨਾਲ ਪਾਲੀਆਂ ਧੀਆਂ ਨੂੰ ਚੰਗੀ ਸਿੱਖਿਆ ਤੇ ਸੰਸਕਾਰ ਦਿੱਤੇ ਜਾਣ ਤਾਂ ਜੋ ਉਨਾਂ ਨੂੰ ਦੁਨੀਆਂ-ਦਾਰੀ ਦੀ ਸਮਝ ਪੈ ਸਕੇ। ਚੰਗੇ-ਮਾੜੇ ਦੀ ਪਰਖ ਹੋ ਸਕੇ, ਕਿਉਂਕਿ ਇਹ ਦੁਨੀਆ ਬਹੁਰੰਗੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਮਾਂ ਦਾ ਪਿਆਰ ਨਸੀਬਾਂ ਵਾਲਿਆਂ ਨੂੰ ਮਿਲਦਾ ਹੈ, ਉਵੇਂ ਹੀ ਧੀ ਦਾ ਪਿਆਰ ਵੀ ਬਿਨਾਂ ਨਸੀਬਾਂ ਤੋਂ ਨਹੀਂ ਮਿਲਦਾ। ਘਰ ਵਿਚ ਧੀ ਹੋਣ ਨਾਲ, ਘਰ ਵਿਚ ਪਿਆਰ, ਬੋਲਬਾਣੀ ਦਾ ਚੰਗਾ ਸਲੀਕਾ, ਲੱਜ-ਸ਼ਰਮ, ਤੇ ਅਨੁਸਾਸ਼ਨ ਬਣਿਆ ਰਹਿੰਦਾ ਹੈ। ਅਕਸਰ ਕਿਹਾ ਜਾਂਦਾ ਕਿ ਮਾਂ ਰੱਬ ਦਾ ਦੂਜਾ ਰੂਪ ਹੁੰਦੀ ਹੈ ਤੇ ਮੈਂ ਕਹਾਂਗਾ ਕਿ ਧੀ ਉਸ ਰੂਪ (ਮਾਂ) ਦਾ ਰੂਪ ਹੁੰਦੀ ਹੈ।

ਮੈਂ ਅਕਸਰ ਕਹਿੰਦਾ ਹਾਂ :
ਅਕਲੋਂ, ਸ਼ਕਲੋ ਮਾਂ ਵਰਗੀ, ਧੁੱਪਾਂ ਦੇ ਵਿੱਚ ਛਾਂ ਵਰਗੀ,
ਪਿੱਪਲੀ, ਪੀਂਘਾਂ ਰੌਣਕ ਵਰਗੀ, ਰੁੱਖਾਂ ਦੇ ਵਿੱਚ ਛਾਂ ਵਰਗੀ,
ਮੇਰੀ ਧੀ....ਮੇਰੀ ਧੀ.....ਮੇਰੀ ਧੀ !

ਪਰਿਵਾਰ ਨੂੰ ਜੋੜੀ ਰੱਖਣ ਵਾਲੀਆਂ ਕਦੀ ਨਾ ਅੱਕਣ, ਥੱਕਣ ਵਾਲੀਆਂ ਸੰਸਾਰ ਦੀਆਂ ਸਭ ਧੀਆਂ, ਧਿਆਣੀਆਂ ਨੂੰ ਮੇਰਾ ਸਲਾਮ।

# ਨਿਰਛਲ ਹਾਸਾ ਔਰਤ ਦਾ ਗਹਿਣਾ

**ਹਰਪ੍ਰੀਤ ਬਰਾੜ ਸਿੱਧੂ**

ਉਹ ਬੜੀ ਸਾਦੀ ਜਿਹੀ ਕੁੜੀ ਸੀ। ਉਸਦਾ ਹਾਸਾ ਸਾਰਾ ਘਰ ਵਿੱਚ ਗੂੰਜਦਾਂ, ਕਿਉਕਿ ਉਸਨੇ ਕਦੇ ਇਹ ਨਹੀਂ ਸੁਣਿਆ ਸੀ ਕਿ ਕੁੜੀਆਂ ਉੱਚੀ ਨਹੀਂ ਹੱਸਦੀਆਂ। ਬਲਕਿ ਉਸਦਾ ਪਾਪਾ ਤਾਂ ਹਮੇਸ਼ਾ ਇਹੀ ਕਹਿੰਦਾ ਕਿ ਜਿਸ ਘਰ ਕੁੜੀਆਂ ਹੱਸਦੀਆਂ ਅਤੇ ਚਿੜੀਆਂ ਕੂਕਦੀਆਂ ਹਨ, ਉਸ ਘਰ ਬਰਕਤ ਆਉਂਦੀ ਹੈ। ਪੜਿਆ- ਲਿਖਿਆ, ਮਿਹਨਤੀ ਪਰ ਬਹੁਤ ਹੀ ਸਾਦਾ ਪਰਿਵਾਰ ਸੀ ਉਸਦਾ। ਪਿਉ ਚਾਹੇ ਪਿੰਡ ਦਾ ਸਰਪੰਚ ਸੀ ਪਰ ਫੇਰ ਵੀ ਖੇਤਾਂ ਵਿੱਚ ਆਪ ਕੰਮ ਕਰਦਾ। ਉਹ ਆਪ ਵੀ ਸ਼ਹਿਰ ਨੌਕਰੀ ਕਰਦੀ ਪਰ ਸ਼ਹਿਰ ਦੀ ਹਵਾ ਉਸ ਤੋਂ ਕੋਹਾਂ ਦੂਰ ਸੀ।

ਸਵੇਰੇ ਮਾਂ ਆਟਾ ਗੁੰਨਦੀ ਤਾਂ ਬੇਬੇ ਦੀ ਆਵਾਜ ਆਉਂਦੀ, 'ਭਾਈ ਇੱਕ ਅੱਧੀ ਛਾਣਨੀ ਵੱਧ ਹੀ ਪਾ ਲਵੀਂ, ਬੰਦੇ ਆ ਅੱਜ ਖੇਤ।' ਕਦੇ ਕਦੇ ਖੀਰ ਧਰਨ ਲੱਗਣਾ ਤਾਂ ਬੇਬੇ ਨੇ ਕਹਿਣਾ ਕਿ ਮੁੱਠੀ ਕੁ ਚੌਲ ਵੱਧ ਪਾ ਲਉ, ਕੋਈ ਆਇਆ ਗਿਆ ਆ ਜਾਂਦੈ। ਇੰਝ ਹੀ ਉਹ ਆਪਣੀ ਤਾਈ ਨੂੰ ਸੂਟ ਸਿਉਣ ਵੇਲੇ ਦੱਸਦੀ ਕਿ, ਬੀਬੀ ਆਹ ਸੂਟ ਗਿੱਠ ਕੁ ਲੰਮਾ ਕਰ ਦੇਵੀਂ, ਹੁਣ ਲੰਮਿਆਂ ਦਾ ਰਿਵਾਜ ਹੈ ਤੇ ਹਾਂ ਪੌਂਟਾ ਕੁ ਖੁੱਲਾ ਵੀ ਰੱਖ ਦੇਵੀਂ। ਦਾਦਾ ਅੱਜ ਵੀ ਆਉਂਦੇ ਜਾਂਦੇ ਰਾਹਗੀਰਾਂ ਨੂੰ ਸੱਦ ਚਾਹ-ਪਾਣੀ ਛੱਕਾ ਦਿੰਦਾ। ਉਸਦੇ ਘਰ ਆ ਕੇ ਲੱਗਦਾ ਕਿ ਪੁਰਾਣਾ ਪੰਜਾਬ ਤਾਂ ਬੱਸ ਇੱਥੇ ਹੀ ਵੱਸਦਾ। ਤੇ ਫੇਰ ਇੱਕ ਦਿਨ ਉਸਦਾ ਰਿਸ਼ਤਾ ਕੈਨੇਡਾ ਵੱਸਦੇ ਚੰਗੇ ਪਰਿਵਾਰ ਵਿੱਚ ਹੋ ਗਿਆ। ਮੁੰਡਾ ਰਿਸ਼ਤੇਦਾਰੀ ਵਿੱਚੋਂ ਹੀ ਸੀ, ਕਿਸੇ ਵੀ ਤਰਾਂ ਦੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ। ਬੱਸ ਮਹੀਨੇ ਵਿੱਚ ਹੀ ਵਿਆਹ ਧਰ ਦਿੱਤਾ। ਨਣਾਨ ਦਾ ਫੋਨ ਆਇਆ ਸੂਟ ਦਾ ਨਾਪ ਲੈਣ ਲਈ, ਉਸਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ ਕਿ, 'ਘੇਰਾ ਢਾਈ ਕੁ ਗਿੱਠਾਂ।' ਉਸਦੀ ਨਣਾਨ ਦਾ ਤਾਂ ਇੰਨੀ ਗੱਲ ਸੁਣ ਹੱਸ ਹੱਸ ਬੁਰਾ ਹਾਲ ਹੋ ਗਿਆ। ਭਾਵੇਂ ਉਸਨੇ ਇੰਚਾਂ ਅਤੇ ਸੈਂਟੀਮੀਟਰਾਂ ਦੋਨਾਂ ਵਿੱਚ ਬਾਅਦ ਵਿੱਚ ਨਾਪ ਭੇਜ ਦਿੱਤਾ ਪਰ ਨਣਾਨ ਦਾ ਹਾਸਾ ਉਸਦੇ ਕੰਨਾਂ ਵਿੱਚ ਗੂੰਜਦਾ ਰਿਹਾ। ਵਿਆਹ ਦਾ ਚਾਅ ਤਾਂ ਜਿਵੇਂ ਉਸਦਾ ਖਤਮ ਹੀ ਹੋ ਗਿਆ ਸੀ।

ਕੁੱਝ ਮਹੀਨਿਆਂ ਬਾਅਦ ਜਦੋਂ ਉਹ ਕੈਨੇਡਾ ਪਹੁੰਚੀ ਤਾਂ ਸਭ ਉਸ ਨੂੰ ਓਪਰਾ ਓਪਰਾ ਲੱਗਦਾ। ਰਸੋਈ ਵਿੱਚ ਪਈ ਨਿੱਕੀ ਜਿਹੀ ਤੱਕੜੀ ਅਤੇ ਨਿੱਕੇ ਵੱਡੇ ਮਾਪਣ ਵਾਲੇ ਭਾਂਡੇ ਉਸ ਨੂੰ ਚਿੜਾਉਦੇ ਜਾਪਦੇ। ਉਸ ਨੂੰ ਲੱਗਦਾ ਕਿ ਇਹ ਲੋਕ ਤਾਂ ਹੱਸਦੇ ਬੋਲਦੇ ਵੀ ਨਾਪ-ਤੋਲ ਕੇ ਹੀ ਹਨ। ਉਸਦਾ ਹਾਸਾ ਤਾਂ ਕਿੱਧਰੇ ਗਵਾਚ ਹੀ ਗਿਆ ਸੀ। ਸਾਰੇ ਆਪਣੇ ਆਪਣੇ ਕੰਮ 'ਤੇ ਚਲੇ ਜਾਂਦੇ ਤਾਂ ਘਰ ਵਿੱਚ



ਸਿਵਿਆਂ ਜਿਹੀ ਚੁੱਪ ਪਸਰ ਜਾਂਦੀ। ਇੱਕ ਦਾਦੀ ਜੋ ਦੇਖਣ ਨੂੰ ਤਾਂ ਚੰਗੀ ਭਲੀ ਲੱਗਦੀ ਪਰ ਬੱਸ ਚੁੱਪ ਚਾਪ ਆਵਦੇ ਕਮਰੇ ਵਿੱਚ ਪਈ ਰਹਿੰਦੀ। ਹਫਤੇ ਵਿੱਚ ਦੋ ਦਿਨ ਨਰਸ ਵੀ ਦੇਖਣ ਆਉਂਦੀ, ਕਹਿੰਦੇ ਕਿ ਬਾਪੂ ਦੇ ਜਾਣ ਪਿੱਛੋਂ 'ਡਿਪਰੈਸ਼ਨ' ਹੋ ਗਿਆ। ਉਸਦੇ ਮਨ ਵਿੱਚ ਆਉਂਦਾ ਕਿ ਗਿਆ ਤਾਂ ਇਕੱਲਾ ਬਾਪੂ ਹੀ ਹੈ, ਤੁਸੀਂ ਸਾਰੇ ਤਾਂ ਹੈਗੇ ਹੀ ਹੋ।

ਪਰ ਹੁਣ ਉਸ ਨੂੰ ਲੱਗਦਾ ਕਿ ਸ਼ਾਇਦ ਛੇਤੀ ਹੀ ਉਸਦੀ ਹਾਲਤ ਵੀ ਬੇਬੇ ਵਰਗੀ ਹੋ ਜਾਵੇਗੀ। ਇੱਕ ਦਿਨ ਸਾਰਿਆਂ ਦੇ ਜਾਣ ਪਿੱਛੋਂ ਉਹ ਰਾਤ ਦੀ ਰੋਟੀ ਦੀ ਤਿਆਰੀ ਕਰ ਰਹੀ ਸੀ। ਖੀਰ ਧਰਨ ਦੀ ਸੋਚੀ, ਪਹਿਲਾਂ ਉਸਨੇ ਭਾਂਡਾ ਕੱਢ ਚੌਲ ਮਿਣਨ ਦੀ ਸੋਚੀ ਪਰ ਫੇਰ ਆਸਾ ਪਾਸਾ ਦੇਖ ਮੁੱਠੀਆਂ ਭਰ ਭਰ ਕੇ ਹੀ ਪਾ ਲਏ, ਇੱਕ ਦਮ ਉਸ ਨੂੰ ਪਿੱਛੋਂ ਆਵਾਜ ਆਈ ਕਿ,'ਪੁੱਤ ਮੁੱਠੀ ਕੁ ਹੋਰ ਪਾ ਲਾ, ਤੇਰੇ ਡੈਡੀ ਨੂੰ ਖੀਰ ਬਹੁਤ ਪਸੰਦ ਏ।' ਦਾਦੀ ਦੀ ਗੱਲ ਸੁਣ ਉਸ ਨੂੰ ਚਾਅ ਚੜ ਗਿਆ। ਜਦੋਂ ਸਾਰਾ ਟੱਬਰ ਘਰ ਆਇਆ ਤਾਂ ਸਾਲਾਂ ਬਾਅਦ ਦਾਦੀ ਦੇ ਕਮਰੇ ਵਿੱਚੋਂ ਹਾਸਾ ਗੂੰਜ ਰਿਹਾ ਸੀ। ਹੁਣ ਉਹ ਘਰ ਹੱਸਣ ਲੱਗ ਪਿਆ ਸੀ, ਰਸੋਈ ਵਿੱਚੋਂ ਤੱਕੜੀ ਦੀ ਵੀ ਵਿਦਾਇਗੀ ਹੋ ਗਈ ਸੀ। ਸ਼ਾਲਾ, ਵੱਸਦੇ ਰਹਿਣ ਐਸੇ ਘਰ ਅਤੇ ਗੂੰਜਦੇ ਰਹਿਣ ਅਜਿਹੇ ਨਿਰਛਲ ਹਾਸੇ, ਜੋ ਮਕਾਨਾਂ ਨੂੰ ਘਰ ਬਣਾਉਂਦੇ ਹਨ।

# ਮਾਤਾ ਕੌਲਾਂ ਜੀ

**ਜੋਰਾਵਰ ਸਿੰਘ ਤਰਸਿੱਕਾ**

**ਸਾਖੀ**

ਮਾਤਾ ਕੌਲਾਂ ਜੀ ਲਾਹੌਰ ਮੁਝੰਗ ਨਿਵਾਸੀ ਕਾਜ਼ੀ ਰੁਸਤਮ ਖ਼ਾਂ ਦੀ ਪੁੱਤਰੀ ਸਨ। ਇਸੇ ਪਿੰਡ ਵਿੱਚ ਪੂਰਨ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਦਾ ਵੀ ਨਿਵਾਸ ਸੀ। ਮਾਤਾ ਕੌਲਾਂ ਜੀ ਨੂੰ ਸਾਈਂ ਮੀਆਂ ਮੀਰ ਜੀ ਦੀ ਸੰਗਤ ਕਰਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ 'ਜਦੋਂ ਬੀਬੀ ਕੌਲਾਂ ਸੰਤਾਂ ਫਕੀਰਾਂ ਦੇ ਡੇਰਿਆਂ ਤੇ ਆਉਣ ਲੱਗੀ ਤਾਂ ਉਸ ਨੇ ਸਾਈਂ ਮੀਆਂ ਮੀਰ ਪਾਸੋਂ ਕੁਝ ਬਾਣੀ ਵੀ ਸਿਖ ਲਈ। ਜਦੋਂ ਉਸ ਨੇ ਇਹ ਬਾਣੀ ਘਰ ਜਾ ਕੇ ਪੜਨੀ ਤਾਂ ਕਾਜ਼ੀ ਨੇ ਬੁਰਾ ਮਨਾਣਾ ਤੇ ਘੂਰਨਾ। ਹਾਰ ਕੇ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਜਦੋਂ ਫਿਰ ਵੀ ਨਾ ਰੁਕੀ ਤਾਂ ਕਾਜ਼ੀ ਨੇ ਫਤਵਾ ਲਵਾ ਕੇ ਉਸ ਨੂੰ ਮੌਤ ਦੀ ਸਜਾ ਪ੍ਰਵਾਨ ਕਰਾ ਦਿੱਤੀ ਕਿ ਉਹ ਕਾਫਰਾਂ ਦਾ ਕਲਾਮ ਪੜਦੀ ਹੈ। ਜਦੋਂ ਉਸ ਨੇ ਆਪਣੀ ਮੌਤ ਦੀ ਸਜਾ ਦੀ ਖਬਰ ਸੁਣੀ ਤਾਂ ਰਾਤੋਂ ਰਾਤ ਭੱਜ ਕੇ ਸਾਈ ਮੀਆਂ ਪੀਰ ਪਾਸ ਜਾ ਪੁੱਜੀ ਤੇ ਉਸ ਨੇ ਰੋ ਰੋ ਕੇ ਸਾਰੀ ਕੁੱਟਣ ਮਾਰਨ ਤੇ ਮੌਤ ਦੀ ਸਜਾ ਬਾਰੇ ਦੱਸਿਆ। ਫਕੀਰ ਮੀਆਂ ਮੀਰ ਇਕ ਪੁੱਜਿਆ ਹੋਇਆ ਪੀਰ ਸੀ। ਇਸ ਨੇ ਅਗਲੀ ਰਾਤ ਆਪਣੇ ਇਕ ਮੁਰੀਦ ਅਬਦੁਲ ਰਾਹੀਂ ਇਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਪਾਸ ਅੰਮ੍ਰਿਤਸਰ ਪਹੁੰਚਾ ਦਿੱਤਾ। ਕਹਿ ਭੇਜਿਆ ਕਿ 'ਕੌਲਾਂ ਆਪ ਪਾਸ ਸ਼ਰਨ ਲੈਣ ਆਈ ਹੈ ਹੁਣ ਇਸ ਦੀ ਜਾਨ ਦੀ ਰਖਿਆ ਕਰਨਾ ਤੁਹਾਡਾ ਸਾਡਾ ਧਰਮ ਬਣਦਾ ਹੈ। ਮੈਂ ਆਪਣੇ ਪਾਸ ਇਸ ਨੂੰ ਨਹੀਂ ਰੱਖ ਸਕਦਾ ਕਿਉਂਕਿ ਇਸ ਨੂੰ ਮੌਤ ਦਾ ਫਤਵਾ ਲੱਗ ਚੁੱਕਾ ਹੈ। ਸ਼ਾਹ ਇਸ ਨੂੰ ਮੇਰੇ ਡੇਰਿਓਂ ਕਿਸੇ ਸਮੇਂ ਵੀ ਲਿਜਾ ਸਕਦਾ ਹੈ। ਹੁਣ ਕੌਲਾਂ ਨੇ ਗੁਰੂ ਘਰ ਆ ਕੇ ਸਭ ਹੱਡਬੀਤੀ ਦੱਸਦਿਆਂ ਬੇਨਤੀ ਕੀਤੀ ਕਿ 'ਗੁਰੂ ਘਰ ਨਿਆਸਰਿਆਂ ਦਾ ਆਸਰਾ, ਨਿਮਾਣਿਆਂ ਦਾ ਮਾਣ, ਨਿਉਟਿਆਂ ਦੀ ਓਟ ਹੈ। ਮੇਰੀ ਵੀ ਰਖਿਆ ਕਰੋ। ਗੁਰੂ ਜੀ ਨੇ ਇਕ ਫੁਲਾਂ ਵਾਲੀ ਢਾਬ ਦੇ ਕੰਢੇ ਆਪਣੇ ਮਹਿਲਾਂ ਤੋਂ ਅੱਧਾ ਕੁ ਮੀਲ ਹਟਵਾਂ ਇਕ ਕੋਠਾ ਰਹਿਣ ਲਈ ਦੇ ਦਿੱਤਾ। ਰੋਟੀ ਕਪੜਾ ਤੇ ਸੁਰੱਖਿਆ ਦਾ ਬਚਨ ਵੀ ਦਿੱਤਾ ਤੇ ਬਚਨ ਦਿੱਤਾ ਕਿ ਉਹ ਬੇਫਿਕਰ ਰਹੇ, ਏਥੇ ਤੈਨੂੰ ਕੋਈ ਵੀ ਚੁਕ ਕੇ ਨਹੀਂ ਲਿਜਾ ਸਕਦਾ ਨਿਸ਼ਚਿੰਤ ਹੋ ਕੇ ਭਜਨ ਬੰਦਗੀ ਕਰਿਆ ਕਰ। ਸੋ, ਉਹ ਭਜਨ ਬੰਦਗੀ ਵਿੱਚ ਰੁਝ ਗਈ। ਅੰਮ੍ਰਿਤਸਰ ਦੇ ਯੁੱਧ ਸਮੇਂ ਬੀਬੀ ਕੌਲਾਂ ਨੂੰ ਗੁਰੂ ਜੀ ਹੋਰਾਂ ਪਹਿਲਾਂ ਹੀ ਰੱਖਿਅਤ ਥਾਂ ਕਰਤਾਰਪੁਰ (ਜਿਹੜਾ ਗੁਰੂ ਅਰਜਨ ਦੇਵ ਜੀ ਨੇ ਦੁਆਬੇ ਵਿਚ ਆਬਾਦ ਕੀਤਾ ਸੀ) ਭੇਜ ਦਿੱਤਾ ਤੇ ਆਪ ਲੜਾਈ ਉਪਰੰਤ ਬੀਬੀ ਵੀਰੋ ਜੀ ਦਾ ਝਬਾਲ ਵਿਆਹ ਕਰਨ ਉਪਰੰਤ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਹੁੰਦੇ ਗੁਰੂ ਅਮਰਦਾਸ ਜੀ ਦੇ ਪੋਤੇ ਅਨੰਦ ਤੇ ਉਨਾਂ ਦੇ ਪੁੱਤਰ ਸੁੰਦਰ ਜੀ ਤੇ ਹੋਰਾਂ ਸੰਗਤਾਂ ਨੂੰ ਦਰਸ਼ਨ ਦੇਂਦੇ ਕਰਤਾਰਪੁਰ ਪੁੱਜੇ।

**ਕੌਲਾਂ ਦਾ ਚਲਾਣਾ**

ਗੁਰੂ ਜੀ ਦੇ ਕਰਤਾਰਪੁਰ ਪੁੱਜਣ ਤੋਂ ਪਹਿਲਾਂ ਬੀਬੀ ਕੌਲਾਂ ਪੁੱਜ ਚੁੱਕੀ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਬੜੀ ਪ੍ਰਸੰਨ ਚਿਤ ਹੋਈ। ਗੁਰੂ ਦੇ ਨੇ ਬਚਨ ਕੀਤਾ 'ਬੀਬੀ ਹੁਣ ਤੇਰਾ ਅੰਤਿਮ ਸਮਾਂ ਆ ਗਿਆ ਹੈ। ਗੰਗਸਰ ਖੂਹ ਤੋਂ ਇਸ਼ਨਾਨ ਕਰ ਥੰਮ ਸਾਹਿਬ ਸੰਗਤਾਂ ਵਿਚ ਆ ਕੇ ਹਾਜ਼ਰ ਹੋ।

**ਬਾਕੀ ਸਫ਼ਾ 30 'ਤੇ**

## ਗੁੱਝੇ ਭੇਦ ਦੀ ਹਕੀਕਤ ਔਰਤ ਦੀ ਦਾਸਤਾਨ

ਇਕ ਵਾਰ ਮੈਂ ਇਕ ਬਹੁਤ ਸਫ਼ਲ ਔਰਤ ਨੂੰ ਕਿਹਾ ਕਿ ਉਹ ਮੇਰੇ ਨਾਲ ਆਪਣੀ ਸਫ਼ਲਤਾ ਦਾ ਰਾਜ ਦੱਸੇ, ਉਸਨੇ ਮੁਸਕਰਾਉਂਦੇ ਹੋਏ ਕਿਹਾ ... 'ਜਦੋਂ ਮੈਂ ਛੋਟੇ ਝਗੜੇ ਛੋਟੀਆਂ ਲੜਾਈਆਂ ਬਹਿਸਾਂ ਲੜਨ ਵਾਲ਼ਿਆਂ ਨਾਲ ਬੋਲਣਾ ਹੀ ਬੰਦ ਕਰ ਦਿੱਤਾ। ਮੈਂ ਉਨਾਂ ਲੋਕਾਂ ਨਾਲ ਲੜਨਾ ਬੰਦ ਕਰ ਦਿੱਤਾ ਜੋ ਮੇਰੀਆਂ ਚੁਗਲੀਆਂ ਕਰਦੇ ਹਨ ...ਮੈਂ ਆਪਣੇ ਸਹੁਰਿਆਂ ਨਾਲ ਛੋਟੀ ਛੋਟੀ ਗੱਲ ਤੇ ਖਿਝਣਾ ਬੰਦ ਕਰ ਦਿੱਤਾ..।

ਮੈਂ ਕਿਸੇ ਖ਼ਾਸਮ ਖਾਸ ਦਾ ਧਿਆਨ ਲੈਣ ਲਈ ਲੜਨਾ ਬੰਦ ਕਰ ਦਿੱਤਾ। ਇਹਨੇ ਮੇਰੇ ਮਨ ਨੂੰ ਅਥਾਹ ਸ਼ਾਂਤੀ ਦਿੱਤੀ। ਮੈਂ ਬੇਕਦਰੇ ਲੋਕਾਂ ਤੋਂ ਉਮੀਦ ਰੱਖਣੀ ਬੰਦ ਕਰ ਦਿੱਤੀ। ਮੈਂ ਬੇਲੋੜੇ ਲੋਕਾਂ ਨਾਲ ਆਪਣੇ ਅਧਿਕਾਰਾਂ ਲਈ ਲੜਨਾ ਬੰਦ ਕਰ ਦਿੱਤਾ।

ਮੈਂ ਸਾਰਿਆਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਬੰਦ ਕਰ ਦਿੱਤੀ, ਪਹਿਲਾਂ ਆਪਣੇ ਮਨ ਦੀ ਖੁਸ਼ੀ ਭਾਲੀ।

ਮੈਂ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਲੜਾਈ ਵਿਚ ਸਮਾਂ ਬਰਬਾਦ ਕਰਨਾ ਛੱਡ ਦਿੱਤਾ।

ਮੈਂ ਅਜਿਹੀਆਂ ਲੜਾਈਆਂ ਉਨਾਂ ਲਈ ਛੱਡ ਦਿੱਤੀਆਂ ਜਿਨਾਂ ਕੋਲ ਹੋਰ ਕੋਈ ਕੰਮ ਨਹੀਂ ਸੀ ਇਸਤੋਂ ਬਿਨਾਂ

ਅਤੇ ਮੈਂ ਆਪਣੀ ਨਜ਼ਰ, ਆਪਣੇ ਸੁਪਨੇ, ਆਪਣੇ ਵਿਚਾਰਾਂ ਅਤੇ ਆਪਣੀ ਮੰਜ਼ਿਲ ਲਈ ਸੰਗਰਸ਼ ਸ਼ੁਰੂ ਕੀਤਾ।

ਜਿਸ ਦਿਨ ਮੈਂ ਛੋਟੇ ਝਗੜਿਆਂ ਨੂੰ ਛੱਡ ਦਿੱਤਾ, ਉਸ ਦਿਨ ਮੈਂ ਸਫਲ ਹੋਣਾ ਸ਼ੁਰੂ ਕੀਤਾ ਅਤੇ ਸੰਤੁਸ਼ਟ ਹੋ ਗਈ।

ਕੁਝ ਲੜਾਈਆਂ ਜਿੱਤਣ ਨਾਲੋਂ ਤੁਹਾਡਾ ਸਮਾਂ ਵਧੇਰੇ ਕੀਮਤੀ ਹੈ। ਆਪਣੀ ਲੜਾਈ ਨੂੰ ਸਮਝਦਾਰੀ ਨਾਲ ਚੁਣੋ ਤੇ ਇਹ ਵਿਚਾਰ ਉਨਾਂ ਔਰਤਾਂ ਤੱਕ ਪਹੁੰਚਾਓ ਜੋ ਸੱਚਮੁੱਚ ਕੁਝ ਪਾਉਣਾ ਚਾਹੁੰਦੀਆਂ ਹਨ। ਗੁਲਾਮ ਜਿਹੀ ਜ਼ਿੰਦਗੀ ਤੋਂ ਅੱਗੇ। ਤੁਹਾਡੇ 'ਚੋਂ ਕੌਣ ਇਸ ਵਿੱਚੋਂ ਗੁਜ਼ਰ ਰਿਹਾ ਹੈ?

**ਅਗੀਆਤ**

# ਸੁਕਰਾਤ ਦਾ ਪ੍ਰੇਮ ਬਿਰਤਾਂਤ

**ਐਸ ਇੰਦਰ ਰਾਜੋਆਣਾ**

ਉਸ ਦਿਨ ਪਰਛਾਵੇਂ ਢਲ ਗਏ ਸਨ। ਯੂਨਾਨ ਦਾ ਮਹਾਨ ਦਾਰਸ਼ਨਿਕ ਸੁਕਰਾਤ, ਆਪਣੇ ਜਿਗਰੀ-ਯਾਰ ਨਾਲ ਸ਼ਾਹੀ ਬਾਗ਼ ਵਿਚ ਬੈਠਾ ਗੱਪਾਂ ਮਾਰ ਰਿਹਾ ਸੀ, ਜਿਹੜਾ ਇਕ ਫ਼ੌਜੀ ਕਪਤਾਨ ਸੀ ਅਤੇ ਜਿਸ ਦੀ ਮੰਗਣੀ, ਅਮੀਰ ਘਰਾਣੇ ਦੀ ਇਕ ਸੁਨੱਖੀ ਮੁਟਿਆਰ ਨਾਲ ਹੋ ਚੁੱਕੀ ਸੀ। ਕੁਝ ਮਹੀਨਿਆਂ ਬਾਅਦ ਦੋਵਾਂ ਦਾ ਵਿਆਹ ਹੋ ਜਾਣਾ ਸੀ।

ਕਪਤਾਨ ਆਖਣ ਲੱਗਾ, 'ਸੁਕਰਾਤ! ਤੂੰ ਵੀ ਹੁਣ ਵਿਆਹ ਕਰਵਾ ਲੈ, ਯਾਰ। ਹੋਰ ਚਹੁੰ ਸਾਲਾਂ ਨੂੰ, ਤੇਰੇ ਚਿੱਟੇ ਆ ਜਾਣੇ ਨੇ ਤੇ ਫਿਰ... ਆਸ ਨਾ ਰੱਖੀਂ, ਆਪਣੇ ਵਿਆਹ ਦੀ।'

ਸੁਕਰਾਤ ਨੇ ਘਾਹ ਦੀ ਇਕ ਤਿੜ ਤੋੜੀ ਤੇ ਦੰਦਾਂ ਵਿਚ ਚਬਾਉਂਦਾ ਹੋਇਆ ਆਖਣ ਲੱਗਾ, 'ਮਿੱਤਰਾ! ਜਿਹੜੀ ਔਰਤ ਨੂੰ ਮੈਂ ਪਸੰਦ ਕਰਦਾ ਸਾਂ, ਉਹ ਤਾਂ ਤੇਰੇ ਨਾਲ ਮੰਗੀ ਗਈ ਏ। ਹੁਣ ਤਾਂ ਲੱਗਦੈ, ਜਿਵੇਂ ਛੜਾ ਹੀ ਰਹਿਣਾ ਪਊ, ਸਾਰੀ ਉਮਰ ਮੈਨੂੰ।'

'ਆਹ ਮੂੰਹ ਤੇ ਮਸਰਾਂ ਦੀ ਦਾਲ। ਕਦੇ ਸ਼ਕਲ ਨਹੀਂ ਵੇਖੀ ਹੋਣੀ ਤੂੰ ਆਪਣੀ ਸ਼ੀਸ਼ੇ ਵਿਚ... ਸ਼ਾਇਦ। ਕਿੱਥੇ ਹੂਰਾਂ-ਪਰੀ 'ਜਾਨਥਿਪ' ਤੇ ਕਿੱਥੇ ਤੇਰੇ ਵਰਗਾ... ਮੋਟੀ ਨੱਕ ਅਤੇ ਚੁੰਨੀਆਂ ਅੱਖਾਂ ਵਾਲਾ.... ਆਦਿ ਮਾਨਵ। ਤੂੰ ਭਾਵੇਂ ਉਹਨੂੰ ਲੱਖ ਪਸੰਦ ਕਰਦਾ ਹੋਵੇਂ, ਪਰ ਉਹ ਤਾਂ ਸ਼ਾਇਦ... ਤੇਰੀ ਸ਼ਕਲ ਵੇਖ ਕੇ ਹੀ, ਡਰ ਜਾਵੇ।' ਮਿੱਤਰ ਨੇ ਨਹੋਰਾ ਮਾਰਿਆ।

'ਐਂ ਕਰ ਯਾਰ! ਇਕ ਹਫ਼ਤੇ ਦਾ ਮੌਕਾ ਦੇ ਦੇ ਮੈਨੂੰ, ਜਾਨਥਿਪ ਦੇ ਕੋਲ ਬਹਿਣ ਦਾ। ਮੈਨੂੰ ਪੱਕਾ ਵਿਸ਼ਵਾਸ ਹੈ ਕਿ ਪਸੰਦ ਤਾਂ ਉਹਨੇ ਮੈਨੂੰ ਕਰ ਹੀ ਲੈਣਾ। ਫਿਰ ਵੇਖੀਂ...!' ਸੁਕਰਾਤ ਨੇ ਆਪਣੇ-ਆਪ ਦੀ ਵਡਿਆਈ ਕੀਤੀ।

'ਜੇ ਏਨਾ ਹੀ ਗਰੂਰ ਹੈ ਤੈਨੂੰ ਆਪਣੇ-ਆਪ ਉੱਤੇ ਤਾਂ ਸਵੇਰੇ ਹੀ ਮਿਲਾ ਦਿਊਂ.. ਜੇ ਉਹਨੇ ਤੈਨੂੰ ਪਸੰਦ ਕਰ ਲਿਆ, ਤਾਂ ਉਹ ਤੇਰੀ ਹੋਈ ਤੇ ਜੇ... ਉਹਨੇ ਗਾਲਾਂ ਦੀ ਝੜੀ ਲਾ ਦਿੱਤੀ ਤਾਂ ਫਿਰ ਨਾ ਰੋਵੀਂ ਲੁਕ-ਲੁਕ ਕੇ।' ਕਪਤਾਨ ਕੁਣੱਖਾ ਝਾਕਦਿਆਂ ਹੱਸਣ ਲੱਗ ਪਿਆ।

ਕਾਫੀ ਦੇਰ, ਉਹ ਇਕ-ਦੂਜੇ ਨਾਲ ਖਰ-ਮਸਤੀਆਂ ਕਰਦੇ ਰਹੇ। ਫਿਰ ਦੋਵਾਂ ਨੇ ਕੋਈ ਮਸ਼ਵਰਾ ਕੀਤਾ ਅਤੇ ਆਪੋ ਆਪਣੇ ਘਰਾਂ ਨੂੰ ਜਾਣ ਲਈ ਉੱਠ ਖਲੋਤੇ।

ਉਸ ਦੌਰ ਵਿਚ ਵੀ, ਯੂਨਾਨ ਦੀਆਂ ਔਰਤਾਂ ਆਜ਼ਾਦ ਸਨ, ਆਪਣਾ ਵਰ ਆਪ ਚੁਣਨ ਲਈ। ਥੋੜੇ ਦਿਨ ਪਹਿਲਾਂ ਹੀ ਕਪਤਾਨ ਤੇ ਜਾਨਥਿਪ ਨੇ, ਇਕ-ਦੂਜੇ ਨੂੰ ਪਸੰਦ ਕਰ, ਮੰਗਣੀ ਕਰਵਾ ਲਈ ਸੀ ਤੇ ਕੁਝ ਮਹੀਨੇ ਬਾਅਦ, ਉਨ੍ਹਾਂ ਨੇ ਵਿਆਹ ਕਰਵਾ ਲੈਣਾ ਸੀ।

ਅਗਲੇ ਦਿਨ ਸ਼ਾਮ ਢਲੇ, ਕਪਤਾਨ ਆਪਣੀ ਮੰਗੇਤਰ ਨੂੰ ਸੁਕਰਾਤ ਨਾਲ ਮਿਲਾਉਣ ਲੈ ਆਇਆ। ਸੁਕਰਾਤ ਦੇ ਕੋਲ ਬਿਠਾ, ਉਹਨੂੰ ਕਹਿਣ ਲੱਗਾ, 'ਪਿਆਰੀ! ਇਹ ਮੇਰਾ ਮਿੱਤਰ ਏ ਸੁਕਰਾਤ, ਜੋ ਤੇਰੇ ਨਾਲ ਕੁਝ ਗੱਲਾਂ ਕਰਨੀਆਂ ਲੋਚਦੈ ਤੇ ਮੈਂ ਇਹਨੂੰ ਵਚਨ ਦੇ ਚੁੱਕਿਆਂ, ਤੇਰੇ ਨਾਲ ਮਿਲਾਉਣ ਦਾ..। ਮੇਰੀ ਲਾਜ ਰੱਖੀਂ... ਤੇ ਕ੍ਰਿਪਾ ਕਰਕੇ ਔਖੀ-ਸੌਖੀ ਇਹਦੀਆਂ ਘੱਬਲੀਆਂ ਸੁਣ ਲਵੀਂ... ਤੇਰਾ ਅਹਿਸਾਨ ਹੋਵੇਗਾ ਮੇਰੇ ਸਿਰ', ਕਹਿੰਦਿਆਂ, ਕਪਤਾਨ ਮਲਕੜੇ ਜਿਹੇ ਉੱਠ ਖੜਾ ਹੋਇਆ।

ਜਾਨਥਿਪ ਨੇ ਇਕ ਨਜ਼ਰ ਸੁਕਰਾਤ ਵੱਲ ਸੁੱਟੀ ਤਾਂ ਉਹਨੂੰ ਲੱਗਿਆ, ਜਿਵੇਂ ਦੁਨੀਆਂ ਦਾ ਸਭ ਤੋਂ ਬਦਸੂਰਤ ਤੇ ਜਾਹਿਲ ਆਦਮੀ, ਉਹਦੇ ਸਾਹਮਣੇ ਬੈਠਾ ਹੋਵੇ। ਉਹਦਾ ਮਨ ਕੀਤਾ ਕਿ ਉੱਥੋਂ ਉੱਠ ਕੇ ਘਰ ਚਲੀ ਜਾਵੇ ਪਰ ਮੰਗੇਤਰ ਦਾ ਕਿਹਾ ਸਿਰ-ਮੱਥੇ ਮੰਨ, ਉਹ ਸਬਰ ਕਰੀ ਬੈਠੀ ਰਹੀ।

...ਤੇ ਜਦੋਂ ਸੁਕਰਾਤ, ਨਜ਼ਰ ਭਰ ਕੇ ਜਾਨਥਿਪ ਵੱਲ ਝਾਕਿਆ ਤਾਂ ਉਹ ਅੱਖਾਂ ਨੀਵੀਆਂ ਕਰੀ, ਉਂਗਲ ਨਾਲ ਮਿੱਟੀ ਖੁਰਚ ਰਹੀ ਸੀ।

ਇਕ ਵਾਰ ਤਾਂ ਉਹ ਆਪਣੀ ਸੁੱਧ ਬੁੱਧ ਗਵਾ ਬੈਠਾ ਤੇ ਉਹਨੂੰ ਲੱਗਾ, ਜਿਵੇਂ ਕਿਸੇ ਪਰੀ ਦੇਸ਼ ਦੀ ਮਲਕਾ ਨੇ ਉਹਨੂੰ ਸਾਕਸ਼ਾਤ ਦਰਸ਼ਨ ਦਿੱਤੇ ਹੋਣ।

ਜਦੋਂ ਉਹ ਕੁਝ ਸਹਿਜ ਹੋਇਆ ਤਾਂ ਬੋਲਿਆ, 'ਜਾਨਥਿਪ! ਤੁਹਾਨੂੰ ਨਹੀਂ ਲਗਦਾ ਕਿ ਖੂਬਸੂਰਤੀ ਹਰ ਕਿਸੇ ਦੀਆਂ ਅੱਖਾਂ ਵਿਚ ਹੁੰਦੀ ਹੈ, ਨਾ ਕਿ ਸਾਹਮਣੇ ਵਾਲੇ ਦੇ ਚਿਹਰੇ ਵਿਚ... ਸੁਹੱਪਣ ਕਿਸੇ ਦੇ ਚਿਹਰੇ ਮੋਹਰੇ ਉੱਪਰ ਨਹੀਂ, ਉਸ ਦੇ ਅੰਦਰ ਲੁਕਿਆ ਹੁੰਦੈ, ਜਿਸ ਨੂੰ ਹਰ ਕੋਈ ਐਰਾ-ਗੈਰਾ, ਨੱਥੂ-ਖ਼ੈਰਾ, ਨਹੀਂ ਵੇਖ ਸਕਦਾ....ਤੇ ਸਿਆਣਪ ਬਾਰੇ ਤੁਹਾਡਾ ਕੀ ਕਹਿਣਾ ਹੈ?...ਮੇਰੇ ਖ਼ਿਆਲ ਮੁਤਾਬਿਕ ਇਹ ਕਿਸੇ ਦੇ ਮੂੰਹ ਉੱਪਰ ਨਹੀਂ ਲਿਖੀ ਹੁੰਦੀ, ਜਿਸ ਨੂੰ ਹਰ ਕੋਈ ਪੜ੍ਹ ਸਕੇ, ਇਹ ਤਾਂ ਬੰਦੇ ਦੇ ਅੰਦਰ ਹੁੰਦੀ ਏ ਤੇ ਸਾਹਮਣੇ ਵਾਲਾ, ਇਹਨੂੰ ਮਹਿਸੂਸ ਕਰ ਸਕਦੈ... ਹੈ ਕਿ ਨਹੀਂ?'

ਜਾਨਥਿਪ ਨੇ ਅੱਖਾਂ ਝਪਕੀਆਂ ਤੇ ਇਕ ਬਿਜਲੀ ਲਿਸ਼ਕ ਗਈ। ਉਹਨੂੰ ਹੈਰਾਨੀ ਹੋਈ ਕਿ ਛੋਟੇ ਕੱਦ ਤੇ ਭੱਦੇ ਜਿਹੇ ਚਿਹਰੇ ਵਾਲਾ ਬਦਸੂਰਤ ਆਦਮੀ ਵੀ, ਏਨੀਆਂ ਦਿਲਚਸਪ ਗੱਲਾਂ ਕਰ ਸਕਦੈ।

ਸੁਕਰਾਤ ਦੇ ਮੋਟੇ ਮੋਟੇ ਬੁੱਲਾਂ 'ਚੋਂ, ਲੈ-ਬੱਧ ਸ਼ਬਦ ਨਿਕਲਦੇ ਰਹੇ ਤੇ ਜਾਨਥਿਪ ਦੇ ਦਿਲ 'ਤੇ ਜਾਦੂ ਕਰਦੇ ਗਏ। ਏਨੀ ਪ੍ਰਭਾਵਸ਼ਾਲੀ ਆਵਾਜ਼, ਉਹਨੇ ਅੱਜ ਤੱਕ, ਕਿਸੇ ਮਰਦ ਦੇ ਮੂੰਹੋਂ ਨਹੀਂ ਸੀ ਸੁਣੀ ...। ਆਪਣੇ ਮੰਗੇਤਰ ਦੇ ਮੂੰਹੋਂ ਵੀ ਨਹੀਂ।

ਉਹ ਜਾਨਥਿਪ, ਜਿਸਦਾ ਅਵੈੜਾ ਮਨ, ਥੋੜੀ ਦੇਰ ਪਹਿਲਾਂ ਭਜੂੰ-ਭਜੂੰ ਕਰਦਾ ਸੀ, ਹੁਣ ਸਹਿਜ ਹੋ ਬੈਠ ਗਈ ਸੀ ਤੇ ਸੁਕਰਾਤ ਦੇ ਮੂੰਹੋਂ ਨਿਕਲੇ ਇਕ-ਇਕ ਸ਼ਬਦ ਨੂੰ ਸਿਜਦਾ ਕਰਨੋਂ ਨਾ ਰਹਿ ਸਕੀ।



ਸੁਕਰਾਤ ਬੋਲਦਾ ਗਿਆ ਤੇ ਜਾਨਥਿਪ ਬੁੱਤ ਬਣੀ ਸੁਣਦੀ ਰਹੀ। ਉਹਦੀਆਂ ਗੱਲਾਂ ਵਿਚ ਕੋਈ ਰਸ ਸੀ, ਜਿਹੜਾ ਉਹਦੇ ਕੰਨਾਂ ਵਿਚ ਮਿਠਾਸ ਘੋਲ ਰਿਹਾ ਸੀ।

ਹਨੇਰਾ ਉੱਤਰ ਆਇਆ ਸੀ ਤੇ ਦੋਵੇਂ ਉੱਠ ਖੜੇ ਹੋਏ, ਅਗਲੇ ਦਿਨ ਮਿਲਣ ਦਾ ਵਾਅਦਾ ਕਰ ਕੇ।

ਸਾਰੀ ਰਾਤ ਜਾਨਥਿਪ ਸੌਂ ਨਾ ਸਕੀ। ਮੋਟੇ, ਠੁੱਲੇ ਤੇ ਭੱਦੇ ਆਦਮੀ ਦੀਆਂ ਖੂਬਸੂਰਤ ਗੱਲਾਂ ਨੇ, ਉਹਦੇ ਮਨ ਨੂੰ ਘੁੰਮਣ-ਘੇਰੀ ਵਿਚ ਪਾਈ ਰੱਖਿਆ। ਉੱਸਲ-ਵੱਟੇ ਲੈਂਦਿਆਂ, ਉਹਦੇ ਲਈ ਦਿਨ ਮਸਾਂ ਹੀ ਚੜ੍ਹਿਆ।

ਅਗਲੀ ਸ਼ਾਮ, ਦੋਵੇਂ ਫਿਰ ਇਕੱਠੇ ਹੋਏ ਅਤੇ ਜੀਅ ਭਰ ਕੇ ਗੱਲਾਂ ਕੀਤੀਆਂ।

ਉਸ ਤੋਂ ਅਗਲੀ ਸ਼ਾਮ ਫਿਰ... ਤੇ ਪਤਾ ਨਹੀਂ ਕਦੋਂ ਪੰਜ ਸ਼ਾਮਾਂ ਬੀਤ ਗਈਆਂ।

ਸੁਕਰਾਤ, ਮੁਟਿਆਰ ਦੇ ਸੁਹੱਪਣ 'ਚ ਲੀਨ ਹੋਇਆ ਰਹਿੰਦਾ ਅਤੇ ਕਪਤਾਨ ਦੀ ਮੰਗੇਤਰ, ਉਹਦੀਆਂ ਮਿੱਠੀਆਂ-ਰਸੀਲੀਆਂ ਅਤੇ ਗਿਆਨ ਭਰਪੂਰ ਗੱਲਾਂ ਵਿਚ ਮਗਨ ਹੋਈ ਰਹਿੰਦੀ।

ਛੇਵੇਂ ਦਿਨ, ਉਹ ਫਿਰ ਮਿਲੇ ਤਾਂ ਸੁਕਰਾਤ ਕਹਿਣ ਲੱਗਾ, 'ਜੇ ਤੂੰ ਮੇਰੇ ਮਿੱਤਰ ਦੀ ਮੰਗੇਤਰ ਨਾ ਹੁੰਦੀ ਤਾਂ ਮੈਂ ਤੈਨੂੰ ਆਪਣੇ ਲਈ ਮੰਗ ਲੈਣਾ ਸੀ, ਪਰ ਅਫ਼ਸੋਸ ..!' ਕਹਿੰਦਿਆਂ ਉਹਦਾ ਹਉਕਾ ਨਿਕਲ ਗਿਆ।

'ਸੋਹਣੇ ਦਿਲ ਵਾਲੇ ਸੁਕਰਾਤ! ਅਜੇ ਮੇਰੀ ਮੰਗਣੀ ਹੀ ਹੋਈ ਏ, ਵਿਆਹ ਨਹੀਂ.... ਤੇ ਮੰਗਣੀ ਤੋੜਨਾ, ਕੋਈ ਜੁਰਮ ਨਹੀਂ ਹੁੰਦਾ। ....ਜੇ ਤੂੰ ਚਾਹੇਂ, ਤਾਂ ਮੈਂ ਹੁਣ ਵੀ ਤੈਨੂੰ ਆਪਣਾ ਪਤੀ ਕਬੂਲ ਕਰਨ ਲਈ ਤਿਆਰ ਹਾਂ ..ਮੈਂ ਤਾਂ ਬਸ, ਤੇਰਾ ਇਸ਼ਾਰਾ ਉਡੀਕਦੀ ਹਾਂ', ਜਾਨਥਿਪ ਨੇ ਆਪਣੇ ਮਨ ਦਾ ਭੇਤ, ਸੁਕਰਾਤ ਮੂਹਰੇ ਖੋਲ ਦਿੱਤਾ।

'ਮੈਂ ਆਪਣੇ ਮਿੱਤਰ ਨਾਲ ਵਿਸ਼ਵਾਸਘਾਤ ਨਹੀਂ ਕਰ ਸਕਦਾ... ਆਖ਼ਰ ਉਹ ਤੈਨੂੰ ਪਸੰਦ ਕਰਦਾ ਏ', ਸੁਕਰਾਤ ਨੇ ਸਫ਼ਾਈ ਦਿੱਤੀ।

ਉਦੋਂ ਹੀ ਕਪਤਾਨ, ਜਿਹੜਾ ਮਹਿੰਦੀ ਦੇ ਬੂਟਿਆਂ ਪਿੱਛੇ ਲੁਕਿਆ ਹੋਇਆ ਸੀ ਤੇ ਪਿਛਲੇ ਪੰਜ ਦਿਨਾਂ ਤੋਂ, ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ, ਸਾਹਮਣੇ ਆਇਆ ਤੇ ਸੁਕਰਾਤ ਵੱਲ ਮੂੰਹ ਕਰ ਕੇ ਬੋਲਿਆ, 'ਮੈਨੂੰ ਪਤਾ ਲੱਗ ਗਿਐ ਕਿ ਜਾਨਥਿਪ, ਮੇਰੇ ਨਾਲੋਂ ਤੈਨੂੰ ਵੱਧ ਚਾਹੁਣ ਲੱਗੀ ਏ... ਅੱਜ ਮੈਂ... ਇਹਨੂੰ ....ਆਪਣੇ ਰਿਸ਼ਤੇ ਤੋਂ ਆਜ਼ਾਦ ਕਰਦਾ ਹਾਂ ...ਤੇ ਮੇਰੀ ਦਿਲੀ ਇੱਛਾ ਹੈ ਕਿ ਤੁਸੀਂ ਦੋਵੇਂ, ਵਿਆਹ ਕਰਵਾ ਕੇ ਪ੍ਰਸੰਨ ਅਤੇ ਅਨੰਦਮਈ ਜ਼ਿੰਦਗੀ ਜੀਵੋ।'

'ਪਰ ਮੈਂ ਤਾਂ ਇਕ ਗ਼ਰੀਬ ਜਿਹਾ ਆਦਮੀ ਹਾਂ। ਨਾ ਮੇਰੇ ਕੋਲ ਰਹਿਣ ਲਈ ਚੰਗਾ ਘਰ ਏ ਤੇ ਨਾ ਹੀ ਘਰ ਲਈ ਲੋੜੀਂਦੀਆਂ ਜ਼ਰੂਰੀ ਚੀਜ਼ਾਂ। ਮੈਂ ਆਪਣੇ ਸਵਾਰਥ ਖਾਤਰ ਉਸ ਜਾਨਥਿਪ ਦੀ ਜ਼ਿੰਦਗੀ ਬਰਬਾਦ ਨਹੀਂ ਕਰ ਸਕਦਾ, ਜਿਸ ਨੇ ਸਦਾ ਹੀ ਸ਼ਾਹੀ ਠਾਠ ਨਾਲ ਆਪਣੀ ਜ਼ਿੰਦਗੀ ਭੋਗੀ ਹੋਵੇ', ਸੁਕਰਾਤ ਨੇ ਬੇਵੱਸੀ ਜ਼ਾਹਿਰ ਕੀਤੀ।

'ਮੈਂ ਤੇਰੇ ਨਾਲ ਰਿਸ਼ਤਾ ਜੋੜਨਾ ਹੈ, ਨਾ ਕਿ ਚੀਜ਼ਾਂ ਨਾਲ। ਮੈਂ ਤੇਰਾ ਹਰ ਦੁੱਖ-ਸੁੱਖ ਵੰਡਾਵਾਂਗੀ... ਇਕ ਮਹਾਨ ਦਾਰਸ਼ਨਿਕ ਦੀ ਬੀਵੀ ਹੋਣਾ, ਮੇਰੇ ਲਈ ਮਾਣ ਦੀ ਗੱਲ ਹੋਵੇਗੀ।.... ਤੇਰੀ ਉਜਾੜ ਜ਼ਿੰਦਗੀ ਨੂੰ, ਖੁਸ਼ਹਾਲ ਕਰਨ ਲਈ ਆਪਣਾ ਪੱਕਾ ਇਰਾਦਾ ਧਾਰੀ ਬੈਠੀ ਹਾਂ ਮੈਂ ਤੇ ਮੈਂ ਇਹਨੂੰ, ਹਰ ਹੀਲੇ ਪੂਰਾ ਕਰਨਾ ਚਾਹਾਂਗੀ', ਸੁਕਰਾਤ ਦੇ ਪਿਆਰ ਵਿਚ ਪਾਗਲ ਹੋਈ ਜਾਨਥਿਪ ਨੇ ਆਪਣੇ ਦਿਲ ਦਾ ਰਾਜ਼ ਖੋਲਿਆ।

ਕਪਤਾਨ ਨੇ ਆਪਣੇ ਜਿਗਰੀ ਦੋਸਤ ਲਈ, ਆਪਣਾ ਪਿਆਰ ਕੁਰਬਾਨ ਕਰ ਦਿੱਤਾ ਤੇ ਸਾਰੀ ਜ਼ਿੰਮੇਵਾਰੀ ਸੰਭਾਲ, ਦੋਵਾਂ ਦਾ ਵਿਆਹ ਸਿਰੇ ਚੜ੍ਹਾਇਆ।

ਸੁਹੱਪਣ ਤੇ ਗਿਆਨ ਦੇ ਮੇਲ ਨੇ, ਦੋਵਾਂ ਨੂੰ ਇਕ-ਦੂਜੇ ਦੇ ਪੂਰਕ ਬਣਾ ਦਿੱਤਾ ਸੀ। ਸੁਕਰਾਤ ਅਤੇ ਜਾਨਥਿਪ, ਰੂਹ ਦੇ ਹਾਣੀ ਬਣ ਗਏ ਸਨ।

ਉਠ ਦੀ ਪੂਛ ਵਰਗਾ ਸੁਕਰਾਤ, ਘਰ ਵਾਲੀ ਦੀ ਸੰਗਤ ਵਿਚ ਨਸ਼ਿਆਇਆ ਰਹਿੰਦਾ ਅਤੇ ਜਾਨਥਿਪ ਨੂੰ, ਘਰ ਵਾਲੇ ਦੇ ਮਿੱਠੇ ਬੋਲਾਂ ਦੀ, ਖੁਮਾਰੀ ਚੜ੍ਹੀ ਰਹਿੰਦੀ।

ਤੰਗੀਆਂ ਤੁਰਸ਼ੀਆਂ ਦੇ ਬਾਵਜੂਦ, ਉਹ ਦੋ ਜਿਸਮ ਪਰ ਇਕ ਜਾਨ ਸਨ। ਬੜੇ ਸੋਹਣੇ ਦਿਨ ਲੰਘ ਰਹੇ ਸਨ ਕਿ ਸਰਦੀ, ਆਣ ਉੱਤਰੀ।

ਸੁਕਰਾਤ ਦੀ ਗ਼ਰੀਬੀ ਨੇ ਤਾਂ, ਉਹਨੂੰ ਠੰਢ ਮਹਿਸੂਸ ਹੋਣੋਂ ਹਟਾ ਦਿੱਤੀ ਸੀ ਤੇ ਉਹ ਸਦਾ, ਠੰਢੇ ਪਾਣੀ ਨਾਲ ਹੀ ਨਹਾ ਲੈਂਦਾ। ਪਰ ਜਾਨਥਿਪ ਗਰਮ ਪਾਣੀ ਤੋਂ ਬਿਨਾਂ, ਨਹਾ ਹੀ ਨਹੀਂ ਸੀ ਸਕਦੀ।

ਦੋ ਤਿੰਨ ਦਿਨ, ਉਹ ਘੌਲ ਕਰਦੀ ਰਹੀ ਅਤੇ ਇਕ ਸਵੇਰ, ਮੂੰਹ ਹਨੇਰੇ, ਉਨੇ ਗਰਮ ਪਾਣੀ ਨਾਲ ਨਹਾਉਣ ਦਾ ਮਨਸੂਬਾ ਬਣਾ ਹੀ ਲਿਆ।

ਸੂਰਜ ਅਜੇ ਚੜ੍ਹਿਆ ਨਹੀਂ ਸੀ ਤੇ ਠੰਢੇ ਪਾਣੀ ਦੇ ਪਤੀਲੇ ਥੱਲੇ, ਚੁੱਲੇ ਵਿਚ ਲਾਈਆਂ ਗਿੱਲੀਆਂ ਲੱਕੜਾਂ, ਬਲਣੋਂ ਜੁਆਬ ਦੇਣ ਲੱਗੀਆਂ। ਧੂੰਆਂ ਧੁਖਦਿਆਂ, ਛਿੱਕਾਂ ਨੇ ਉਹਦਾ ਬੁਰਾ ਹਾਲ ਕਰ ਦਿੱਤਾ ਅਤੇ ਅੱਖਾਂ ਵਿਚੋਂ ਸਿੰਮਦੇ ਕੌੜੇ ਪਾਣੀ ਨੇ, ਉਹਦੇ ਨੱਕ ਵਿਚ ਦਮ ਕਰ ਛੱਡਿਆ।

ਉਹ ਰੋਣ-ਹਾਕੀ ਹੋਈ ਬੈਠੀ ਸੀ। ਸੁਕਰਾਤ ਤੋਂ ਉਹਦਾ ਹਾਲ ਦੇਖਿਆ ਨਾ ਗਿਆ ਤੇ ਉਹਨੇ ਪਤਨੀ ਨੂੰ ਚੁੱਲੇ ਮੂਹਰੋਂ ਉਠਾ, ਪਾਣੀ ਆਪ ਗਰਮ ਕਰਕੇ ਦਿੱਤਾ ਤੇ ਵਚਨ ਦਿੱਤਾ ਕਿ ਰਹਿੰਦੀ ਜ਼ਿੰਦਗੀ ਹਰ ਰੋਜ਼, ਉਹੀ ਪਤਨੀ ਦੇ ਨਹਾਉਣ ਲਈ ਪਾਣੀ ਗਰਮ ਕਰਿਆ ਕਰੇਗਾ। ਉਸ ਦਿਨ ਤੋਂ ਬਾਅਦ, ਕਦੇ ਕੋਈ ਇਹੋ ਜਿਹਾ ਦਿਨ ਨਹੀਂ ਚੜ੍ਹਿਆ, ਜਦੋਂ ਉਹਨੇ ਪਤਨੀ ਲਈ ਪਾਣੀ ਗਰਮ ਨਾ ਕੀਤਾ ਹੋਵੇ।

ਹਰ ਸਵੇਰ, ਗਰਮ ਪਾਣੀ ਨੂੰ ਬਾਲਟੀ ਵਿਚ ਉਲੱਦ, ਉਹ ਗੁਸਲਖਾਨੇ ਵਿਚ ਰੱਖਦਾ ਤੇ ਬੜੇ ਪਿਆਰ ਨਾਲ ਪਤਨੀ ਨੂੰ ਨਹਾਉਣ ਲਈ ਆਵਾਜ਼ ਦਿੰਦਾ। ਠੰਢ ਵਿਚ ਠਰਦੀ ਜਾਨਥਿਪ ਦਾ ਸਰੀਰ, ਗਰਮ ਪਾਣੀ ਨਾਲ ਨਹਾ ਕੇ ਖਿੜ ਜਾਂਦਾ ਤੇ ਉਹਦੇ ਮੂੰਹੋਂ ਸੁਕਰਾਤ ਲਈ ਸਦਾ ਹੀ, ਧੰਨਵਾਦ ਦੇ ਸ਼ਬਦ ਨਿਕਲਦੇ ਰਹਿੰਦੇ।

ਇਕ ਦੂਜੇ ਦੇ ਪਿਆਰ ਵਿਚ ਰੰਗੇ ਹੋਏ ਉਹ, ਸਦਾ ਮਸਤ ਰਹਿਣ ਲੱਗੇ। ਇਸੇ ਤਰਾਂ ਦਿਨ ਗੁਜ਼ਰਦੇ ਗਏ ਅਤੇ ਸਾਲ ਭਰ ਬਾਅਦ ਉਨ੍ਹਾਂ ਦੇ ਘਰ ਇਕ ਸੋਹਣੇ ਬਾਲਕ ਨੇ ਜਨਮ ਲਿਆ ਅਤੇ ਅਗਲੇ ਸਾਲ ਇਕ ਹੋਰ ਨੇ।

ਜਾਨਥਿਪ ਦੀਆਂ ਆਪਣੀਆਂ ਨਾ ਕੋਈ ਖ਼ਾਹਿਸ਼ਾਂ ਸਨ ਤੇ ਨਾ ਬਹੁਤੀਆਂ ਲੋੜਾਂ। ਪਰ ਉਹ ਚਾਹੁੰਦੀ ਸੀ ਕਿ ਉਹਦੇ ਪੁੱਤਰਾਂ ਨੂੰ ਕਦੇ ਵੀ ਕਿਸੇ ਚੀਜ਼ ਦੀ ਥਾਟ ਨਾ ਆਵੇ।

ਉਹਦੇ ਪੇਕਿਆਂ ਨੇ ਗ਼ਰੀਬ ਸੁਕਰਾਤ ਨਾਲ ਉਹਦੇ ਵਿਆਹ ਦਾ ਵਿਰੋਧ ਕੀਤਾ ਸੀ ਤੇ ਜਦੋਂ ਉਹ ਆਪਣੇ ਫੈਸਲੇ ਉੱਪਰ ਅਟੱਲ ਰਹੀ ਸੀ ਤਾਂ ਉਨ੍ਹਾਂ, ਉਹਦੇ ਨਾਲੋਂ ਸਾਰੇ ਸਬੰਧ ਤੋੜ ਲਏ ਸਨ।

ਸੁਕਰਾਤ ਦੀ ਆਮਦਨ ਦਾ ਕੋਈ ਪੱਕਾ ਵਸੀਲਾ ਨਹੀਂ ਸੀ। ਪਹਿਲਾਂ-ਪਹਿਲ, ਉਹ ਆਪਣੇ ਬੁੱਤ-ਘਾੜੇ ਪਿਉ ਨਾਲ ਹੱਥ ਵਟਾਉਂਦਾ ਰਿਹਾ ਸੀ ਤੇ ਉਹਦੀ ਮੌਤ ਤੋਂ ਬਾਅਦ, ਉਹਨੇ ਉਹ ਕੰਮ ਛੱਡ ਦਿੱਤਾ ਸੀ।

ਸੁਕਰਾਤ ਕੋਲ ਕੁਝ ਕੁ ਬੱਚੇ ਪੜ੍ਹਨ ਆਉਂਦੇ ਸਨ, ਜਿਨਾਂ 'ਚੋਂ ਥੋੜੇ ਜਿਹੇ ਉਹਨੂੰ ਫੀਸ ਦੇ ਛੱਡਦੇ ਤੇ ਬਾਕੀਆਂ ਤੋਂ ਉਹ, ਆਪਣੇ ਮੂੰਹੋਂ, ਕਦੇ ਕੁਝ ਨਾ ਮੰਗਦਾ।

ਘਰ ਦੀ ਆਰਥਿਕ ਹਾਲਤ ਖ਼ਰਾਬ ਹੋ ਰਹੀ ਸੀ ਤੇ ਉਹਦੇ ਆਪਣੇ ਪਰਿਵਾਰ ਦੀਆਂ ਲੋੜਾਂ, ਲਗਾਤਾਰ ਵਧ ਰਹੀਆਂ ਸਨ।

ਜਾਨਥਿਪ ਸਦਾ ਚਾਹੁੰਦੀ ਕਿ ਉਹਦੇ ਬੱਚਿਆਂ ਦੇ ਸੋਹਣੇ ਕੱਪੜੇ ਹੋਣ ਤੇ ਖਾਣ ਪੀਣ ਵਾਲੀਆਂ ਚੰਗੀਆਂ ਚੀਜ਼ਾਂ ਪਰ ਇਹ ਸਾਰਾ ਕੁਝ ਨੂੰ ਆਵੇ ਕਿੱਥੋਂ ?

ਉਹ ਗੁੰਮ-ਸੁੰਮ ਰਹਿਣ ਲੱਗੀ ਅਤੇ ਮੂੰਹੋਂ ਕੁਝ ਨਾ ਕੂੰਦੀ। ਸਮਾਂ ਆਪਣੀ ਚਾਲ ਚੱਲ ਰਿਹਾ ਸੀ ਤੇ ਫਿਰ, ਤੀਜੇ ਬਾਲਕ ਨੇ ਵੀ ਜਨਮ ਲੈ ਲਿਆ ਸੀ। ਤਿੰਨਾਂ ਦੇ ਤਨ ਢਕਣ ਲਈ, ਢੰਗ ਦੇ ਕੱਪੜੇ ਨਾ ਜੁੜਦੇ ਤੇ ਨਾ ਹੀ ਚੰਗਾ ਖਾਣ ਪੀਣ। ਜਾਨਥਿਪ ਅੰਦਰੇ ਅੰਦਰ, ਆਪਣੇ-ਆਪ ਨਾਲ ਘੁਲਦੀ ਰਹਿੰਦੀ। ਕਦੇ-ਕਦੇ ਹੱਦੋਂ ਵੱਧ ਦੁਖੀ ਹੋਈ ਦਾ ਉਹਦਾ ਆਪਣਾ ਮਨ, ਸੁਕਰਾਤ ਲਈ ਬੁਰਾਈ ਨਾਲ ਭਰ ਜਾਂਦਾ। ਉਹਨੂੰ ਮਹਿਸੂਸ ਹੁੰਦਾ, ਜਿਵੇਂ ਉਹਦਾ ਪਤੀ, ਦੁਨੀਆ ਦਾ ਸਭ ਤੋਂ ਨਖੱਟੂ ਆਦਮੀ ਹੋਵੇ।

ਉਹਨੂੰ ਲਗਦਾ ਕਿ, 'ਨਿਰੀ ਦਾਰਸ਼ਨਿਕਤਾ, ਕਿਸੇ ਨੂੰ ਰੋਟੀ ਨਹੀਂ ਦੇ ਸਕਦੀ।'

'ਉਹ ਵਿਚਾਰ ਕਿਸ ਕੰਮ ਦੇ, ਜਿਹੜੇ ਆਦਮੀ ਲਈ ਰੋਟੀ ਦਾ ਵਸੀਲਾ ਨਾ ਜੁਟਾ ਸਕਣ।'

ਲੋਕ ਸੁਕਰਾਤ ਦੀ ਇੱਜ਼ਤ ਤਾਂ ਕਰਦੇ ਸਨ ਪਰ ਕਦੇ ਵੀ ਕੋਈ ਉਹਦੀ ਆਮਦਨ ਦਾ ਜ਼ਰੀਆ ਨਾ ਬਣ ਸਕਿਆ।

ਇੱਜ਼ਤ ਤੋਂ ਵੀ ਪਹਿਲਾਂ, ਢਿੱਡ ਨੂੰ ਝੁਲਕਾ ਦੇਣ ਲਈ, ਰੋਟੀ ਦੀ ਲੋੜ ਹੁੰਦੀ ਹੈ, ਜਿਹੜੀ ਲੋੜ ਜੋਗੀ, ਕਦੇ ਵੀ ਨਹੀਂ ਸੀ ਜੁੜੀ।

ਘਰ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੁੰਦੀਆਂ ਵੇਖ, ਜਾਨਥਿਪ, ਕਦੇ-ਕਦੇ ਪਤੀ ਨਾਲ ਖਹਿਬੜ ਪੈਂਦੀ ਅਤੇ ਘਰ ਆਉਣ ਵਾਲੇ, ਉਹਦੇ ਦੋਸਤਾਂ ਦੇ ਸ਼ਾਗਿਰਦਾਂ ਸਾਹਮਣੇ, ਉਹਦਾ ਜਲੂਸ ਕੱਢੀ ਰੱਖਦੀ।

ਪਤਨੀ ਹਰ ਦਿਨ, ਨਵੀਆਂ ਲੋੜਾਂ ਦੀ ਪਰਚੀ ਬਣਾਈ ਰੱਖਦੀ ਤੇ ਪਤੀ ਨੂੰ ਕਮਾਈ ਦਾ ਸਾਧਨ ਨਾ ਸੁਝਦਾ। ਮਿੱਠ ਬੋਲੜੀ ਪਤਨੀ ਦੀ ਜ਼ੁਬਾਨ ਹੁਣ, ਨਿੰਮ ਵਰਗੀ ਕੌੜੀ ਹੋ ਗਈ ਸੀ। ਪਰ ਸੁਕਰਾਤ ਦੇ ਮੂੰਹ ਨੂੰ ਸਦਾ ਹੀ, ਚੁੱਪ ਦਾ ਜਿੰਦਰਾ ਲੱਗਾ ਰਹਿੰਦਾ।

ਜਦੋਂ ਪਤਨੀ ਦਾ ਦਿਮਾਗ਼, ਕੁਝ ਜ਼ਿਆਦਾ ਹੀ ਗਰਮ ਰਹਿਣ ਲੱਗਿਆ ਤੇ ਉਹ ਬਹੁਤ ਹੀ ਬੜਬੋਲੀ ਹੋ ਗਈ... ਤਾਂ ਸੁਕਰਾਤ, ਬਹੁਤ ਵਾਰੀ, ਉਦੋਂ ਘਰ ਵੜਦਾ, ਜਦੋਂ ਸਾਰਾ ਟੱਬਰ ਸੌਂ ਗਿਆ ਹੁੰਦਾ ਅਤੇ ਇਕ ਗੱਲ ਹੋਰ... ਹਰ ਸੁਬਹਾ ਬਿਨਾਂ ਨਾਗਾ, ਪਤਨੀ ਦੇ ਨਹਾਉਣ ਵਾਸਤੇ, ਸੁਕਰਾਤ ਗਰਮ ਪਾਣੀ ਕਰਨਾ ਕਦੇ ਨਾ ਭੁੱਲਦਾ।

ਉਹਨੂੰ ਸਮਾਜ ਪ੍ਰਤੀ, ਆਪਣੀਆਂ ਜ਼ਿੰਮੇਵਾਰੀਆਂ ਦਾ ਫ਼ਿਕਰ ਰਹਿੰਦਾ ਤੇ ਢਿੱਡ ਦੀ ਭੁੱਖ ਨੂੰ ਉਹ, ਸਦਾ ਦੋਇਮ ਰੱਖਦਾ।

ਉਹਦਾ ਮੰਨਣਾ ਸੀ ਕਿ ਮਨੁੱਖ ਨੂੰ, ਸਿਰਫ਼ ਖਾਣ ਲਈ ਨਹੀਂ ਜਿਊਣਾ ਚਾਹੀਦਾ... ਸਗੋਂ ਜਿਊਣ ਲਈ, ਰੁੱਖੀ- ਸੁੱਕੀ ਖਾ ਕੇ, ਡੰਗ ਟਪਾ ਲੈਣਾ ਚਾਹੀਦੈ।

ਇਕ ਦਿਨ ਸੁਕਰਾਤ, ਅੱਧੀ ਰਾਤੀਂ ਘਰ ਵੜਿਆ। ਆਪਣੇ ਸ਼ਾਗਿਰਦਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ, ਸਮਾਂ ਕਦੋਂ ਬੀਤ ਗਿਆ, ਉਹਨੂੰ ਪਤਾ ਹੀ ਨਾ ਲੱਗਾ।

ਘਰ ਵੜਨ ਸਾਰ, ਸਵੇਰ ਲਈ ਪਾਣੀ ਦਾ ਪਤੀਲਾ ਭਰ, ਉਹਨੇ ਚੁੱਲੇ ਉੱਪਰ ਟਿਕਾਇਆ ਅਤੇ ਵਿਹੜੇ ਦੀ ਇਕ ਨੁੱਕਰ ਵਿਚ ਬੈਠ ਕੁਝ ਸੋਚਣ ਲੱਗਾ।

ਉਹਦੇ ਵਿਦਿਆਰਥੀਆਂ ਦੇ ਕੁਝ ਸਵਾਲ ਸਨ, ਜਿਨਾਂ ਦਾ ਉੱਤਰ, ਉਹਨੇ ਲੱਭ ਕੇ ਦੱਸਣਾ ਸੀ।

ਸਵਾਲਾਂ ਦੀਆਂ ਘੁੰਮਣ-ਘੇਰੀਆਂ, ਉਹਦੇ ਦਿਮਾਗ ਵਿਚ ਵਾਵਰੋਲੇ ਬਣ ਖਹਿੰਦੀਆਂ ਰਹੀਆਂ ਤੇ ਉਨ੍ਹਾਂ ਦੇ ਜਵਾਬ ਟੋਲਦੇ-ਟੋਲਦੇ, ਸਾਰੀ ਦੀ ਸਾਰੀ ਰਾਤ ਉਹਦੇ ਸਿਰ ਉੱਪਰੋਂ ਲੰਘ ਗਈ।

ਮੁਰਗੇ ਦੀ ਬਾਂਗ ਨਾਲ, ਉਹਦੀ ਪਤਨੀ ਉੱਠ ਬੈਠੀ ਪਰ ਸੁਕਰਾਤ ਉਸੇ ਤਰਾਂ ਹੀ ਬੈਠਾ ਰਿਹਾ ਆਪਣੀ ਧੁਨ 'ਚ ਮਸਤ।

ਪਿਛਲੇ ਦੋ ਦਿਨਾਂ ਤੋਂ, ਜਾਨਥਿਪ ਦਾ ਸਰੀਰ ਟੁੱਟ ਰਿਹਾ ਸੀ ਤੇ ਪਿਛਲੀ ਸਾਰੀ ਰਾਤ, ਉਹਨੇ ਉੱਸਲ-ਵੱਟੇ ਲੈਂਦਿਆਂ ਲੰਘਾਈ ਸੀ।

ਹੁਣ ਉਹਦਾ ਮਨ ਸੀ, ਕਿ ਗਰਮ-ਗਰਮ ਪਾਣੀ ਨਾਲ ਇਸ਼ਨਾਨ ਕਰੇ ਤਾਂ ਕਿ ਉਹਦਾ ਸਰੀਰ ਕੁਝ ਵੱਤ ਹੋਵੇ ਤੇ ਉਹ ਘਰ ਦੇ ਕੰਮਾਂ ਨੂੰ ਹੱਥ ਪਾਵੇ।

ਉਹ ਚੁੱਲੇ ਵੱਲ ਅਹੁਲੀ ਤਾਂ ਪਾਣੀ ਦਾ ਭਰਿਆ ਪਤੀਲਾ, ਠੰਢਾ ਠਾਰ ਦਿਸਿਆ। ਉਹਦੇ ਹੱਡ-ਪੈਰ, ਪੀੜੋ-ਪੀੜ ਹੋ ਰਹੇ ਸਨ ਤੇ ਸਿਰ 'ਚ, ਜਿਵੇਂ ਕੋਈ ਹਥੌੜੇ ਮਾਰ ਰਿਹਾ ਸੀ। ਨਿਸੱਤੀ ਹੋਈ ਨੂੰ, ਉਹਨੂੰ ਗੁੱਸਾ ਪਾਰੇ ਵਾਂਗ ਚੜ੍ਹ ਗਿਆ ਤੇ ਉਹਦਾ ਜੀਅ ਕੀਤਾ ਕਿ ਪਤੀ ਨੂੰ, ਉਹ ਟੋਕਰਾ-ਭਰ ਕੇ ਗਾਲਾਂ ਦੇਵੇ ਪਰ ਬੁਖ਼ਾਰ ਨੇ, ਉਹਦੇ ਸਾਹ-ਸਤ ਸੂਤ ਲਏ ਸਨ ਤੇ ਬੋਲਣ ਨੂੰ ਉਹਦੀ ਵੱਢੀ ਰੂਹ ਨਾ ਕੀਤੀ।

ਅਚਾਨਕ, ਉਹਦੇ ਦਿਮਾਗ ਵਿਚ, ਇਕ ਮਾੜੇ ਖਿਆਲ ਨੇ ਆਣ ਦਸਤਕ ਦਿੱਤੀ... ਉਹਨੇ ਠੰਢੇ-ਠਾਰ ਪਾਣੀ ਦਾ ਭਰਿਆ ਪਤੀਲਾ ਚੁੱਕਿਆ ਅਤੇ ਸੋਚਾਂ ਵਿਚ ਗੁੰਮ, ਆਪਣੇ ਪਤੀ ਦੇ ਸਿਰ ਉੱਪਰ ਡੋਲ ਦਿੱਤਾ ਪਰ ਉਹਦਾ ਗੁੱਸਾ, ਫਿਰ ਵੀ ਸ਼ਾਂਤ ਹੋਣ ਦਾ ਨਾ ਨਹੀਂ ਸੀ ਲੈ ਰਿਹਾ।

ਸੁਕਰਾਤ ਇਕ ਵਾਰ ਤਾਂ ਠਠੰਬਰ ਗਿਆ ਅਤੇ ਠੰਢੇ ਪਾਣੀ ਨੇ ਉਹਦਾ ਦੰਦੋੜਿੱਕਾ ਵੱਜਣ ਲਾ ਦਿੱਤਾ। ਗੁੱਸੇ ਵਿਚ ਆਫਰੀ ਹੋਈ ਪਤਨੀ ਵੱਲ ਵੇਖ, ਉਹ ਸਾਰੀ ਕਹਾਣੀ ਸਮਝ ਗਿਆ।

ਸ਼ਾਂਤ ਚਿੱਤ ਬੈਠੇ ਨੂੰ, ਉਹਨੂੰ ਕਾਂਬਾ ਲੱਗਣ ਲੱਗਾ ਪਰ ਉਹਦੀ ਘਰ ਵਾਲੀ ਤਾਂ, ਢਾਕਾਂ ਉੱਪਰ ਹੱਥ ਧਰੀ, ਅੱਖਾਂ ਵਿਚੋਂ ਅੱਗ ਦੇ ਸ਼ੋਅਲੇ ਬਰਸਾ ਰਹੀ ਸੀ। ਉਹਦੀ ਹਾਲਤ ਵੇਖ, ਸੁਕਰਾਤ ਦਾ ਹਾਸਾ ਨਿਕਲ ਗਿਆ ਤੇ ਪਤਨੀ ਵੱਲ ਮਿੱਠਾ-ਮਿੱਠਾ ਝਾਕਦਿਆਂ,

ਬਾਕੀ ਸਫ਼ਾ 30 'ਤੇ


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਜੈਵਿਕ ਹਥਿਆਰਾਂ ਦਾ ਵਿਸ਼ਵ ਉਪਰ ਮੰਡਰਾ ਰਿਹਾ ਖ਼ਤਰਾ



**ਬਲਰਾਜ ਸਿੰਘ ਸਿੱਧੂ**
95011-00062

2020 ਦੀ ਸ਼ੁਰੂਆਤ ਤੋਂ ਹੀ ਅਮਰੀਕਾ, ਆਸਟ੍ਰੇਲੀਆ, ਫਰਾਂਸ ਅਤੇ ਇੰਗਲੈਂਡ ਆਦਿ ਦੇਸ਼ਾਂ ਦੇ ਕਈ ਚੋਟੀ ਦੇ ਜਰਾਸੀਮ ਵਿਗਿਆਨਕ ਅਤੇ ਫ਼ੌਜੀ ਮਾਹਿਰ ਇਹ ਸ਼ੰਕਾ ਜ਼ਾਹਿਰ ਕਰ ਰਹੇ ਸਨ ਕਿ ਸੰਸਾਰ 'ਚ ਤਬਾਹੀ ਮਚਾਉਣ ਵਾਲਾ ਕੋਰੋਨਾ ਵਾਇਰਸ ਕੁਦਰਤੀ ਨਹੀਂ ਬਲਕਿ ਇਸ ਦੀ ਉਤਪਤੀ ਚੀਨ ਦੇ ਵੁਹਾਨ ਸ਼ਹਿਰ ਦੀ ਕਿਸੇ ਪ੍ਰਯੋਗਸ਼ਾਲਾ ਵਿਚ ਹੋਈ ਹੈ। ਉਨਾਂ ਮੁਤਾਬਕ ਚੀਨ ਨੇ ਇਸ ਵਾਇਰਸ ਨੂੰ ਕੈਮੀਕਲ ਯੁੱਧ ਵਾਸਤੇ ਤਿਆਰ ਕੀਤਾ ਸੀ ਪਰ ਇਹ ਕਿਸੇ ਤਰਾਂ ਪ੍ਰਯੋਗਸ਼ਾਲਾ ਵਿੱਚੋਂ ਲੀਕ ਹੋ ਗਿਆ ਸੀ। ਉਂਜ ਉਸ ਸਮੇਂ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਇਸ ਗੱਲ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਕਿਉਂਕਿ ਚੀਨ ਡਬਲਯੂਐੱਚਓ ਨੂੰ ਹਰ ਸਾਲ ਕਰੋੜਾਂ ਡਾਲਰ ਦਾ ਅਨੁਦਾਨ ਦਿੰਦਾ ਹੈ।

ਅੰਤਰਰਾਸ਼ਟਰੀ ਮੀਡੀਆ ਨੇ ਵੀ ਇਸ ਗੱਲ ਨੂੰ ਪੱਛਮੀ ਦੇਸ਼ਾਂ ਦਾ ਚੀਨ ਵਿਰੋਧੀ ਪ੍ਰਾਪੇਗੰਡਾ ਸਮਝ ਕੇ ਬਹੁਤਾ ਧਿਆਨ ਨਾ ਦਿੱਤਾ। ਡਬਲਯੂਐੱਚਓ ਦੇ ਇਸ ਵਤੀਰੇ ਕਾਰਨ ਹੀ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡਬਲਯੂਐੱਚਓ ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਅਮਰੀਕਾ ਵੱਲੋਂ ਦਿੱਤਾ ਜਾ ਰਿਹਾ ਅਨੁਦਾਨ ਬੰਦ ਕਰ ਦਿੱਤਾ ਸੀ। ਪਰ ਹੁਣ ਕਈ ਨਵੇਂ ਤੱਥ ਅਤੇ ਠੋਸ ਸਬੂਤ ਸਾਹਮਣੇ ਆਉਣ ਤੋਂ ਬਾਅਦ ਸਾਰਾ ਦ੍ਰਿਸ਼ ਬਦਲ ਗਿਆ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਇਸ ਸਬੰਧੀ ਜਾਂਚ ਕਰ ਕੇ 90 ਦਿਨਾਂ ਵਿਚ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੌਲਾ ਤਾਂ ਬਹੁਤ ਪਾਇਆ ਸੀ ਕਿ ਕੋਰੋਨਾ ਚੀਨ ਦੀ ਵੁਹਾਨ ਪ੍ਰਯੋਗਸ਼ਾਲਾ 'ਚ ਪੈਦਾ ਕੀਤਾ ਗਿਆ ਸੀਪਰ ਉਸ ਦੇ ਰੋਜ਼ਾਨਾ ਦਿੱਤੇ ਜਾਂਦੇ ਊਲ-ਜਲੂਲ ਬਿਆਨਾਂ ਕਾਰਨ ਕਿਸੇ ਨੇ ਉਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਸੀ ਲਿਆ। ਹੁਣ ਡਬਲਯੂਐੱਚਓ ਸਮੇਤ ਸਾਰੇ ਸੰਸਾਰ ਦੀ ਇਕ ਰਾਇ ਬਣ ਗਈ ਹੈ ਕਿ ਇਸ ਵਾਇਰਸ ਦੀ ਸ਼ੁਰੂਆਤ ਦੀ ਤਹਿ ਤਕ ਪਹੁੰਚਿਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਦਾ ਕੋਈ ਠੋਸ ਇਲਾਜ ਲੱਭਿਆ ਜਾ ਸਕੇ।

ਵੁਹਾਨ ਦੀ ਪੀ-4 ਪ੍ਰਯੋਗਸ਼ਾਲਾ ਜਿੱਥੇ ਇਸ ਵਾਇਰਸ ਦੀ ਉਤਪਤੀ ਹੋਣ ਦਾ ਸ਼ੱਕ ਹੈ, ਚੀਨ ਦੀ ਹਵਾਈ ਫ਼ੌਜ ਦੇ ਵਿਗਿਆਨਕਾਂ ਦੁਆਰਾ ਸੰਚਾਲਿਤ ਕੀਤੀ ਜਾ ਰਹੀ ਹੈ ਅਤੇ ਇਕ ਮੇਜਰ ਜਨਰਲ ਰੈਂਕ ਦਾ ਅਫ਼ਸਰ ਇਸ ਦਾ ਇੰਚਾਰਜ ਹੈ। ਸੰਨ 2015 ਵਿਚ ਜਦੋਂ ਅਮਰੀਕਾ ਅਤੇ ਚੀਨ ਦੇ ਸਬੰਧ ਬੇਹੱਦ ਖ਼ਰਾਬ ਸਥਿਤੀ ਵਿਚ ਪਹੁੰਚ ਗਏ ਸਨ ਤਾਂ ਚੀਨ ਨੇ ਆਪਣੀ ਫ਼ੌਜ ਵਿਚ ਵਿਗਿਆਨੀਆਂ ਨੂੰ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਵੇਲੇ ਚੀਨ ਨੇ ਅਮਰੀਕਾ ਨੂੰ ਛਿਪੀ ਹੋਈ ਧਮਕੀ ਵੀ ਦਿੱਤੀ ਸੀ ਕਿ ਉਸ ਦੀ ਫ਼ੌਜ, ਅਮਰੀਕੀ ਫ਼ੌਜ ਨਾਲੋਂ ਕਿਤੇ ਬਿਹਤਰ ਹੈ। ਇਸ ਲਈ ਅਮਰੀਕਾ ਉਸ ਨਾਲ ਬਰਾਬਰੀ ਕਰਨ ਦਾ ਭਰਮ ਨਾ ਪਾਲੇ।

ਚੀਨ ਦੀ ਇਸ ਧਮਕੀ ਦਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਬਹੁਤ ਬੁਰਾ ਮਨਾਇਆ ਸੀ। ਉਨਾਂ ਦਿਨਾਂ ਵਿਚ ਹੀ ਆਸਟ੍ਰੇਲੀਆ ਦੇ ਇਕ ਖੋਜੀ ਪੱਤਰਕਾਰ ਨੇ ਆਪਣੇ ਆਰਟੀਕਲ ਵਿਚ ਦਾਅਵਾ ਕੀਤਾ ਸੀ ਕਿ ਚੀਨ ਦੇ ਰੱਖਿਆ ਮੰਤਰੀ ਨੇ ਕਿਹਾ ਹੈ ਕਿ ਤੀਸਰੀ ਸੰਸਾਰ ਜੰਗ ਹੋਣ ਦੀ ਸੂਰਤ ਵਿਚ ਚੀਨ ਆਪਣੇ ਕੈਮੀਕਲ ਹਥਿਆਰਾਂ ਦੇ ਸਿਰ 'ਤੇ ਜਿੱਤ ਜਾਵੇਗਾ। ਇਸ ਰਿਪੋਰਟ ਵਿਚ ਵਜ਼ਨ ਲੱਗਦਾ ਹੈ ਕਿਉਂਕਿ 2015 ਵਿਚ ਹੀ ਚੀਨ ਨੇ ਕੈਮੀਕਲ ਹਥਿਆਰਾਂ ਦੇ ਉਤਪਾਦਨ ਲਈ ਵਿਗਿਆਨੀਆਂ ਨੂੰ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕੀਤਾ ਸੀ। ਅਮਰੀਕੀ ਸੂਹੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਚੀਨ ਵਿਚ ਕੋਰੋਨਾ ਫੈਲਣ ਤੋਂ ਕੁਝ ਦਿਨ ਪਹਿਲਾਂ ਨਵੰਬਰ 2019 ਵਿਚ ਵੁਹਾਨ ਪ੍ਰਯੋਗਸ਼ਾਲਾ ਦੇ ਤਿੰਨ ਵਿਗਿਆਨੀ ਕੋਰੋਨਾ ਦੀ ਲਾਗ ਲੱਗਣ ਕਾਰਨ ਹਸਪਤਾਲ ਵਿਚ ਦਾਖ਼ਲ ਕੀਤੇ ਗਏ ਸਨ। ਇਸ ਤੋਂ 20 ਕੁ ਦਿਨ ਬਾਅਦ ਦਸੰਬਰ 2019 ਵਿਚ ਚੀਨ ਨੇ ਡਬਲਯੂਐੱਚਓ ਨੂੰ ਕੋਰੋਨਾ ਵਾਇਰਸ ਦੇ ਚੀਨ ਵਿਚ ਫੈਲਣ ਬਾਰੇ ਸੂਚਨਾ ਦਿੱਤੀ ਸੀ। ਹੁਣ ਇਹ ਵੀ ਸਵਾਲ ਉਠਾਇਆ ਜਾ ਰਿਹਾ ਹੈ ਕਿ ਉਸ ਸਮੇਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕੋਰੋਨਾ ਰੋਕਣ ਲਈ ਚੀਨ ਦੀ ਸਾਰੀ ਅੰਦਰੂਨੀ ਆਵਾਜਾਈ 'ਤੇ ਤਾਂ ਰੋਕ ਲਗਾ ਦਿੱਤੀ ਸੀ ਪਰ ਅੰਤਰਰਾਸ਼ਟਰੀ ਹਵਾਈ ਅਤੇ ਸਮੁੰਦਰੀ ਆਵਾਜਾਈ 'ਤੇ ਰੋਕ ਕਿਉਂ ਨਹੀਂ ਸੀ ਲਗਾਈ? ਸਾਫ਼ ਹੈ ਕਿ ਚੀਨ ਦੀ



ਮਨਸ਼ਾ ਠੀਕ ਨਹੀਂ ਸੀ ਅਤੇ ਇਸ ਆਵਾਜਾਈ ਕਾਰਨ ਹੀ ਕੋਰੋਨਾ ਬਾਕੀ ਦੇਸ਼ਾਂ ਵਿਚ ਫੈਲਿਆ ਹੈ।

ਇਕ ਹੋਰ ਗੱਲ ਜੋ ਸ਼ੱਕ ਪੈਦਾ ਕਰਦੀ ਹੈ, ਉਹ ਇਹ ਹੈ ਕਿ ਚੀਨ ਨੇ ਜਨਵਰੀ 2020 ਵਿਚ ਹੀ ਆਪਣੇ ਸਾਰੇ ਹਸਪਤਾਲਾਂ ਵਿਚ ਕੋਰੋਨਾ ਟੈਸਟ ਕਿੱਟਾਂ ਮੁਹੱਈਆ ਕਰਵਾ ਦਿੱਤੀਆਂ ਸਨ ਜਦਕਿ ਬਾਕੀ ਦੇਸ਼ਾਂ ਨੂੰ ਇਨਾਂ ਕਿੱਟਾਂ ਬਾਰੇ ਅਜੇ ਕੋਈ ਪਤਾ ਹੀ ਨਹੀਂ ਸੀ। ਇਸ ਤੋਂ ਇਲਾਵਾ ਜਿਸ ਤੇਜ਼ੀ ਨਾਲ ਚੀਨ ਨੇ ਆਪਣੇ ਦੇਸ਼ ਅੰਦਰ ਕੋਰੋਨਾ 'ਤੇ ਕਾਬੂ ਪਾਇਆ, ਉਹ ਵੀ ਹੈਰਾਨੀਜਨਕ ਹੈ। ਇਹ ਕਾਰਨਾਮਾ ਸਿਰਫ਼ ਉਹ ਦੇਸ਼ ਹੀ ਕਰ ਸਕਦਾ ਹੈ ਜਿਸ ਨੂੰ ਇਸ ਵਾਇਰਸ ਦੀ ਸੰਰਚਨਾ ਅਤੇ ਇਲਾਜ ਬਾਰੇ ਪਹਿਲਾਂ ਤੋਂ ਹੀ ਪਤਾ ਹੋਵੇ। ਅੱਜ ਜਦੋਂ ਸਾਰਾ ਸੰਸਾਰ ਕੋਰੋਨਾ ਦੀ ਜਕੜ ਵਿਚ ਫਸਿਆ ਹੋਇਆ ਹੈ, ਚੀਨ ਵਿਚ ਕੋਰੋਨਾ ਦਾ ਨਾਮੋ-ਨਿਸ਼ਾਨ ਵੀ ਨਹੀਂ ਹੈ। ਚੀਨ ਸੰਸਾਰ ਦਾ ਇੱਕੋ-ਇੱਕ ਦੇਸ਼ ਹੈ ਜਿਸ ਦੀ ਆਰਥਿਕਤਾ ਕੋਰੋਨਾ ਕਾਲ ਵਿਚ ਵੀ ਤਰੱਕੀ ਦੀਆਂ ਪੌੜੀਆਂ ਚੜ੍ਹ ਰਹੀ ਹੈ ਜਦੋਂਕਿ ਅਮਰੀਕਾ ਅਤੇ ਭਾਰਤ ਸਮੇਤ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਦੀ ਆਰਥਿਕਤਾ ਇਕ ਵਾਰ ਤਾਂ ਤਬਾਹੀ ਦੇ ਕੰਢੇ ਪੁੱਜ ਗਈ ਸੀ। ਚੀਨ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਕੈਮੀਕਲ ਹਥਿਆਰਾਂ ਦੇ ਸਾਹਮਣੇ ਐਟਮੀ ਸ਼ਕਤੀ ਦਾ ਕੋਈ ਮਹੱਤਵ ਨਹੀਂ ਰਹਿ ਗਿਆ। ਐਟਮ ਬੰਬ ਵਰਤ ਕੇ ਸਾਰੇ ਸੰਸਾਰ ਤੋਂ ਬਦਨਾਮੀ ਖੱਟਣ ਦੀ ਬਜਾਏ ਚੁੱਪ-ਚਾਪ ਕਿਸੇ ਦੇਸ਼ ਵਿਚ ਜਰਾਸੀਮ ਛੱਡ ਕੇ ਵੀ ਉਸ ਨੂੰ ਤਬਾਹ ਕੀਤਾ ਜਾ ਸਕਦਾ ਹੈ। ਹੁਣ ਕਿਸੇ ਦੇਸ਼ ਦੀ ਸੈਨਿਕ ਸ਼ਕਤੀ ਉਸ ਦੇ ਐਟਮੀ ਹਥਿਆਰਾਂ ਦੀ ਗਿਣਤੀ ਦੀ ਬਜਾਏ ਉਸ ਕੋਲ ਮੌਜੂਦ ਕੈਮੀਕਲ ਹਥਿਆਰਾਂ ਦੀ ਮਾਰੂ ਸ਼ਕਤੀ ਤੋਂ ਮਿੱਥੀ ਜਾਇਆ ਕਰੇਗੀ।

ਕਈ ਦਹਾਕਿਆਂ ਤੋਂ ਚੀਨ ਦੀ ਇੱਛਾ ਅਮਰੀਕਾ ਨੂੰ ਪਛਾੜ ਕੇ ਸੰਸਾਰ ਦੀ ਸਭ ਤੋਂ ਵੱਡੀ ਸੈਨਿਕ ਅਤੇ ਆਰਥਿਕ ਸ਼ਕਤੀ ਬਣਨ ਦੀ ਹੈ। ਸੰਨ 2001 ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੇ ਕਿਹਾ ਸੀ ਕਿ ਰੂਸ ਨਾਲ ਠੰਢੀ ਜੰਗ ਖ਼ਤਮ ਹੋਣ ਤੋਂ ਬਾਅਦ ਹੁਣ ਸਿਰਫ਼ ਚੀਨ ਹੀ ਅਮਰੀਕਾ ਦਾ ਇੱਕੋ-ਇੱਕ ਸੈਨਿਕ ਮੁਕਾਬਲੇਬਾਜ਼ ਰਹਿ ਗਿਆ ਹੈ। ਜੇ ਕਿਤੇ ਅਮਰੀਕਾ 'ਤੇ ਅਲ ਕਾਇਦਾ ਵੱਲੋਂ 9-11 ਵਾਲਾ ਹਮਲਾ ਨਾ ਕੀਤਾ ਗਿਆ ਹੁੰਦਾ ਤਾਂ ਸ਼ਾਇਦ ਚੀਨ ਤੇ ਅਮਰੀਕਾ ਬਹੁਤ ਪਹਿਲਾਂ ਹੀ ਕਿਸੇ ਨਾ ਕਿਸੇ ਸੰਘਰਸ਼ ਵਿਚ ਉਲਝ ਗਏ ਹੁੰਦੇ।

9-11 ਤੋਂ ਬਾਅਦ ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਸਾਰਾ ਜ਼ੋਰ ਅੰਤਰਰਾਸ਼ਟਰੀ ਅੱਤਵਾਦ ਅਤੇ ਅਫ਼ਗਾਨਿਸਤਾਨ ਦੀ ਜੰਗ ਵੱਲ ਲੱਗ ਗਿਆ ਅਤੇ ਚੀਨ ਵਾਲਾ ਮੁੱਦਾ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਇਸੇ ਕਾਰਨ ਪੱਛਮੀ ਦੇਸ਼ਾਂ ਦਾ ਧਿਆਨ ਚੀਨ ਵੱਲੋਂ ਵੁਹਾਨ ਵਿਚ ਕੀਤੇ ਜਾ ਰਹੇ ਕੋਝੇ ਪ੍ਰਯੋਗਾਂ ਵੱਲੋਂ ਹਟ ਗਿਆ ਤੇ ਚੀਨ ਚੁੱਪ-ਚਾਪ ਆਪਣੇ ਕੰਮ ਵਿਚ ਲੱਗਾ ਰਿਹਾ। ਅਲ ਕਾਇਦਾ ਵੱਲੋਂ ਅਮਰੀਕਾ 'ਤੇ ਕੀਤਾ ਗਿਆ ਹਮਲਾ ਚੀਨ ਬਾਕੀ ਸਫ਼ਾ 31 'ਤੇ

# ਚੀਨ ਤੋਂ ਭੰਗ ਹੋਇਆ ਵਿਸ਼ਵ ਭਾਈਚਾਰੇ ਦਾ ਮੋਹ

**ਬ੍ਰਹਮ ਚੇਲਾਨੀ**

ਪਿਛਲੇ ਕੁਝ ਸਮੇਂ ਤੋਂ ਆਲਮੀ ਪੱਧਰ 'ਤੇ ਅਜਿਹੀਆਂ ਸੁਰਾਂ ਉੱਭਰੀਆਂ ਹਨ, ਜਿਨਾਂ ਦਾ ਜ਼ੋਰ ਇਸ ਗੱਲ ਦੀ ਡੂੰਘਾਈ ਨਾਲ ਪੜਤਾਲ ਕਰਨ 'ਤੇ ਹੈ ਕਿ ਕੋਰੋਨਾ ਵਾਇਰਸ ਵੁਹਾਨ ਲੈਬ 'ਚੋਂ ਨਿਕਲਿਆ। ਜੇ ਅਜਿਹਾ ਹੋਇਆ ਹੈ ਤਾਂ ਕੋਵਿਡ-19 ਮਹਾਂਮਾਰੀ 'ਤੇ ਪਰਦਾ ਪਾਉਣ ਦੀ ਚੀਨੀ ਕੋਸ਼ਿਸ਼ ਨੂੰ ਇਸ ਸਦੀ ਦਾ ਸਭ ਤੋਂ ਵੱਡਾ ਅਪਰਾਧ ਮੰਨਿਆ ਜਾਵੇਗਾ। ਆਲਮੀ ਜੰਗ ਦੀ ਤਰਾਂ ਹੀ ਇਹ ਮਹਾਂਮਾਰੀ ਵੀ ਪੂਰੀ ਦੁਨੀਆ ਲਈ ਨਿਰਣਾਇਕ ਬਣ ਗਈ ਹੈ। ਜਿੱਥੋਂ ਇਹ ਮਹਾਂਮਾਰੀ ਨਿਕਲੀ, ਉਸ ਦੇਸ਼ ਨੂੰ ਛੱਡ ਕੇ ਉਸ ਦੀ ਤਬਾਹੀ ਦੇ ਖ਼ਤਰਨਾਕ ਨਿਸ਼ਾਨ ਦੁਨੀਆ ਭਰ 'ਚ ਦੇਖੇ ਜਾ ਰਹੇ ਹਨ। ਚੀਨ ਹੀ ਇਸ ਤੋਂ ਸਭ ਤੋਂ ਘੱਟ ਪ੍ਰਭਾਵਿਤ ਹੋਣ ਵਾਲਾ ਦੇਸ਼ ਹੈ।

ਇਹ ਤੱਥ ਵੀ ਘੱਟ ਅਜੀਬ ਨਹੀਂ ਕਿ ਮਹਾਂਮਾਰੀ ਤੋਂ ਉਪਜੀ ਜਿਸ ਆਲਮੀ ਦਸ਼ਾ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ, ਉਹ ਚੀਨ ਲਈ ਵਿਆਪਕ ਆਰਥਿਕ ਲਾਭ ਦਾ ਕਾਰਨ ਬਣੀ। ਮਹਾਂਮਾਰੀ ਦੌਰਾਨ ਉਸ ਦਾ ਅਰਥਚਾਰਾ ਤੇਜ਼ੀ ਨਾਲ ਵਧਦਾ-ਫੁੱਲਦਾ ਰਿਹਾ ਤੇ ਉਸ ਦਾ ਨਿਰਯਾਤ ਵੀ ਵਧਦਾ ਹੀ ਗਿਆ।

ਜੇ ਕਿਸੇ ਹੋਰ ਦੇਸ਼ ਤੋਂ ਨਿਕਲਿਆ ਅਜਿਹਾ ਕੋਈ ਖ਼ਤਰਨਾਕ ਵਾਇਰਸ ਦੁਨੀਆ ਭਰ 'ਚ ਮਹਾਂਮਾਰੀ ਫੈਲਾ ਕੇ ਉੱਥਲ-ਪੁੱਥਲ ਮਚਾਉਂਦਾ ਤਾਂ ਯਕੀਨਨ ਉਹ ਆਲਮੀ ਕਟਹਿਰੇ 'ਚ ਖੜ੍ਹਾ ਹੁੰਦਾ ਪਰ ਚੀਨ ਹੁਣ ਤਕ ਇਸ ਮਹਾਂਮਾਰੀ ਦੀ ਜ਼ਿੰਮੇਵਾਰੀ ਤੋਂ ਬਚਦਾ ਰਿਹਾ ਹੈ। ਏਨਾ ਹੀ ਨਹੀਂ ਉਹ ਕੋਰੋਨਾ ਵਾਇਰਸ ਦੇ ਪੈਦਾ ਹੋਣ ਨੂੰ ਲੈ ਕੇ ਡੂੰਘਾਈ ਨਾਲ ਜਾਂਚ ਦੀ ਦਿਸ਼ਾ ਨੂੰ ਭਟਕਾਉਣ 'ਚ ਸਫਲ ਹੋਇਆ ਹੈ। ਕੋਰੋਨਾ ਦੀ ਉਤਪਤੀ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਡੂੰਘਾਈ ਨਾਲ ਜਾਂਚ ਕੀਤੇ ਜਾਣ 'ਚ ਦੇਰੀ ਨਾਲ ਦਿਖਾਈ ਗਈ ਦਿਲਚਸਪੀ ਦੇ ਬਾਵਜੂਦ ਆਲਮੀ ਭਾਈਚਾਰੇ ਦਾ ਧਿਆਨ ਮਹਾਂਮਾਰੀ ਦੀ ਜੜ੍ਹ 'ਚ ਜਾਣ ਦੀ ਬਜਾਏ ਤਬਾਹੀ ਮਚਾ ਰਹੇ ਉਸ ਦੇ ਵੱਖ-ਵੱਖ ਰੂਪਾਂ 'ਤੇ ਕਿਤੇ ਜ਼ਿਆਦਾ ਹੈ।

ਸਾਲ 2002-03 'ਚ ਦਸਤਕ ਦੇਣ ਵਾਲੀ ਸਾਰਸ ਮਹਾਂਮਾਰੀ ਤੋਂ ਬਾਅਦ ਆਲਮੀ ਸਿਹਤ ਸੰਗਠਨ (ਡਬਲਿਊਐੱਚਓ) ਨੇ ਮੈਂਬਰ ਦੇਸ਼ਾਂ ਲਈ ਇੰਟਰਨੈਸ਼ਨਲ ਹੈਲਥ ਰੈਗੂਲੇਸ਼ਨ ਦੇ ਨਾਂ ਨਾਲ ਇਕ ਨਿਯਮਾਂਵਲੀ ਜਾਰੀ ਕੀਤੀ ਸੀ। ਇਸ ਦੇ ਅਨੁਛੇਦ-6 'ਚ ਚੀਨ ਸਮੇਤ ਹਰੇਕ ਮੈਂਬਰ ਦੇਸ਼ ਲਈ ਇਹ ਤਜਵੀਜ਼ ਹੈ ਕਿ ਕਿਸੇ ਦੇਸ਼ ਨੂੰ ਆਪਣੇ ਖੇਤਰ 'ਚ ਆਲਮੀ ਜੋਖਮ ਵਧਾਉਣ ਵਾਲੀ ਸਿਹਤ ਸਮੱਸਿਆ ਨੂੰ ਲੈ ਕੇ ਸੂਚਨਾਵਾਂ ਇਕੱਤਰ ਕਰ ਕੇ ਡਬਲਿਊਐੱਚਓ ਨੂੰ 24 ਘੰਟਿਆਂ ਦੇ ਅੰਦਰ ਸੂਚਿਤ ਕਰਨਾ ਹੋਵੇਗਾ। ਫਿਰ ਵੀ ਚੀਨ ਨੇ ਇਸ ਨਿਯਮ ਦੀ ਉਲੰਘਣਾ ਕੀਤੀ।



ਡਬਲਿਊਐੱਚਓ ਦੇ ਇਕ ਆਲਮੀ ਪੈਨਲ ਨੇ ਇਕ ਹਾਲੀਆ ਰਿਪੋਰਟ 'ਚ ਇਹ ਸਵੀਕਾਰ ਕੀਤਾ ਕਿ ਉਸ ਨੂੰ ਵੁਹਾਨ 'ਚ ਕੋਵਿਡ-19 ਬਾਰੇ ਪਹਿਲੀ ਵਾਰ ਸੂਚਨਾ ਤਾਈਵਾਨ 'ਚ ਛਪੀ ਖ਼ਬਰ ਤੇ ਇਕ ਆਟੋਮੇਟਿਡ ਅਲਰਟ ਸਿਸਟਮ ਤੋਂ ਮਿਲੀ, ਜਿਸ ਨੇ ਇਕ ਅਜੀਬੋ-ਗ਼ਰੀਬ ਨਿਊਮੋਨੀਆ ਬਾਰੇ ਦੱਸਿਆ ਸੀ। ਇਕ ਹੋਰ ਪਹਿਲੂ ਨੇ ਕੋਰੋਨਾ ਦੀ ਉਤਪਤੀ 'ਤੇ ਪਰਦਾ ਪਾਉਣ ਦੀਆਂ ਚੀਨੀ ਕੋਸ਼ਿਸ਼ਾਂ 'ਚ ਮਦਦ ਕੀਤੀ। ਦਰਅਸਲ ਅਮਰੀਕੀ ਸਰਕਾਰ ਦੀਆਂ ਏਜੰਸੀਆਂ ਨੇ 2014 ਤੋਂ ਹੀ ਵੁਹਾਨ ਦੀ ਖ਼ਤਰਨਾਕ ਲੈਬ ਵੁਹਾਨ ਇੰਸਟੀਚਿਊਟ ਆਫ ਵਾਇਰੋਲਾਜੀ ਨੂੰ ਵਿੱਤੀ ਮਦਦ ਮੁਹੱਈਆ ਕਰਵਾਈ। ਬਾਇਡਨ ਨੇ ਆਪਣਾ ਕਾਰਜਭਾਰ ਸੰਭਾਲਦਿਆਂ ਹੀ ਡਬਲਿਊਐੱਚਓ ਨਾਲ ਅਮਰੀਕਾ ਦੀ ਟੁੱਟੀ ਕੜੀ ਜੋੜ ਕੇ ਡੋਨਾਲਡ ਟਰੰਪ ਵੱਲੋਂ ਇਸ ਸੰਸਥਾ 'ਚ ਸੁਧਾਰ ਲਈ ਬਣਾਏ ਗਏ ਦਬਾਅ ਨੂੰ ਵਿਅਰਥ ਕਰ ਦਿੱਤਾ। ਬਾਇਡਨ ਨੇ 26 ਜਨਵਰੀ ਨੂੰ ਇਕ ਨੋਟਿਸ 'ਤੇ ਦਸਤਖ਼ਤ ਕੀਤੇ, ਜਿਸ 'ਚ ਮਹਾਂਮਾਰੀ ਦੇ ਪੈਦਾ ਹੋਣ ਨੂੰ ਲੈ ਕੇ ਕਿਸੇ ਭੂਗੋਲਿਕ ਪਛਾਣ ਨੂੰ ਨਸਲੀ ਦੱਸਣ ਦੀ ਤਜਵੀਜ਼ ਸੀ। ਇਸ ਦਾ ਮਤਲਬ ਇਹ ਸੀ ਕਿ ਬਾਇਡਨ ਨੇ ਚੀਨ ਨੂੰ ਵਾਇਰਸ ਦਾ ਸ੍ਰੋਤ ਨਾ ਮੰਨਣ ਨੂੰ ਅਮਰੀਕਾ ਦੀ ਅਧਿਕਾਰਕ ਨੀਤੀ ਬਣਾ ਦਿੱਤਾ। ਹਾਲਾਂਕਿ ਵਾਇਰਸ ਦੇ ਵੱਖ-ਵੱਖ ਰੂਪਾਂ ਦੀ ਭੂਗੋਲਿਕ ਉਤਪਤੀ ਦੇ ਜ਼ਿਕਰ ਤੋਂ ਪ੍ਰਹੇਜ਼ ਨਹੀਂ ਕੀਤਾ ਜਾ ਰਿਹਾ।

ਸਵਾਲ ਇਹ ਹੈ ਕਿ ਆਖ਼ਰ ਅਮਰੀਕੀ ਏਜੰਸੀਆਂ ਨੇ ਚੀਨੀ ਫ਼ੌਜ ਨਾਲ ਜੁੜੀ ਵੁਹਾਨ ਦੀ ਲੈਬ ਨੂੰ ਰਕਮ ਕਿਉਂ ਦਿੱਤੀ? ਇਸ 'ਤੇ 15 ਜਨਵਰੀ ਨੂੰ ਅਮਰੀਕੀ ਵਿਦੇਸ਼ ਵਿਭਾਗ ਦੀ ਫੈਕਟਸ਼ੀਟ 'ਚ ਕਿਹਾ ਗਿਆ ਹੈ ਕਿ ਅਮਰੀਕਾ ਨੂੰ ਯਕੀਨ ਹੈ ਕਿ ਵੁਹਾਨ ਲੈਬ ਨੇ ਗੁਪਤ ਪ੍ਰਾਜੈਕਟਾਂ 'ਤੇ ਚੀਨੀ ਫ਼ੌਜ ਨਾਲ ਮਿਲ ਕੇ ਕੰਮ ਕੀਤਾ ਹੈ। ਇਸ ਸੂਰਤ 'ਚ ਖੋਜ ਤੇ ਅਧਿਐਨ 'ਚ ਸਹਿਯੋਗ ਅਤੇ ਵਿੱਤੀ ਮਦਦ ਦੇਣ ਵਾਲੇ ਦੇਸ਼ਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਤੈਅ ਕਰਨ ਕਿ ਕੀ ਉਨਾਂ ਦੀ ਖੋਜ ਦੇ ਨਤੀਜੇ ਨੂੰ ਗੁਪਤ ਚੀਨੀ ਫ਼ੌਜੀ ਪ੍ਰਾਜੈਕਟਾਂ ਲਈ ਵੀ ਭੇਜਿਆ ਗਿਆ।

ਫੈਕਟਸ਼ੀਟ 'ਚ ਜੈਵਿਕ ਹਥਿਆਰਾਂ ਨੂੰ ਲੈ ਕੇ ਚੀਨ ਦੀ ਮਨਸ਼ਾ 'ਤੇ ਵੀ ਸਵਾਲ ਉਠਾਏ ਗਏ ਹਨ ਕਿ 46 ਸਾਲ ਪਹਿਲਾਂ ਜੈਵਿਕ ਹਥਿਆਰ ਕਨਵੈਨਸ਼ਨ ਤਹਿਤ ਤੈਅ ਅੜਿੱਕਿਆਂ ਦੇ ਬਾਵਜੂਦ ਚੀਨ ਨੇ ਆਪਣੇ ਜੈਵਿਕ ਹਥਿਆਰ ਖੋਜ ਪ੍ਰੋਗਰਾਮ ਨੂੰ ਖ਼ਤਮ ਨਹੀਂ ਕੀਤਾ।

ਮਹਾਂਮਾਰੀ ਦੀ ਜੜ੍ਹ ਦੀ ਪੜਤਾਲ ਹੋਰ ਵੀ ਕਈ ਕਾਰਨਾਂ ਤੋਂ ਮਹੱਤਵਪੂਰਨ ਹੈ। ਦਰਅਸਲ ਇਹ ਚੀਨ 'ਚੋਂ ਨਿਕਲੀ ਪਹਿਲੀ ਜਾਨਲੇਵਾ ਬਿਮਾਰੀ ਨਹੀਂ, ਜਿਸ ਨੇ ਦੁਨੀਆ ਨੂੰ ਆਪਣੀ ਲਪੇਟ 'ਚ ਲਿਆ। ਇਸ ਤੋਂ ਪਹਿਲਾਂ ਵੀ 1957 ਦੇ ਏਸ਼ੀਅਨ ਫਲੂ, 1968 ਦੇ ਹਾਂਗਕਾਂਗ ਫਲੂ ਤੇ 1977 ਦੇ ਰਸ਼ੀਅਨ ਫਲੂ ਜਿਹੀਆਂ ਇਨਫਲੂਐਂਜ਼ਾ ਮਹਾਂਮਾਰੀਆਂ ਦੀ ਸ਼ੁਰੂਆਤ ਚੀਨ ਤੋਂ ਹੀ ਹੋਈ ਸੀ। ਨਵੀਂ ਖੋਜ ਅਨੁਸਾਰ ਕਰੀਬ ਪੰਜ ਕਰੋੜ ਲੋਕਾਂ ਦੀ ਜਾਨ ਲੈਣ ਵਾਲਾ 1918 ਦਾ ਸਪੈਨਿਸ਼ ਫਲੂ ਵੀ ਚੀਨ 'ਚ ਹੀ ਪੈਦਾ ਹੋਇਆ ਸੀ ਤੇ ਇੱਥੋਂ ਹੀ ਦੁਨੀਆ ਭਰ 'ਚ ਫੈਲਿਆ।

ਕੋਵਿਡ ਵੀ ਚੀਨ ਤੋਂ ਨਿਕਲੀ ਪਹਿਲੀ ਕੋਰੋਨਾ ਵਾਇਰਸ ਤੋਂ ਪੈਦਾ ਹੋਈ ਆਫ਼ਤ ਨਹੀਂ ਹੈ ਤੇ ਨਾ ਹੀ ਚੀਨ ਪਹਿਲੀ ਵਾਰ ਤੱਥਾਂ 'ਤੇ ਪਰਦਾ ਪਾਉਣ ਦਾ ਕੰਮ ਕਰ ਰਿਹਾ ਹੈ। 2002-03 'ਚ 21ਵੀਂ ਸਦੀ ਦੀ ਪਹਿਲੀ ਮਹਾਂਮਾਰੀ ਸਾਰਸ ਦੇ ਮਾਮਲੇ 'ਚ ਵੀ ਉਹ ਅਜਿਹਾ ਕਰ ਚੁੱਕਿਆ ਹੈ। ਕੋਰੋਨਾ ਵਾਇਰਸ ਦੀ ਪੂਰੀ ਕੁੰਡਲੀ ਸਮਝਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਭਵਿੱਖ 'ਚ ਅਜਿਹੀ ਕਿਸੇ ਆਫ਼ਤ ਨਾਲ ਨਜਿੱਠਣ ਦੀ ਲੋੜੀਂਦੀ ਤਿਆਰੀ ਕੀਤੀ ਜਾ ਸਕੇ।

ਚੀਨ ਆਪਣਾ ਦਾਮਨ ਬਚਾਉਣ ਦੀ ਕੋਸ਼ਿਸ਼ 'ਚ ਜੁਟਿਆ ਹੋਇਆ ਹੈ ਪਰ ਉਸ 'ਤੇ ਆਲਮੀ ਭਾਈਚਾਰੇ ਦੀ ਬੇਭਰੋਸਗੀ ਵੀ ਵਧੀ ਹੈ। ਇਸ ਨੇ ਵੀ ਮਹਾਂਮਾਰੀ ਦੀ ਪੂਰੀ ਅਸਲੀਅਤ ਜਾਣਨ 'ਚ ਦਿਲਚਸਪੀ ਵਧਾਈ ਹੈ। ਵੁਹਾਨ ਲੈਬ ਤੋਂ ਵਾਇਰਸ ਲੀਕ ਹੋਣ ਦੀ ਘਟਨਾ 'ਚ ਯਕੀਨ ਕਰਨ ਵਾਲੇ ਆਲਮੀ ਵਿਗਿਆਨੀਆਂ ਦੀ ਗਿਣਤੀ 'ਚ ਇਜ਼ਾਫ਼ਾ ਹੁੰਦਾ ਜਾ ਰਿਹਾ ਹੈ।

ਮਹਾਂਮਾਰੀ ਤੋਂ ਹੋਏ ਨੁਕਸਾਨ ਦਾ ਚੀਨ ਤੋਂ ਮੁਆਵਜ਼ਾ ਮੰਗਣ ਦੇ ਪੱਖ 'ਚ ਪਿਛਲੇ ਸਾਲ ਉੱਠ ਰਹੀਆਂ ਆਲਮੀ ਆਵਾਜ਼ਾਂ ਨੂੰ ਚੀਨ ਨੇ ਹਮਲਾਵਰ ਰੁਖ਼ ਨਾਲ ਦਬਾ ਦਿੱਤਾ। ਇਸ ਸਾਲ ਟਰੰਪ ਤੋਂ ਇਲਾਵਾ ਕੋਈ ਵੀ ਅਜਿਹੀ ਮੰਗ ਨਹੀਂ ਕਰ ਰਿਹਾ ਕਿਉਂਕਿ ਅਜਿਹਾ ਕੋਈ ਵੀ ਕਦਮ ਗ਼ੈਰ-ਵਿਵਹਾਰਕ ਜ਼ਿਆਦਾ ਹੈ। ਉੱਥੇ ਹੀ ਬੀਜਿੰਗ ਦੀ ਆਲਮੀ ਤਾਕਤ ਤੇ ਰੁਤਬਾ ਵੀ ਅਸਰ ਦਿਖਾ ਰਿਹਾ ਹੈ। ਇਸ ਨੂੰ ਕੋਵਿਡ-19 ਦੀ ਮਿਹਰਬਾਨੀ ਹੀ ਕਿਹਾ ਜਾਵੇਗਾ ਕਿ ਤਮਾਮ ਦੇਸ਼ਾਂ ਨੇ ਚੀਨ 'ਤੇ ਨਿਰਭਰ ਸਪਲਾਈ ਲੜੀ ਨੂੰ ਲੈ ਕੇ ਸਖ਼ਤ ਸਬਕ ਸਿੱਖੇ ਹਨ।

ਚੀਨ ਤੋਂ ਆਲਮੀ ਭਾਈਚਾਰੇ ਦਾ ਮੋਹ ਭੰਗ ਹੋਇਆ ਹੈ। ਬਦਲਦੇ ਹਾਲਾਤ 'ਚ ਲੈਬ-ਲੀਕ ਥਿਊਰੀ ਮੁੱਖ ਧਾਰਾ 'ਚ ਜਗ੍ਹਾ ਬਣਾਉਂਦੀ ਜਾ ਰਹੀ ਹੈ। ਇਸ ਸੂਰਤ 'ਚ ਵੁਹਾਨ ਲੈਬ ਨੂੰ ਲੈ ਕੇ ਅਮਰੀਕਾ ਦੀ ਅਧਿਕਾਰਕ ਜਾਂਚ ਕੋਵਿਡ ਦੇ ਮੂਲ ਨੂੰ ਲੈ ਕੇ ਸਥਿਤੀ ਸਪੱਸ਼ਟ ਕਰਨ 'ਚ ਚੀਨ 'ਤੇ ਦਬਾਅ ਵਧਾਵੇਗੀ। ਕੁੱਲ ਮਿਲਾ ਕੇ ਚੀਨ ਨੂੰ ਆਪਣੇ ਕਰਮਾਂ ਦਾ ਅੰਜਾਮ ਭੁਗਤਣਾ ਹੀ ਪਵੇਗਾ। ਉਸ ਦੇ ਮਾਣ-ਸਨਮਾਨ ਤੇ ਅਕਸ 'ਤੇ ਜੋ ਗ੍ਰਹਿਣ ਲੱਗੇਗਾ, ਉਹ ਕਿਸੇ ਵੀ ਹਰਜਾਨੇ ਨਾਲੋਂ ਕਿਤੇ ਜ਼ਿਆਦਾ ਵੱਡਾ ਹੋਵੇਗਾ।

*ਲੇਖਕ ਆਲਮੀ ਮਾਮਲਿਆਂ ਦਾ ਜਾਣਕਾਰ ਹੈ

# ਸੂਰਮਤਾਈ ਦਾ ਮੁਜੱਸਮਾ ਬਾਬਾ ਬੰਦਾ ਸਿੰਘ ਬਹਾਦਰ

**ਸਰਬਜੀਤ ਕੌਰ 'ਸਰਬ'**

ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਰਾਜ ਦਾ ਮੋਢੀ ਸੀ ਜੋ ਇਕ ਸੂਰਬੀਰ ਯੋਧਾ ਤੇ ਕੌਮ 'ਤੇ ਆਪਣਾ ਆਪਾ ਵਾਰਨ ਵਾਲਾ ਗੁਰੂ ਦਾ ਬਹਾਦਰ ਸਪੂਤ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਉਹ ਗੁਰੂ ਦੇ ਮੇਲ ਹੈ ਤੋਂ ਹੀ ਬੰਦਾ ਬਣਿਆ ਸੀ । 'ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉਤਮ ਦਰਜੇ ਦਾ ਸਿੱਖ ਯੋਧਾ ਸੀ । ਪ੍ਰਸਿੱਧ ਇਤਿਹਾਸਕਾਰ ਮੈਕਲੇਗਰ ਅਨੁਸਾਰ, 'ਬੰਦਾ ਸਿੰਘ ਬਹਾਦਰ ਬਹਾਦਰਾਂ ਤੇ ਜਰਨੈਲਾਂ ਵਿਚ ਉੱਚੀ ਥਾਂ ਰੱਖਦਾ ਸੀ ।' ਜੇਕਰ ਗੱਲ ਬੰਦਾ ਸਿੰਘ ਬਹਾਦਰ ਦੇ ਬਚਪਨ ਦੀ ਕੀਤੀ ਜਾਵੇ ਤਾਂ ਉਨਾਂ ਦਾ ਨਾਂ 'ਲਛਮਣ ਦੇਵ' ਸੀ, ਪਿਤਾ ਦਾ ਨਾਮ 'ਰਾਮ ਦੇਵ' ਸੀ, ਜੋ ਭਾਰਦਵਾਜ ਰਾਜਪੂਤ ਸੀ । ਬੰਦਾ ਸਿੰਘ ਦੀ ਹਾਲਤ ਆਮ ਲੋਕਾਂ ਵਾਂਗ ਹੀ ਸੀ, ਪਰ ਰਾਜਪੂਤ ਦਾ ਪੁੱਤਰ ਹੋਣ ਕਰਕੇ ਨਿੱਕਿਆਂ ਹੁੰਦਿਆਂ ਹੋਇਆ ਹੀ ਉਹ ਸੱਭ ਹੁਨਰ ਸਿੱਖ ਲਏ, ਜੋ ਰਾਜਪੂਤਾਂ ਲਈ ਜ਼ਰੂਰੀ ਸਨ। ਬੰਦਾ ਸਿੰਘ ਬਹਾਦਰ ਨੂੰ ਸ਼ਿਕਾਰ ਦਾ ਬਹੁਤ ਸ਼ੌਕ ਸੀ ਅਤੇ ਉਸ ਸਮੇਂ ਤੀਰ ਕਮਾਨ ਦਾ ਵੀ ਬਹੁਤ ਰਿਵਾਜ ਸੀ। ਬੰਦਾ ਸਿੰਘ ਬਹਾਦਰ ਨੂੰ ਆਪਣਾ ਸ਼ੌਕ ਪੂਰਾ ਕਰਨ ਲਈ ਬਹੁਤ ਮੌਕੇ ਮਿਲਦੇ ਸਨ । ਕਿਸ ਨੂੰ ਪਤਾ ਸੀ ਕਿ ਇਸ ਸ਼ਿਕਾਰੀ ਦਾ ਦਿਲ ਐਸਾ ਕਮਜ਼ੋਰ ਹੋ ਜਾਵੇਗਾ ਜੋ ਇਕ ਸੱਟ ਨੂੰ ਦੇਖ ਕੇ ਵੈਰਾਗੀ ਬਣ ਜਾਵੇਗਾ। ਗੱਲ ਉਸ ਸਮੇਂ ਦੀ ਹੈ ਜਦੋ ਲਛਮਣ ਦਾਸ ਸ਼ਿਕਾਰ ਲਈ ਜੰਗਲ ਗਿਆ ਤੇ ਸ਼ਿਕਾਰ ਵਿਚ ਹਰਨੀ ਮਾਰੀ ਗਈ, ਜਦੋਂ ਉਸ ਦਾ ਢਿੱਡ ਚੀਰਿਆ ਗਿਆ ਤਾਂ ਉਸ ਵਿਚੋਂ ਦੋ ਬੱਚੇ ਨਿਕਲੇ, ਜੋ ਅੱਖਾਂ ਸਾਹਮਣੇ ਹੀ ਤੜਪ ਕੇ ਮਰ ਗਏ। ਇਸ ਘਟਨਾ ਨਾਲ ਸ਼ਿਕਾਰੀ ਮਨ ਨੇ ਠੋਕਰ ਖਾਧੀ ਤੇ ਦੁਨੀਆ ਤੋਂ ਉਦਾਸ ਹੋ ਗਿਆ, ਇਸ ਦੇ ਨਾਲ ਹੀ ਉਸ ਦੀ ਹਰ ਇਕ ਚੀਜ਼ ਤੋਂ ਉਪਰਮਤਾ ਜਹੀ ਹੋ ਗਈ । ਅਜਿਹੇ ਸਮੇਂ ਵਿਚ ਜਾਨਕੀ ਪ੍ਰਸ਼ਾਦ ਨਾਲ ਮੁਲਾਕਾਤ ਹੋ ਗਈ, ਜਿਸ ਦੀ ਸਿੱਖਿਆ ਨਾਲ ਅਜਿਹਾ ਅਸਰ ਲਛਮਨ ਦਾਸ ਦੇ ਮਨ ਤੇ ਹੋਇਆ ਕਿ ਉਹ ਘਰ ਬਾਰ ਛੱਡ ਕੇ ਵੈਰਾਗੀ ਬਣ ਗਿਆ ਤੇ ਇਸ ਵੈਰਾਗੀ ਭੇਖ ਵੱਲੋਂ ਆਪ ਦਾ ਨਾਂ ਮਾਧੋ ਦਾਸ ਪੈ ਗਿਆ । 'ਇਸ ਮਾਧੋ ਦਾਸ ਦਾ ਮਿਲਾਪ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ ਤਾਂ ਉਸ ਦੇ ਦਿਲ ਨੂੰ ਠੋਕਰ ਲੱਗੀ ਅਤੇ ਮਨ ਮੰਨ ਗਿਆ ਕਿ ਇਹ ਮੇਰੇ ਸਾਹਿਬ ਹਨ ਅਤੇ ਮੈਂ ਇਨਾਂ ਦਾ ਬੰਦਾ ਹਾਂ, ਬੰਦਾ ਸਿੰਘ ਬਹਾਦਰ ਜਿਸ ਤਰਾਂ ਤੂਫਾਨ ਬਣ ਕੇ ਪੰਜਾਬ ਵਿਚ ਵਿਚਰਿਆ ਸੀ ਉਸ ਨੇ ਪੰਜਾਬ ਦੀ ਮੁਗਲ ਹਕੂਮਤ ਨੂੰ ਦੇਖਦਿਆਂ ਹੀ ਦੇਖਦਿਆਂ ਉਲਟਾ ਦਿੱਤਾ।

ਇਸ ਤਰਾਂ ਦਾ ਕੰਮ ਕੋਈ ਸੂਖਮ ਸੋਚ ਵਾਲਾ ਜੁਝਾਰੂ ਯੋਧਾ ਤੇ ਜੰਗੀ ਜਰਨੈਲ ਹੀ ਕਰ ਸਕਦਾ ਹੈ । ਬਾਬਾ ਬੰਦਾ ਸਿੰਘ ਬਹਾਦਰ ਇਕ ਅਜਿਹਾ ਸੂਰਬੀਰ ਬਹਾਦਰ ਸੀ ਜੋ ਆਪਣੀ ਕਹਿਣੀ ਤੇ ਕਰਨੀ ਦਾ ਪ੍ਰਪੱਕ ਤੇ ਅਕਿਦੇ ਦਾ ਧਾਰਨੀ ਗੁਰੂ ਦਾ ਸਿੱਖ ਸੀ। ਬਾਬਾ ਬੰਦਾ ਸਿੰਘ ਬਹਾਦਰ ਉਹ ਸੂਰਮਾ ਸੀ ਜਿਸ ਵਿਚ ਵੀਰ ਨਾਇਕ ਦੀਆਂ ਉਹ ਸਾਰੀਆਂ ਵਿਸ਼ੇਸ਼ਤਾਵਾਂ ਸਨ ਜੋ ਉਸ ਦੇ ਨਾਇਕਤਵ ਨੂੰ ਰੋਸ਼ਨ ਕਰਦੀਆਂ ਸਨ, ਇਨਾਂ ਗੁਣਾ ਸਦਕੇ ਹੀ ਸਿੱਖ ਧਰਮ ਦੇ ਇਤਿਹਾਸ ਵਿਚ ਉਸ ਨੂੰ ਸਿੱਖ ਰਾਜ ਦਾ ਮੋਢੀ ਕਿਹਾ ਜਾਂਦਾ ਹੈ ।

ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੀ ਦਾਸਤਾਨ ਅਜਿਹੀ ਸੀ ਜਿਸ ਨੂੰ ਸੁਣ ਕੇ ਮਨੋ ਵਿਸ਼ਵਾਸ ਨਹੀਂ ਹੁੰਦਾ ਕਿ ਕੋਈ ਇਨਾਂ ਵੀ ਜਾਲਮ ਹੁੰਦਾ ਹੈ । 'ਮਾਰਚ 1715 ਈ: ਨੂੰ ਜਦੋਂ ਬਾਦਸ਼ਾਹ ਫ਼ਰਖ਼ਸੀਅਰ ਨੇ ਬੰਦਾ ਸਿੰਘ ਬਹਾਦਰ ਦੀ

**ਸ਼ਹੀਦੀ ਦਿਵਸ ਤੇ ਵਿਸ਼ੇਸ਼**

ਗ੍ਰਿਫ਼ਤਾਰੀ ਦਾ ਬੜਾ ਸਖ਼ਤ ਹੁਕਮ ਜਾਰੀ ਕੀਤਾ ਤਾਂ ਅਬਦੁੱਸਮੱਦ ਖ਼ਾਂ ਦਲੇਰੇ-ਜੰਗ ਪੰਜਾਬ ਦੇ ਸਾਰੇ ਫ਼ੌਜਦਾਰਾਂ ਤੇ ਚੌਧਰੀਆਂ ਨੂੰ ਨਾਲ ਲੈ ਕੇ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਫੜਨ ਲਈ ਚੜਿਆ। ਕੋਟ ਮਿਰਜ਼ਾ ਜਾਨ ਕੋਲ ਆਪਸੀ ਝੜਪ ਵਿਚ ਥੋੜੀ ਜੇਹੀ ਲੜਾਈ ਪਿਛੋਂ ਸਿੱਖ ਗੁਰਦਾਸ ਨੰਗਲ ਦੀ ਗੜੀ ਚਲੇ ਗਏ । ਇਹ ਗੜੀ ਗੁਰਦਾਸਪੁਰ ਜ਼ਿਲੇ ਵਿਚ ਗੁਰਦਾਸ ਨੰਗਲ ਦੀ ਗੜੀ ਨਾਲ ਮਸ਼ਹੂਰ ਸੀ ਜਿਸ ਦੇ ਅੰਦਰ ਬਾਬਾ ਬੰਦਾ ਸਿੰਘ ਬਹਾਦਰ ਤੇ ਉਨਾਂ ਦੇ ਸਿੰਘ ਸੂਰਮੇ ਬੈਠੇ ਸਨ ਜਿਨਾਂ ਨੂੰ ਦੁਸ਼ਮਣਾਂ ਦੀ ਲੱਖਾਂ ਗਿਣਤੀ ਨੇ ਇਸ ਗੜੀ ਵਿਚ ਘੇਰਾ ਪਾ ਲਿਆ ਸੀ । ਦਲੇਰੇ-ਜੰਗ ਦੇ ਇਸ ਘੇਰੇ ਦੀ ਖ਼ਬਰ ਬਾਦਸ਼ਾਹ ਕੋਲ 17 ਅਪ੍ਰੈਲ 1715 ਈ. ਨੂੰ ਪੁੱਜ ਗਈ । ਸਿੰਘ ਸੈਂਕੜਿਆਂ ਦੀ ਗਿਣਤੀ ਵਿਚ ਸਨ ਤੇ ਮੁਗ਼ਲ ਸੈਨਾ ਲੱਖਾਂ ਵਿਚ ਦੀ ਗਿਣਤੀ ਮੌਜੂਦ ਸੀ, ਇਤਿਹਾਸ ਵਿਚ ਇਹ ਘੇਰਾ ਸੱਭ ਤੋਂ ਲੰਮਾ ਘੇਰਾ ਸੀ ਜੋ ਤਕਰੀਬਨ ਅੱਠ ਮਹੀਨੇ ਕਾਇਮ ਰਿਹਾ।' ਘੇਰਾ ਹੋਣ ਦੇ ਬਾਵਜੂਦ ਵੀ ਕੋਈ ਮੁਗਲ ਸੈਨਿਕ ਗੜੀ ਦੇ ਅੰਦਰ ਦਾਖ਼ਲ ਹੋਣ ਦੀ ਹਿੰਮਤ ਨਹੀਂ ਸੀ ਕਰ ਸਕਿਆ । ਇਸ ਤੋਂ ਪਤਾ ਚੱਲ ਜਾਂਦਾ ਹੈ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਧਰਮ ਦਾ ਉਹ ਨਾਇਕ ਸੀ ਜਿਸ ਦੀ ਅਗਵਾਈ ਵਿਚ ਸਿੱਖ ਕੌਮ ਨੇ ਸੂਰਬੀਰਾਂ ਦੀ ਕੌਮ ਦਾ ਇਤਿਹਾਸ ਸਿਰਜਿਆ। ਇਤਿਹਾਸ ਦਾ ਇਹ ਉਹ ਘੇਰਾ ਸੀ ਜਿਸ ਵਿਚ ਸਿੱਖ ਕੌਮ ਦੇ ਵੀਰ ਨਾਇਕਾ ਦੇ ਸਬਰ ਤੇ ਸਿਦਕ ਨੂੰ ਪਰਖਿਆ ਗਿਆ ਸੀ, ਜਿਸ ਨੂੰ ਦੇਣ ਵਿਚ ਉਹ ਕਾਮਯਾਬ ਵੀ ਹੋਏ । 'ਅੰਤ ਮੁਗ਼ਲ ਸੈਨਾਂ ਨੇ ਇਸ ਕੂਟ ਨੀਤੀ ਦਾ ਆਸਰਾ ਲੈ ਕੇ ਸਿੱਖ ਯੋਧਿਆ ਨਾਲ ਧੋਖਾ ਕੀਤਾ । ਉਨਾਂ ਨੇ ਬੰਦਾ ਸਿੰਘ ਨੂੰ ਕੁਝ ਸ਼ਰਤਾਂ ਭੇਜੀਆਂ, ਇਨਾਂ ਸ਼ਰਤਾਂ ਦੀ ਪੁਸ਼ਟੀ ਵਾਸਤੇ ਉਨਾਂ ਨੇ ਕੁਰਾਨ ਸ਼ਰੀਫ਼ ਦੀਆਂ ਕਸਮਾਂ ਖਾਧੀਆਂ ਤੇ ਬੰਦਾ ਸਿੰਘ ਵਾਸਤੇ ਕੁਝ ਨਜ਼ਰਾਨਾ ਭੇਜਿਆ, ਵਿਸ਼ਵਾਸ਼ ਕਰ ਕੇ ਬੰਦਾ ਸਿੰਘ ਨੇ ਹਾਲਾਤਾ ਨੂੰ ਵੇਖਦੇ ਹੋਏ ਸ਼ਰਤ ਮੰਨ ਲਈ ਤੇ 17 ਦਸੰਬਰ 1715 ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਗੜੀ ਦਾ ਬੂਹਾ ਖੋਲ ਦਿੱਤਾ ਪਰ ਮੁਗ਼ਲਾਂ ਨੇ ਸਭ ਕਸਮਾਂ ਭੁਲਾ ਕੇ ਬੰਦਾ ਸਿੰਘ ਨੂੰ ਤੇ ਉਨਾਂ ਨਾਲ ਭੁੱਖੇ ਤਿਹਾਏ ਲਗਭਗ ਸਾਢੇ ਸੱਤ ਸੌ ਸਿੰਘਾਂ ਸਮੇਤ ਗ੍ਰਿਫਤਾਰ ਕੀਤਾ ਗਿਆ । 'ਗ੍ਰਿਫਤਾਰੀ ਮਗਰੋ ਲਾਹੌਰ ਤੋਂ ਜ਼ਕਰੀਆ ਖਾਂ ਦੀ ਨਿਗਰਾਨੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਿੱਲੀ ਨੂੰ ਤੋਰ ਦਿੱਤਾ। ਬੰਦਾ ਸਿੰਘ ਨੂੰ ਇਸ ਤਰਾਂ ਜਕੜਿਆ ਹੋਇਆ ਸੀ ਜਿਵੇਂ ਕਿਸੇ ਸ਼ੇਰ ਨੂੰ ਕੈਦ ਕੀਤਾ ਗਿਆ ਸੀ, ਪੈਂਰੀ ਬੇੜੀਆਂ, ਗੋਡਿਆਂ ਛੱਲੇ, ਲੱਕ ਦੁਆਲੇ ਸੰਗਲ ਤੇ ਗੱਲ ਵਿਚ ਕੁੰਡਲ ਪਾਏ ਹੋਏ ਸਨ । ਇਨਾਂ ਨੂੰ ਲੱਕੜੀ ਦੇ ਡੰਡਿਆਂ ਨਾਲ ਗੰਢਿਆਂ ਹੋਇਆ ਸੀ । ਜੰਜ਼ੀਰਾਂ ਵਿਚ ਜਕੜੇ ਹੋਏ ਜਰਨੈਲ ਨੂੰ ਪਿੰਜਰੇ ਵਿਚ ਬੰਦ ਕਰਕੇ ਹਾਥੀ ਉੱਤੇ ਬੈਠਾਇਆ ਹੋਇਆ ਸੀ । ਇਕ ਨੰਗੀ ਤਲਵਾਰ ਸਿਪਾਈ ਨੂੰ ਫੜਾਈ ਗਈ ਸੀ ਤਾਂ ਜੋ ਬਾਬਾ ਬੰਦਾ ਸਿੰਘ ਬਹਾਦਰ ਉਸ ਪਿੰਜਰੇ ਤੋਂ ਬਾਹਰ ਨਾ ਨਿਕਲਣ । ਇਹ ਇਸ ਗੱਲ ਦਾ ਸਬੂਤ ਸੀ ਕਿ ਅਜੇ ਵੀ ਮੁਗਲ ਸੈਨਾ ਦੇ ਮਨਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਏਨਾ ਖ਼ੌਫ ਸੀ ।

'ਔਰਗਾਬਾਦੀ ਅਨੁਸਾਰ ਜਦ ਸਿੱਖਾਂ ਨੇ ਇਸਲਾਮ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਸ਼ਾਹੀ ਹੁਕਮ ਜਾਰੀ ਹੋਇਆ ਕਿ ਰੋਜ਼ਾਨਾ ਸੌ-ਸੌ ਸਿੱਖਾਂ ਨੂੰ ਕਤਲ ਕਰ ਕੇ ਸ਼ਹਿਰ ਘੁਮਾਇਆ ਜਾਏ।' ਪਰ ਇਨਾਂ ਸਿੰਘਾਂ ਵਿਚ ਵੀ ਇਕ ਅਨੋਖੀ ਗੱਲ ਇਹ ਸੀ ਕਿ ਜਦੋਂ ਇਨਾਂ ਸਿੱਖਾਂ ਨੂੰ ਕਤਲ ਕਰਨ ਵਾਸਤੇ ਲਿਆਉਂਦੇ ਸਨ ਤਾਂ ਉਨਾਂ 'ਚੋਂ ਹਰ ਸਿੰਘ ਖ਼ੁਸ਼ੀ-ਖ਼ੁਸ਼ੀ ਅੱਗੇ ਵੱਧ ਰਿਹਾ ਸੀ ਜਾਂਨ ਜਾਉਣ ਦਾ ਡਰ ਕਿਸੇ ਵੀ ਸਿੰਘ ਸੂਰਮੇ ਦੇ ਦਿਲ ਵਿਚ ਨਹੀਂ ਸੀ । ਇਸੇ ਤਰਾਂ ਜਦੋਂ ਉਹ ਮੌਤ ਦੇ ਜੰਗਲ ਵਿਚਲੇ ਪਾਂਧੀ ਬਣ ਗਏ ਤਦ ਵੀ ਉਨਾਂ ਅੰਦਰੋਂ ਕੋਈ ਕਮਜ਼ੋਰੀ ਦੀ ਆਵਾਜ਼ ਨਾ ਆਈ ।' ਇਸ ਤਰਾਂ 5 ਮਾਰਚ 1716 ਈ: ਨੂੰ ਸਿੰਘਾਂ ਦਾ ਕਤਲ ਸ਼ੁਰੂ ਹੋ ਗਿਆ, ਸੌ ਸਿੰਘ ਹਰ ਰੋਜ ਕਤਲ ਕੀਤਾ ਜਾਣ ਲੱਗਾ। ਹੌਲੀ-ਹੌਲੀ ਸਾਰੇ ਸਿੰਘ ਸੂਰਮਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ, ਕਿਉਂਕਿ ਉਨਾਂ ਵਿਚੋਂ ਕਿਸੇ ਨੇ ਵੀ ਆਪਣੇ ਧਰਮ ਨੂੰ ਛੱਡ ਕੇ ਇਸਲਾਮ ਕਬੂਲ ਨਹੀਂ ਕੀਤਾ । ਅੰਤ 19 ਜੂਨ 1716 ਨੂੰ ਸਾਰੇ ਸਿੱਖ ਸੂਰਮਿਆਂ ਨੂੰ ਸ਼ਹੀਦ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਖ਼ਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਕੋਲ ਬੰਦਾ ਸਿੰਘ ਨੂੰ ਲੈ ਜਾ ਕੇ ਬਿਠਾਇਆ ਗਿਆ। ਸ਼ਹੀਦ ਕਰਨ ਤੋਂ ਪਹਿਲਾਂ ਉਨਾਂ ਨੂੰ ਇਸਲਾਮ ਕਬੂਲ ਕਰਵਾਉਣ ਲਈ ਕਈ ਤਰਾਂ ਦੇ ਤਸੀਹੇ ਦਿੱਤੇ ਗਏ, ਪਰ ਗੁਰੂ ਗੋਬਿੰਦ ਸਿੰਘ ਦੇ ਇਸ ਸਿਦਕੀ ਸਿੰਘ ਨੇ ਧਰਮ ਤਿਆਗਣ ਦੀ ਥਾਂ ਆਪਣੀ ਜਾਨ ਕੁਰਬਾਨ ਕਰਨੀ ਪ੍ਰਵਾਨ ਕਰ ਲਈ । ਬੰਦਾ ਸਿੰਘ ਬਹਾਦਰ ਦੇ ਚਾਰ ਸਾਲਾ ਪੁੱਤਰ ਅਜੈ ਸਿੰਘ ਨੂੰ ਉਸ ਦੀ ਗੋਦੀ ਵਿਚ ਬਿਠਾ ਦਿੱਤਾ ਅਤੇ ਬੰਦਾ ਸਿੰਘ ਬਹਾਦਰ ਨੂੰ ਕਿਹਾ ਗਿਆ ਕਿ ਉਹ ਆਪਣੇ ਪੁੱਤਰ ਨੂੰ ਕਤਲ ਕਰ ਦੇਵੇ ਪਰ ਕੋਈ ਵੀ ਪਿਤਾ ਆਪਣੀ ਔਲਾਦ ਨੂੰ ਆਪਣੇ ਹੱਥੀਂ ਨਹੀਂ ਸੀ ਮਾਰ ਸਕਦਾ। ਬੰਦਾ ਸਿੰਘ ਬਹਾਦਰ ਨੂੰ ਫਿਰ ਇਸਲਾਮ ਕਬੂਲ ਕਰਨ ਨੂੰ ਕਿਹਾ ਪਰ ਗੁਰੂ ਦੇ ਸ਼ੇਰ ਨੇ ਫਿਰ ਮਨਾਂ ਕਰ ਦਿੱਤਾ। ਜੱਲਾਦ ਨੇ ਬੱਚੇ ਨੂੰ ਗੋਦੀ ਤੋਂ ਚੁੱਕਿਆ ਇਕ ਲੰਬੇ ਛੁਰੇ ਨਾਲ ਬੱਚੇ ਦੇ ਟੋਟੇ-ਟੋਟੇ ਕਰ ਦਿੱਤੇ ਤੇ ਉਸ ਬੱਚੇ ਦਾ ਤੜਫ਼ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਪਾਇਆ ਗਿਆ, ਪੁੱਤਰ ਦੀ ਰੱਤ ਦੇ ਛੱਟੇ ਬੰਦਾ ਸਿੰਘ ਦੇ ਚੇਹਰੇ 'ਤੇ ਮਾਰੇ ਗਏ, ਪਰ ਇਹ ਗੁਰੂ ਦਾ ਸਿੰਘ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਪੱਥਰ ਦੀ ਮੂਰਤ ਦੀ ਤਰਾਂ ਅਡੋਲ ਖੜੋਤਾ ਰਿਹਾ ।' ਇਸ ਬਾਰੇ ਔਰੰਗਾਬਾਦੀ ਲਿਖਦਾ ਹੈ ਕਿ, 'ਸਿੰਘ ਸੂਰਮਿਆਂ ਦੀ ਜਮਾਤ ਦਾ ਇਕ ਆਗੂ (ਬਾਬਾ ਬੰਦਾ ਸਿੰਘ ਬਹਾਦਰ) ਦਾ ਇਕ ਪੁੱਤਰ ਬਾਕੀ ਰਹਿੰਦਾ ਸੀ । ਪਹਿਲਾਂ ਖ਼ੁਦ ਉਸ ਦੇ ਸਾਹਮਣੇ ਉਸ ਦੇ ਬੇਟੇ ਦਾ ਬੰਦ-ਬੰਦ ਕੱਟਿਆ ਗਿਆ ਪਰ ਉਸ ਨੇ ਕੋਈ ਹਰਫ਼ ਆਪਣੀ ਜ਼ੁਬਾਨ 'ਤੇ ਨਾ ਲਿਆਂਦਾ ਤੇ ਆਪਣੀ ਅੱਖ 'ਚੋ ਹੰਝੂ ਕੇਰਨਾ ਤਾਂ ਇਕ ਪਾਸੇ ਰਿਹਾ, ਬਲਕਿ ਮੱਥੇ ਵੱਟ ਤੱਕ ਨਾ ਪਾਇਆ ਤੇ ਮੁਸਕਰਾਉਣ ਵਾਲਾ ਮੂੰਹ ਬਣਾਇਆ ਹੋਇਆ ਸੀ ।' ਫਿਰ ਜਦੋਂ ਬੰਦਾ ਸਿੰਘ ਦੀ ਵਾਰੀ ਆਈ ਤਾਂ ਇਸ ਗ਼ਾਜੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਜਿਸ ਨੂੰ ਲਿਖਣ ਲਈ ਵੀ ਇਕ ਕਾਤਿਬ ਦੇ ਹੱਥ ਕੰਬਦੇ ਹਨ। ਪਹਿਲਾ ਜੱਲਾਦ ਨੇ ਛੁਰੇ ਨਾਲ ਉਨਾਂ ਦੀ ਸੱਜੀ ਅੱਖ ਕੱਢ ਦਿੱਤੀ ਫੇਰ ਖੱਬੀ । ਇਸ ਤੋਂ ਬਾਅਦ ਪੈਰ ਵੱਡ ਦਿੱਤੇ ਉਸ ਮਗਰੋਂ ਭਖਦੇ ਲਾਲ ਗਰਮ ਲੋਹੇ ਦਿਆਂ ਚਿਮਟਿਆਂ ਨੂੰ ਉਸ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ-ਖਿੱਚ ਕੇ ਤੋੜੀਆਂ ਗਿਆ । ਸਰੀਰ ਦਾ ਬੰਦ-ਬੰਦ ਕੱਟ ਦਿੱਤਾ ਗਿਆ ਅੰਤ ਸਿਰ ਨੂੰ ਧੜ ਤੋਂ ਅੱਲਗ ਕਰ ਦਿੱਤਾ ਗਿਆ । ਇਉਂ ਇਸ ਗੁਰੂ ਦੁਲਾਰੇ ਨੇ ਸ਼ਹੀਦੀ ਪਾਈ ਅਤੇ ਆਪਣੀ ਜਾਨ ਨੂੰ ਕੌਮ ਲੇਖੇ ਲਾ ਦਿੱਤਾ । ਮੁਹੰਮਦ ਕਾਸਿਮ ਔਰੰਗਾਬਾਦੀ ਬੰਦਾ ਸਿੰਘ ਬਹਾਦਰ ਨੂੰ 'ਕਾਲੀ ਕੰਬਲੀ ਵਾਲਾ' ਤੇ ਕਾਲੇ ਵਾਲਾਂ ਵਾਲਾ ਯਾਕ' ਨਾਲ ਤਸ਼ਬੀਹ ਦਿੰਦਾ ਹੈ। ਉਕਤ ਤੋਂ ਉਸ ਦੇ ਕੇਸਾਧਾਰੀ ਹੋਣ ਦੀ ਗਵਾਹੀ ਮਿਲਦੀ ਹੈ ਅਤੇ ਸਿੱਖ ਸੂਰਬੀਰਾਂ ਦੇ ਲਿਬਾਸ ਵਿਚ ਵਿਸ਼ੇਸ਼ ਤੌਰ 'ਤੇ ਕਾਲੇ ਰੰਗ ਦੀ ਕੰਬਲ ਦੇ ਪ੍ਰਯੋਗ ਦੀ ਸੂਹ ਮਿਲਦੀ ਹੈ ।' ਇਸ ਦੇ ਨਾਲ ਹੀ ਉਹ ਬਾਬਾ ਬੰਦਾ ਸਿੰਘ ਬਾਰੇ ਅੱਗੇ ਹੋਰ ਲਿਖਦਾ ਹੈ, 'ਉਹ ਖ਼ੁਦ ਦੂਰ-ਦੂਰ ਤਕ ਦੇ ਇਲਾਕੇ ਦਾ ਵਾਕਿਫ਼ ਹੈ।' ਉਹ ਇਕ ਐਸਾ ਸੂਰਮਾ ਨੇਤਾ ਸੀ ਜਿਸ ਦੇ ਇਕ ਇਸ਼ਾਰੇ 'ਤੇ ਉਸ ਦੇ ਸਾਥੀ ਸਿੱਖ ਆਪਣੀ ਜਾਨ ਜੋਖ਼ਮ ਵਿਚ ਪਾਉਣ ਤੋਂ ਵੀ ਨਹੀਂ ਸਨ ਝਿਜਕਦੇ।' ਬਾਬਾ ਬੰਦਾ ਸਿੰਘ ਬਹਾਦਰ ਇਕ ਅਜਿਹਾ ਜੁਝਾਰੂ ਯੋਧਾ ਸੀ ਜੋ ਧਰਮ ਦੀ ਖ਼ਾਤਰ ਸ਼ਹੀਦ ਹੋ ਗਿਆ। ਉਸ ਅਕਾਲ ਪੁਰਖ ਦੀ ਰਜ਼ਾ ਵਿਚ ਇਸ ਜਰਨੈਲ ਨੇ ਆਪਣੇ ਜੀਵਨ ਦੇ ਆਖਰੀ ਸਾਹ ਲਏ। ਬਾਬਾ ਬੰਦਾ ਸਿੰਘ ਬਹਾਦਰ ਵਰਗੀ ਲਾਸਾਨੀ ਸ਼ਹੀਦੀ ਕਿਸੇ ਵਿਰਲੇ ਦੇ ਨਸੀਬ ਵਿਚ ਹੀ ਆਉਂਦੀ ਹੈ । ਉਹ ਕੌਮਾਂ ਵੀ ਮਹਾਂਨ ਹਨ ਜਿਨਾਂ ਵਿਚ ਅਜਿਹੇ ਜੁਝਾਰੂ ਸ਼ਹੀਦ ਨਸੀਬ ਹਨ । 'ਮਹੁੰਮਦ ਕਾਸਿਮ ਔਰਗਾਬਾਦੀ ਸਿੱਖ ਪੰਥ ਨੂੰ' ਸੰਘਰਸ਼ ਕਰਨ ਵਾਲੀ ਤੇ ਸ਼ਾਤ ਸੁਭਾਅ ਕੌਮ ਦਾ ਖ਼ਿਤਾਬ ਦਿੰਦਾ ਹੈ।' ਬੇਸ਼ੱਕ ਬਹੁਤ ਘੱਟ ਸਮਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਰਾਜ ਕਰਨ ਦਾ ਮਿਲਿਆ ਪਰ ਲੰਮਾ ਸਮਾਂ ਰਾਜ ਕਰਨ ਵਾਲਿਆਂ ਨਾਲੋਂ ਕੀਤੇ ਜਿਆਦਾ ਲੋਕਾਂ ਦੇ ਦਿਲਾਂ ਅੰਦਰ ਬਾਬਾ ਬੰਦਾ ਸਿੰਘ ਬਹਾਦਰ ਦਾ ਆਪਣਾ ਸੀਦਵੀ ਸਥਾਨ ਕਾਇਮ ਹੈ ।

ਇਸ ਵਿਚ ਕੋਈ ਸ਼ਕ ਨਹੀਂ ਕਿ ਸਾਰੇ ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ ਇਕਮੁੱਠ ਸਨ। ਉਸ ਨੇ ਇਨਸਾਫ਼ ਦੀ ਇਕ ਅਜਿਹੀ ਸੱਤਾ ਸਥਾਪਿਤ ਕੀਤੀ ਜੋ ਗਰੀਬ ਅਤੇ ਲਿਤਾੜੇ ਲੋਕਾਂ ਨੂੰ ਨਿਆਂ ਪ੍ਰਦਾਨ ਕਰ ਸਕੇ ਅਤੇ ਜ਼ੁਲਮ ਤੇ ਜਬਰ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਯੋਧੇ ਦੇ ਤੌਰ 'ਤੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਟਿੱਪਣੀ ਕਰਦਿਆਂ ਡਾ. ਗੰਡਾ ਸਿੰਘ ਲਿਖਦਾ ਹੈ ਕਿ 'ਜੰਗ ਦੇ ਮੈਦਾਨ ਵਿਚ ਉਹ ਸੱਭ ਬਹਾਦਰਾਂ ਅਤੇ ਜੁਰਅਤ-ਭਰਿਆਂ ਵਿਚੋਂ ਇਕ ਹੁੰਦਾ ਅਤੇ ਕਦੇ ਤਾਂ ਜਾਨ ਦੀ ਪਰਵਾਹ ਹੀ ਨ ਕਰਦਾ।' ਬਾਬਾ ਬੰਦਾ ਸਿੰਘ ਬਹਾਦਰ ਨੂੰ ਜਿੱਥੇ ਇੱਕ ਨਿਧੜਕ ਯੋਧੇ ਅਤੇ ਸਿਦਕੀ ਸੈਨਿਕ ਕਮਾਂਡਰ ਵਜੋਂ ਮਾਨਤਾ ਹਾਸਿਲ ਹੈ ਉੱਥੇ ਹੀ ਸ਼ਹੀਦੀ ਪ੍ਰੰਪਰਾ ਵਿਚ ਵੀ ਉਸ ਦਾ ਨਾਂ ਇਕ ਰੋਸ਼ਨ ਸਿਤਾਰੇ ਵਾਂਗ ਚਮਕਦਾ ਹੈ ਸਿੱਖ ਕੌਮ ਦਾ ਉਹ ਕੌਮੀ ਨਾਇਕ ਹੈ ਜਿਸ ਏ ਨਾਇਕਤਵ ਅੱਗੇ ਸਮੁੱਚੀ ਦੁਨੀਆ ਦਾ ਸਤਿਕਾਰ ਵਜੋਂ ਸਿਰ ਝੁਕਦਾ ਹੈ ।'



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਰਨਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਗੁਰੂਸਰ ਸਾਹਿਬ ਪਿੰਡ ਕੋਟਗੁਰੂ

**ਅੰਗਰੇਜ਼ ਸਿੰਘ ਵਿੱਕੀ**
**ਮੋ. 98888-70822**

ਬਠਿੰਡਾ ਜ਼ਿਲੇ ਦੀ ਧਰਤੀ ਨੂੰ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੋਣ ਦਾ ਮਾਣ ਪ੍ਰਾਪਤ ਹੈ। ਬਠਿੰਡਾ ਬੀਕਾਨੇਰ ਰੇਲਵੇ ਮਾਰਗ ਤੇ ਬਠਿੰਡਾ ਤੋਂ 17 ਕਿਲੋਮੀਟਰ ਦੂਰ ਸਥਿਤ ਸੰਗਤ ਮੰਡੀ ਤੋਂ 3 ਕਿਲੋਮੀਟਰ ਦੂਰ ਪੱਛਮ ਵਿੱਚ ਸਥਿਤ ਘੁੱਗ ਵਸਦਾ ਪਿੰਡ ਕੋਟ ਗੁਰੂ (ਗੁਰੂਕੇ) ਹੈ। ਇਸ ਪਿੰਡ ਦੇ ਜ਼ਿਆਦਾਤਰ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੀ ਹੈ। ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਦਾ ਇਹ ਪਿੰਡ ਕੋਟਗੁਰੂ ਗੋਬਿੰਦ ਸਿੰਘ ਜੀ ਮਾਰਗ 'ਤੇ ਸਥਿਤ ਹੈ। ਪਿੰਡ ਕੋਟਗੁਰੂ ਦੀ ਪਵਿੱਤਰ ਧਰਤੀ ਨੂੰ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੋਣ ਦਾ ਮਾਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਮਗਰੋਂ ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ) ਤੋਂ ਬਾਅਦ ਮਾਲਵੇ ਦੇ ਵੱਖ ਵੱਖ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਪਿੰਡ ਕੋਟਗੁਰੂ ਦੀ ਜਮੀਨ/ਧਰਤੀ ਤੇ ਜੇਠ ਦੇ ਮਹੀਨੇ ਸੰਨ 1706 ਈਸਵੀ ਨੂੰ ਪਹੁੰਚ ਕੇ ਆਪਣੇ ਪਵਿੱਤਰ ਚਰਨਾਂ ਦੀ ਛੋਹ ਨਾਲ ਪਿੰਡ ਕੋਟਗੁਰੂ ਦੀ ਧਰਤੀ ਨੂੰ ਵੀ ਸਦਾ ਲਈ ਪਵਿੱਤਰ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਇੱਥੇ ਇੱਕ ਰਾਤ ਵਿਸ਼ਰਾਮ ਕਰਨ ਉਪਰੰਤ ਅਗਲੇ ਦਿਨ ਇਥੋਂ ਪਿੰਡ ਜੱਸੀ ਬਾਗ ਵਾਲੀ ਲਈ ਰਵਾਨਾ ਹੋ ਗਏ ਸਨ। ਜੱਸੀ ਬਾਗ਼ ਵਾਲੀ ਤੋਂ ਬਾਅਦ ਪਿੰਡ ਪੱਕਾ ਕਲਾਂ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ (ਦਮਦਮਾ ਸਾਹਿਬ) ਪਹੁੰਚੇ ਸਨ। ਪਿੰਡ ਕੋਟਗੁਰੂ ਦੀ ਜਿਸ ਜਗਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ ਸੀ ਉਸ ਅਸਥਾਨ ਉਪਰ ਹੁਣ ਬਹੁਤ ਹੀ ਸ਼ਾਨਦਾਰ ਇਤਿਹਾਸਕ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਪਿੰਡੋਂ ਬਾਹਰ ਖੇਤਾਂ ਵਿੱਚ ਬਣੇ ਇਸ ਗੁਰਦੁਆਰਾ ਸਾਹਿਬ ਦਾ ਦ੍ਰਿਸ਼ ਖੁੱਲੇ ਡੁੱਲੇ ਮਾਹੌਲ ਵਿੱਚ ਹੋਣ ਕਰਕੇ ਬਹੁਤ ਹੀ ਦਿਲਚਸਪ ਨਜਾਰਾ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ।ਇਸ ਗੁਰਦੁਆਰਾ ਸਾਹਿਬ ਵਿੱਚ ਆਸ ਪਾਸ ਦੇ ਅਨੇਕਾਂ ਪਿੰਡਾਂ ਤੋਂ ਇਲਾਵਾ ਦੂਰ- ਦੁਰਾਂਡੇ ਤੋਂ ਵੀ ਸੰਗਤਾਂ ਇੱਥੇ ਅਕਸਰ ਹੀ ਨਤਮਸਤਕ ਹੋਣ ਲਈ ਆਉਂਦੀਆਂ ਹਨ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਇਸ ਅਸਥਾਨ 'ਤੇ ਪਹੁੰਚੇ ਸਨ, ਉਸ ਸਮੇਂ ਇੱਥੇ ਰੋਹੀ ਬੀਆਬਾਨ ਸੀ ਤੇ ਇੱਕ ਬਹੁਤ ਵੱਡੀ ਝਿੜੀ (ਦਰੱਖਤਾਂ ਦਾ ਝੁੰਡ) ਸੀ। ਇਸ ਝਿੜੀ ਦੇ ਵਿਚਕਾਰ ਇੱਕ ਪਾਣੀ ਵਾਲੀ ਛੱਪੜੀ ਵੀ ਮੌਜੂਦ ਸੀ।ਇੱਥੇ ਪਹੁੰਚਣ



ਮਗਰੋਂ ਜਿਸ ਜੰਡ ਦੇ ਰੁੱਖ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਘੋੜੇ ਨੂੰ ਬੰਨਿਆ ਸੀ ਉਸ ਜੰਡ ਦੇ ਰੁੱਖ ਦੀ ਕੁੱਝ ਕੁ ਹੋਂਦ ਅੱਜ ਵੀ ਇੱਥੇ ਮੌਜੂਦ ਹੈ। ਕਿਸੇ ਸਮੇਂ ਰੋਹੀ ਬੀਆਬਾਨ ਇਸ ਜਗਾ ਤੇ ਹੁਣ ਚਾਰੇ ਪਾਸੇ ਹਰਿਆਲੀ ਛਾਈ ਹੋਈ ਹੈ। ਇਸ ਰਮਣੀਕ ਸਥਾਨ ਲਈ ਹਰ ਕਿਸੇ ਦਾ ਮਨ ਮੱਲੋ ਮੱਲੀ ਖਿੱਚਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ ਇੱਕ ਬਹੁਤ ਹੀ ਢੱਕਵਾਂ ਤੇ ਸ਼ਾਨਦਾਰ ਸਰੋਵਰ ਵੀ ਬਣਿਆ ਹੋਇਆ ਹੈ। ਪਿੰਡ ਕੋਟਗੁਰੂ ਦੇ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਸਵਰਗਵਾਸੀ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਵੱਲੋਂ ਸਵ: ਬਾਬਾ ਅਜੈਬ ਸਿੰਘ ਜੀ ਦੇ ਸਪੁਰਦ ਕਰਕੇ ਅੱਜ ਤੋਂ ਕਈ ਸਾਲ ਪਹਿਲਾਂ ਸ਼ੁਰੂ ਕਰਵਾਈ ਗਈ ਸੀ, ਜੋ ਹੁਣ ਤੱਕ ਵੀ ਨਿਰੰਤਰ ਜਾਰੀ ਹੈ।ਇਸ ਸਮੇਂ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਜੀ ਦੀ ਕਾਰ ਸੇਵਾ ਬਾਬਾ ਚਰਨਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ ਹੈ। ਇੱਥੇ ਅਕਸਰ ਹੀ ਧਾਰਮਿਕ ਤੇ ਹੋਰ ਸਮਾਜਿਕ ਸਮਾਗਮ ਹੁੰਦੇ ਰਹਿੰਦੇ ਹਨ। ਹਰ ਸਾਲ ਮਾਰਚ ਦੇ ਮਹੀਨੇ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਬਹੁਤ ਹੀ ਭਾਰੀ ਜੋੜ ਮੇਲਾ ਵੀ ਮਨਾਇਆ ਜਾਂਦਾ ਹੈ, ਜਿੱਥੇ ਵੱਡੀ ਤਾਦਾਦ ਵਿੱਚ ਸੰਗਤਾਂ ਇੱਥੇ ਨਤਮਸਤਕ ਹੋਣ ਲਈ ਪੁੱਜਦੀਆਂ ਹਨ।

# 'ਸ਼ੇਰ-ਏ-ਪੰਜਾਬ' ਮਹਾਰਾਜਾ ਰਣਜੀਤ ਸਿੰਘ

**ਬਘੇਲ ਸਿੰਘ ਧਾਲੀਵਾਲ**

**ਬਰਸੀ ਵਿਸ਼ੇਸ਼**

ਮਹਾਰਾਜਾ ਰਣਜੀਤ ਸਿੰਘ, ਜਿਸ ਨੂੰ ਅਦਭੁੱਤ ਬਹਾਦਰੀ ਕਰ ਕੇ 'ਸ਼ੇਰ-ਏ-ਪੰਜਾਬ' ਵਜੋਂ ਜਾਣਿਆ ਜਾਂਦਾ ਹੈ, ਨੇ ਅਨੰਤ ਨਿੱਜੀ ਗੁਣਾਂ ਸਦਕਾ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਇਕ ਐਸਾ ਵਿਸ਼ਾਲ ਧਰਮ-ਨਿਰਪੱਖ, ਸ਼ਕਤੀਸ਼ਾਲੀ, ਇਨਸਾਫ਼-ਪਸੰਦ ਰਾਜ 'ਸਰਕਾਰ-ਏ-ਖਾਲਸਾ' ਵਜੋਂ ਕਾਇਮ ਕੀਤਾ, ਜਿਸ ਦਾ ਲੋਹਾ ਸਮਕਾਲੀ ਤਾਕਤਵਰ ਅੰਗਰੇਜ਼, ਫ਼ਰਾਂਸੀਸੀ, ਅਫਗਾਨੀ ਸਲਤਨਤਾਂ ਮੰਨਦੀਆਂ ਸਨ। ਉਸ ਦੀ ਪਰਜਾ ਉਸ ਨੂੰ ਦਿਲੋਂ ਪਿਆਰ ਕਰਦੀ ਸੀ।

ਸਰ ਲੈਪਲ ਗ੍ਰਿਫਨ ਉਨਾਂ ਦੀ ਮੌਤ ਤੋਂ ਕਰੀਬ 50 ਸਾਲ ਬਾਅਦ ਲਿਖਦਾ ਹੈ, 'ਭਾਵੇਂ ਉਸ ਨੂੰ ਮੋਇਆਂ ਅੱਧੀ ਸਦੀ ਗੁਜ਼ਰ ਚੁੱਕੀ ਹੈ ਪਰ ਉਸ ਦੀ ਤਸਵੀਰ ਅੱਜ ਵੀ ਹਰ ਗੜੀ ਅਤੇ ਘਰ ਵਿਚ ਮੌਜੂਦ ਹੈ ਅਤੇ ਉਸ ਦਾ ਨਾਂਅ ਪ੍ਰਾਂਤ ਦੇ ਹਰ ਘਰ ਵਿਚ ਹਰਮਨ ਪਿਆਰਾ ਹੈ।' ਸ਼ਾਹ ਮੁਹੰਮਦ ਆਪਣੇ ਕਿੱਸੇ ਵਿਚ ਬੜੀ ਖੂਬਸੂਰਤੀ ਨਾਲ ਵਰਨਣ ਕਰਦਾ ਹੈ :

**ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,**
**ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।**
**ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,**
**ਜੰਮੂ ਕਾਂਗੜਾ ਕੋਟ ਨਿਵਾਇ ਗਿਆ।**
**ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ,**
**ਸਿੱਕਾ ਆਪਣੇ ਨਾਮ ਚਲਾਇ ਗਿਆ।**
**ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,**
**ਅੱਛਾ ਰੱਜ ਕੇ ਰਾਜ ਕਮਾਇ ਗਿਆ।**

ਮਹਾਰਾਜੇ ਦਾ ਜਨਮ ਸੰਨ 1780 ਵਿਚ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਹੋਇਆ ਸੀ। ਸੰਨ 1792 ਵਿਚ ਉਸ ਦਾ ਪਿਤਾ ਸੁਰਗਵਾਸ ਹੋ ਗਿਆ। ਸੋ ਇਸ ਨਜ਼ਰੀਏ ਨੂੰ ਮੱਦੇਨਜ਼ਰ ਰੱਖ ਕੇ ਉਸ ਦੀ ਮੌਤ ਸੰਨ 1839 ਵਿਚ ਹੋਣ ਕਰਕੇ ਸ਼ਾਹ ਮੁਹੰਮਦ ਮੋਟੇ ਤੌਰ 'ਤੇ ਉਸ ਦੇ ਰਾਜ ਨੂੰ 50 ਸਾਲਾ ਗਿਣਦਾ ਹੈ।

ਡੀਲ-ਡੌਲ : ਮਹਾਰਾਜਾ ਰਣਜੀਤ ਸਿੰਘ ਦਰਮਿਆਨੇ ਕੱਦ ਦਾ ਰਿਸ਼ਟ-ਪੁਸ਼ਟ ਵਿਅਕਤੀ ਸੀ। ਛੋਟੀ ਉਮਰੇ ਚੇਚਕ ਕਰ ਕੇ ਉਸ ਦੀ ਇਕ ਅੱਖ ਜਾਂਦੀ ਰਹੀ, ਜੋ ਪੂਰੀ ਤਰਾਂ ਬੰਦ ਹੋ ਗਈ ਸੀ ਪਰ ਦੂਸਰੀ ਅੱਖ ਕਮਾਨ ਦੀ ਤਰਾਂ ਲੰਬੀ ਤੇ ਮੋਟੀ ਸੀ। ਮਾਤਾ ਦੇ ਦਾਗ ਹੋਣ ਦੇ ਬਾਵਜੂਦ ਚਿਹਰਾ ਲਾਲੀ ਭਰਿਆ ਅਤੇ ਤੇਜੱਸਵੀ ਸੀ। ਭਾਵੇਂ ਕਿਸੇ ਸਕੂਲ ਵਿਚ ਨਹੀਂ ਸੀ ਪੜਿਆ ਪਰ ਪੰਜਾਬੀ, ਹਿੰਦੀ ਅਤੇ ਫਾਰਸੀ ਦੀ ਮੁਹਾਰਤ ਹਾਸਲ ਸੀ। ਫਾਰਸੀ ਵਿਚ ਪੱਤਰ ਆਪਣੇ ਸਕੱਤਰਾਂ ਨੂੰ ਆਪ ਲਿਖਾਉਂਦਾ ਸੀ। ਰੋਹਬ-ਦਾਬ ਏਨਾ ਸੀ ਕਿ ਕੋਈ ਦਰਬਾਰੀ ਅੱਖ ਪੁੱਟ ਕੇ ਝਾਕਣ ਦੀ ਜੁਅਰਤ ਨਹੀਂ ਸੀ ਰੱਖਦਾ। ਇਕ ਵਾਰ ਜਦ ਲਾਰਡ ਵਿਲੀਅਮ ਬੈਂਟਿੰਗ ਦੇ ਇਕ ਅਫਸਰ ਨੇ ਫਕੀਰ ਅਜੀਜ਼ੂਦੀਨ ਨੂੰ ਪੁੱਛਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਕਾਣੀ ਹੈ ਤਾਂ ਉੱਤਰ ਸੀ ਕਿ 'ਉਨਾਂ ਦੇ ਚਿਹਰੇ ਦਾ ਜਲਾਲ ਏਨਾ ਤੇਜੱਸਵੀ ਹੈ ਕਿ ਮੈਂ ਕਦੇ ਉੱਪਰ ਝਾਕਣ ਦਾ ਹੀਆ ਹੀ ਨਹੀਂ ਕੀਤਾ'।ਅਟਕ ਦਰਿਆ ਪਾਰ ਕਰਨ, ਨੌਸ਼ਹਿਰਾ ਅਤੇ ਮੰਡੇਰਾ ਜੰਗਾਂ ਸਮੇਂ ਉਸ ਵੱਲੋਂ ਵਿਖਾਏ ਜੰਗੀ ਜੌਹਰਾਂ ਦੇ ਸਨਮੁੱਖ ਵਿਰੋਧੀ ਅਸ਼-ਅਸ਼ ਕਰ ਉਠੇ।

ਸ਼ੇਰ ਸ਼ਾਹ ਸੂਰੀ ਵਾਂਗ ਮਹਾਰਾਜਾ ਹਮੇਸ਼ਾ ਚੁਸਤ ਅਤੇ ਰੁੱਝਾ ਹੋਇਆ ਰਹਿੰਦਾ ਸੀ। ਆਪਣੀ ਜਨਤਾ ਪ੍ਰਤੀ ਕਰਤਵਾਂ ਨੂੰ ਬਾਖੂਬੀ ਨਿਭਾਉਂਦਾ ਸੀ। ਮੁਨਸ਼ੀ ਸ਼ਾਮਤ ਅਲੀ ਜੋ ਲਾਹੌਰ ਦਰਬਾਰ ਵੇਖਣ ਲਈ ਸੰਨ 1838 ਵਿਚ ਆਇਆ ਸੀ, ਦੱਸਦਾ ਹੈ ਕਿ ਉਹ ਸਵੇਰ ਤੋਂ ਲੈ ਕੇ ਸ਼ਾਮ ਤੱਕ ਰਾਜ-ਭਾਗ ਦੇ ਕੰਮਾਂ ਵਿਚ ਰੁੱਝਾ ਰਹਿੰਦਾ। ਸਵੇਰੇ ਨਿਯਮਤ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦਾ। ਸਾਦੇ ਕੱਪੜੇ ਪਹਿਨਦਾ। ਤਖ਼ਤ ਦੀ ਬਜਾਏ ਚਾਂਦੀ ਦੀ ਕੁਰਸੀ 'ਤੇ ਬੈਠਦਾ। ਖਾਸ ਮਹੱਤਤਾ ਵਾਲੇ ਪੱਤਰ ਆਪ ਬੋਲ ਕੇ ਲਿਖਾਉਂਦਾ। ਵਿਦੇਸ਼ੀ ਵਿਅਕਤੀਆਂ ਤੋਂ ਹਰ ਖੇਤਰ ਸਬੰਧੀ ਜਾਣਕਾਰੀ ਪ੍ਰਾਪਤ ਕਰਦਾ।

ਵਿਕਟਰ ਜੈਕੋਮੋਟ ਜੋ ਮਹਾਰਾਜੇ ਨੂੰ ਬਹੁਤ ਵਾਰ ਮਿਲਿਆ, ਲਿਖਦਾ ਹੈ ਕਿ 'ਮੈਂ ਆਪਣੀ ਯਾਤਰਾ ਦੌਰਾਨ ਜਿੰਨੇ ਵੀ ਭਾਰਤੀ ਰਾਜੇ ਵੇਖੇ, ਉਨਾਂ ਵਿਚੋਂ ਸ਼ੇਰੇ-ਪੰਜਾਬ ਸਭ ਤੋਂ ਵੱਧ ਸਿਆਣਾ ਅਤੇ ਚਤਰ ਸੀ। ਬੋਲ-ਚਾਲ ਵੇਲੇ ਅਨੇਕ ਪ੍ਰਸ਼ਨ ਪੁੱਛਦਾ। ਮੇਰੇ ਤੋਂ ਹਿੰਦੁਸਤਾਨ, ਇੰਗਲਿਸ਼ਤਾਨ, ਅੰਗਰੇਜ਼ ਫੌਜ ਦੀ ਗਿਣਤੀ, ਨੈਪੋਲੀਅਨ ਦਾ ਹਾਲ, ਸਵਰਗ, ਪ੍ਰਮਾਤਮਾ ਅਤੇ ਹੋਰ ਵਿਸ਼ਿਆਂ ਬਾਰੇ ਸਵਾਲ ਪੁੱਛਦਾ। ਉਸ ਦੀ ਯਾਦਸ਼ਕਤੀ ਏਨੀ ਵਸੀਹ ਸੀ ਕਿ ਉਹ ਆਪਣੇ ਰਾਜ ਦੇ 10-12 ਹਜ਼ਾਰ ਪਿੰਡਾਂ ਦੇ ਨਾਂਅ, ਸਥਿਤੀ ਅਤੇ ਇਤਿਹਾਸ ਦੱਸ ਸਕਦਾ ਸੀ।

ਮਹਾਰਾਜਾ ਪੱਕਾ ਗੁਰਸਿੱਖ ਸੀ। ਸਿੱਖ ਸਿਧਾਂਤਾਂ ਅਨੁਸਾਰ ਉਸ ਨੇ ਇਕ ਤਾਕਤਵਰ ਧਰਮ-ਨਿਰਪੱਖ ਰਾਜ ਸਥਾਪਿਤ ਕੀਤਾ। ਦੂਸਰੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਤੇ ਖੁੱਲਦਿਲੀ ਦਾ ਮੁਜ਼ਾਹਰਾ ਕੀਤਾ। ਹਿੰਦੂ ਅਤੇ ਮੁਸਲਿਮ ਫਿਰਕਿਆਂ ਨੂੰ ਬਰਾਬਰ ਮਾਣ-ਸਨਮਾਨ ਦਿੱਤਾ। ਸਿੱਖਾਂ ਤੋਂ ਇਲਾਵਾ ਉਸ ਦੇ ਦਰਬਾਰ ਵਿਚ ਹਿੰਦੂ, ਮੁਸਲਮਾਨ, ਅੰਗਰੇਜ਼, ਫਰਾਂਸੀਸੀ, ਰੂਸੀ, ਇਟਾਲੀਅਨ ਉੱਚ-ਅਹੁਦਿਆਂ 'ਤੇ ਬਿਰਾਜਮਾਨ ਸਨ, ਜਿਨਾਂ ਵਿਚੋਂ ਜਨਰਲ



ਵੈਨਤੂਰਾ, ਐਲਾਰਡ, ਇਲਾਹੀ ਬਖਸ਼, ਫਕੀਰ ਅਜੀਜ਼ੂਦੀਨ, ਮੁਹਕਮ ਚੰਦ, ਦੀਵਾਨ ਭਵਾਨੀ ਦਾਸ ਵਰਨਣਯੋਗ ਹਨ।

ਮੌਲਾਨਾ ਸਫਾਇਤ ਅਹਿਮਦ ਅਨੁਸਾਰ ਉਸੇ ਰਾਜ ਵਿਚ ਮੁਸਲਮਾਨਾਂ ਨੂੰ ਪੂਰੇ ਰਾਜਨੀਤਕ ਅਤੇ ਧਾਰਮਿਕ ਹੱਕ ਪ੍ਰਾਪਤ ਸਨ। ਜਿੱਥੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਸੋਨਾ ਚੜਾਇਆ, ਉਥੇ ਜਵਾਲਾਮੁਖੀ, ਸੋਮਨਾਥ, ਹਰਿਦੁਆਰ ਮੰਦਰਾਂ ਨੂੰ ਖੁੱਲ ਕੇ ਦਾਨ ਦਿੱਤਾ।

ਸੱਚ ਤਾਂ ਇਹ ਹੈ ਕਿ ਜੋ ਧਰਮ-ਨਿਰਪੱਖ ਨੀਤੀ ਅੱਜ ਭਾਰਤ ਸਰਕਾਰ ਨੇ ਦੇਸ਼ ਨੂੰ ਇਕਜੁੱਟ ਰੱਖਣ ਲਈ ਅਪਣਾਈ ਹੋਈ ਹੈ, ਇਹ ਉਸ ਮਹਾਨ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਹੈ।

ਦੂਰਅੰਦੇਸ਼ੀ : ਰਣਜੀਤ ਸਿੰਘ ਸਫਲ ਨੀਤੀਵਾਨ ਸਾਬਤ ਹੋਇਆ। ਆਪਣੇ ਰਾਜ ਨੂੰ ਪੱਕਾ ਕਰਨ ਅਤੇ ਫੈਲਾਉਣ ਖਾਤਰ ਉਸ ਨੇ ਆਪਣੀ ਸੱਸ ਰਾਣੀ ਸਦਾ ਕੌਰ ਨਾਲ ਸਮਝੌਤਾ ਕੀਤਾ। ਫਤਹਿ ਸਿੰਘ ਆਹਲੂਵਾਲੀਆ ਨਾਲ ਪੱਗ ਵਟਾਈ। ਸੰਨ 1809 ਵਿਚ ਅੰਗਰੇਜ਼ਾਂ ਨਾਲ ਸੰਧੀ ਕੀਤੀ। ਉਸ ਦੀ ਦੂਰਅੰਦੇਸ਼ੀ ਤੇ ਪਾਰਖੂ ਅੱਖ ਦਾ ਕਮਾਲ ਵੇਖੋ ਕਿ ਉਸ ਨੇ ਜ਼ਮਾਨੇ ਭਰ ਦਾ ਟੇਲੈਂਟ ਆਪਣੇ ਦਰਬਾਰ ਅਤੇ ਫੌਜ ਵਿਚ ਭਰਤੀ ਕੀਤਾ, ਜਿਨਾਂ ਵਿਚ ਦੀਵਾਨ ਮੋਹਕਮ ਚੰਦ, ਫਕੀਰ ਅਜੀਜ਼ੂਦੀਨ, ਹਰੀ ਸਿੰਘ ਨਲਵਾ, ਮਿਸਰ ਦੀਵਾਨ ਚੰਦ, ਰਾਜਾ ਧਿਆਨ ਸਿੰਘ, ਜਨਰਲ ਵੈਨਤੂਰਾ ਆਦਿ ਸ਼ਾਮਿਲ ਸਨ। ਜਿਨਾਂ ਵਿਰੋਧੀ ਹਾਲਤਾਂ ਵਿਚ ਉਸ ਨੇ ਮਹਾਨ ਸਿੱਖ ਰਾਜ ਕਾਇਮ ਕੀਤਾ, ਇਹ ਉਸ ਦੀ ਨੀਤੀ ਅਤੇ ਦੂਰਅੰਦੇਸ਼ੀ ਦਾ ਕਮਾਲ ਸੀ।

ਵਿੱਦਿਆ ਪ੍ਰਾਪਤ ਨਾ ਕਰ ਸਕਣ ਦੀ ਘਾਟ ਨੂੰ ਉਸ ਨੇ ਭਲੀਭਾਂਤ ਮਹਿਸੂਸ ਕੀਤਾ। ਉਹ ਸਮਝਦਾ ਸੀ ਕਿ ਸਫਲ ਰਾਜ ਅਤੇ ਸਫਲ ਰਾਜੇ ਲਈ ਵਿੱਦਿਆ ਦੇ ਗਿਆਨ ਦਾ ਹੋਣਾ ਅਤਿ ਜ਼ਰੂਰੀ ਹੈ। ਇਸ ਲਈ ਉਸ ਨੇ ਬੱਚਿਆਂ ਦੀ ਸਿੱਖਿਆ ਦੇ ਪ੍ਰਬੰਧ ਲਈ ਪਾਠਸ਼ਾਲਾਵਾਂ, ਮਦਰੱਸਿਆਂ ਅਤੇ ਧਾਰਮਿਕ ਅਦਾਰਿਆਂ ਨੂੰ ਖੁੱਲ ਕੇ ਦਾਨ ਦਿੱਤਾ ਅਤੇ ਉਨਾਂ ਦੇ ਨਾਂ ਜਗੀਰਾਂ ਲਵਾਈਆਂ।

ਉਹ ਅੰਗਰੇਜ਼ੀ ਵਿੱਦਿਆ ਦੇ ਪ੍ਰਬੰਧ ਦਾ ਵੀ ਇੱਛਾਵਾਨ ਸੀ। ਉਸ ਦੇ ਦਰਬਾਰ ਵਿਚ ਮੁਨਸ਼ੀ ਸੋਹਣ ਲਾਲ, ਦੀਵਾਨ ਅਮਰ ਨਾਥ, ਸ਼ਾਹ ਮੁਹੰਮਦ, ਗਣੇਸ਼ ਦਾਸ ਵਰਗੇ ਵਿਦਵਾਨ ਮੌਜੂਦ ਸਨ। ਦੀਵਾਨ ਅਮਰਨਾਥ ਦਾ 'ਜ਼ਫਰਨਾਮਾ', ਮੁਨਸ਼ੀ ਸੋਹਣ ਲਾਲ ਦੀ 'ਉਮਦਤ-ਉਤ-ਤਵਾਰੀਖ' ਅਤੇ ਸ਼ਾਹ ਮੁਹੰਮਦ ਦਾ 'ਜੰਗਨਾਮਾ' ਵਰਨਣਯੋਗ ਕਿਰਤਾਂ ਹਨ। ਪਰਜਾ ਦੇ ਹਿਤਾਂ ਤੋਂ ਸਰਦਾਰਾਂ ਅਤੇ ਜਰਨੈਲਾਂ ਦੇ ਹਿਤਾਂ ਨੂੰ ਕੁਰਬਾਨ ਕਰ ਦਿੰਦਾ ਸੀ। ਰਾਜ ਵਿਚ ਭੇਸ ਵਟਾ ਕੇ ਫਿਰਦਾ ਸੀ ਤਾਂ ਕਿ ਜਨਤਾ ਦੀਆਂ ਮੁਸ਼ਕਿਲਾਂ ਅਤੇ ਉਸ ਦੇ ਰਾਜ ਪ੍ਰਬੰਧ ਪ੍ਰਤੀ ਜਨਤਕ ਰਾਏ ਦਾ ਪਤਾ ਚੱਲ ਸਕੇ। ਸੰਨ 1833 ਵਿਚ ਕਸ਼ਮੀਰ ਵਿਚ ਕਾਲ ਪੈਣ 'ਤੇ ਜਦੋਂ ਜਮਾਂਦਾਰ ਖੁਸ਼ਹਾਲ ਸਿੰਘ ਨੇ ਯੋਗ ਪ੍ਰਬੰਧ ਨਾ ਕੀਤੇ ਤਾਂ ਉਨਾਂ ਉਸ ਨੂੰ ਇਕ ਮਹੀਨਾ ਮੂੰਹ ਨਾ ਲਾਇਆ। ਸੰਨ 1835 ਦੇ ਕਾਲ ਸਮੇਂ ਰਾਜ ਦੇ ਖਜ਼ਾਨੇ ਜਨਤਾ ਲਈ ਖੋਲ ਦਿੱਤੇ। ਕਿਸਾਨਾਂ ਨੂੰ ਮੁਫਤ ਬੀਜ ਵੰਡਿਆ।

ਮਹਾਰਾਜਾ ਦੇ ਅਸੀਮ ਅਤੇ ਉੱਚਤਮ ਨਿੱਜੀ ਗੁਣਾਂ ਤੋਂ ਪਤਾ ਚਲਦਾ ਹੈ ਕਿ ਉਹ ਇਕ ਜਮਾਂਦਰੂ ਸ਼ਾਸਕ ਸਨ। ਸਿੱਖ ਕੌਮ ਅੰਦਰ ਸ਼ਾਸਕੀ ਪ੍ਰਤਿਭਾ ਨੂੰ ਉਚਾਈਆਂ 'ਤੇ ਪਹੁੰਚਾਉਣ, ਅੰਗਰੇਜ਼, ਫਰਾਂਸੀਸੀ, ਰੂਸੀ ਕੌਮਾਂ ਮੁਕਾਬਲੇ ਇਕ ਤਾਕਤਵਰ ਸਿੱਖ ਰਾਜ ਸਥਾਪਿਤ ਕਰਨ ਲਈ ਉਨਾਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਕੀਤਾ ਜਾਂਦਾ ਰਹੇਗਾ।

# ਸਭਿਆਚਾਰਕ ਪਤਨ ਵੱਲ ਕਿਉਂ ਵੱਧ ਰਿਹਾ ਸਿੱਖ ਭਾਈਚਾਰਾ ?

**ਤਲਵਿੰਦਰ ਸਿੰਘ ਬੁਟਰ**

ਪਿਛਲੇ ਕੁਝ ਸਮੇਂ ਤੋਂ ਗਾਹੇ-ਬਗਾਹੇ ਸਾਡੇ ਧਾਰਮਿਕ ਅਸਥਾਨਾਂ ਅੰਦਰ ਕੁਝ ਇਕ ਲੋਕਾਂ ਦੇ ਅਨੈਤਿਕ ਕੰਮਾਂ ਨਾਲ ਤਾਂ ਇਹ ਵਰਤਾਰਾ ਹੋਰ ਵੀ ਭਿਆਨਕ ਰੂਪ ਵਿਚ ਸਾਹਮਣੇ ਆ ਰਿਹਾ ਹੈ। ਗੁਰੂ-ਘਰਾਂ ਅੰਦਰ ਕਦੇ-ਕਦਾਈਂ ਅਨੈਤਿਕ ਕੰਮਾਂ ਵਾਲੀਆਂ ਘਟਨਾਵਾਂ ਨਾਲ ਸਮੁੱਚੇ ਸਿੱਖ ਸਮਾਜ ਨੂੰ ਹੀ ਸ਼ਰਮਸਾਰ ਹੋਣਾ ਪੈਂਦਾ ਹੈ। ਪਿਛਲੇ ਦਿਨੀਂ ਗੁਰਦੁਆਰਾ ਗੰਗਸਰ ਸਾਹਿਬ, ਜੈਤੋ ਵਿਖੇ ਵੀ ਇਸ ਤਰ੍ਹਾਂ ਦੀ ਇਕ ਸ਼ਰਮਨਾਕ ਘਟਨਾ ਵਾਪਰੀ। ਇਸ ਵਰਤਾਰੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੱਕਾ ਨਿਯਮ ਬਣਾ ਦਿੱਤਾ ਹੈ ਕਿ 'ਅਨੈਤਿਕ ਕੰਮ ਕਰਨ ਵਾਲੇ' ਮੁਲਾਜ਼ਮ ਨੌਕਰੀ ਤੋਂ ਫ਼ੌਰੀ ਤੌਰ 'ਤੇ ਬਰਖ਼ਾਸਤ ਹੋਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦਾ ਕਹਿਣਾ ਸੀ ਕਿ ਗੁਰਦੁਆਰਾ ਪ੍ਰਬੰਧਾਂ ਦੇ ਮੁਲਾਜ਼ਮਾਂ ਦੇ ਜੀਵਨ ਦੂਜਿਆਂ ਲਈ ਸੇਧਮਈ ਹੋਣੇ ਚਾਹੀਦੇ ਹਨ, ਜਿਸ ਕਾਰਨ ਗੁਰਦੁਆਰਾ ਮੁਲਾਜ਼ਮਾਂ ਵਿਚ ਅਨੈਤਿਕਤਾ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇੱਥੇ ਸਵਾਲਾਂ ਦਾ ਸਵਾਲ ਇਹ ਹੈ ਕਿ ਸਿੱਖ ਧਰਮ ਵਿਚ ਆਚਰਣ ਦੀ ਸਵੱਛਤਾ ਅਤੇ ਨੈਤਿਕਤਾ 'ਤੇ ਜਿੰਨਾ ਸਪੱਸ਼ਟ ਤੌਰ 'ਤੇ ਜ਼ੋਰ ਦਿੱਤਾ ਗਿਆ ਹੈ, ਉਸ ਦੇ ਬਾਵਜੂਦ ਅੱਜ ਸਿੱਖ ਸਮਾਜ ਵਿਚ ਇੰਨੀ ਨੈਤਿਕ ਗਿਰਾਵਟ ਕਿਉਂ ਆ ਰਹੀ ਹੈ? ਪਰ ਇਸ ਤੋਂ ਵੀ ਪਹਿਲਾਂ ਇਸ ਸਵਾਲ ਦਾ ਜਵਾਬ ਲੱਭਣਾ ਪਵੇਗਾ ਕਿ ਧਾਰਮਿਕ ਅਦਾਰਿਆਂ ਦੇ ਅਹੁਦੇਦਾਰ ਅਤੇ ਸੇਵਾਦਾਰ ਸਿੱਖੀ ਆਚਰਨ ਦੀ ਮਿਸਾਲ ਬਣਨ ਦੀ ਥਾਂ ਖ਼ੁਦ ਅਨੈਤਿਕਤਾ ਦਾ ਸ਼ਿਕਾਰ ਕਿਉਂ ਹੋ ਰਹੇ ਹਨ?

ਪੰਦਰਵੀਂ ਸਦੀ ਵਿਚ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖ ਕੇ ਧਾਰਮਿਕ ਇਨਕਲਾਬ ਦਾ ਉਥਾਨ ਕੀਤਾ ਸੀ, ਤਾਂ ਉਸ ਵੇਲੇ ਸਮਾਜ ਵਿਚ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਅਰਾਜਕਤਾ ਸਿਰੇ 'ਤੇ ਸੀ। ਸਮਕਾਲੀ ਹਿੰਦੂ ਅਤੇ ਇਸਲਾਮ ਧਰਮ ਦੇ ਰਾਹ-ਦਸੇਰੇ ਕਰਮ-ਕਾਂਡਾਂ ਅਤੇ ਪਾਖੰਡਵਾਦ ਰਾਹੀਂ ਲੋਕਾਂ 'ਤੇ ਆਪਣੀ 'ਸਰਵਉੱਚਤਾ' ਥੋਪ ਰਹੇ ਸਨ। ਇਸੇ ਤਰ੍ਹਾਂ ਉਨ੍ਹਾਂ ਵਿਚ ਅਨੈਤਿਕਤਾ ਦਾ ਵੀ ਬੋਲਬਾਲਾ ਸੀ ਅਤੇ ਲੋਕ 'ਕਰੋਪੀਆਂ' ਅਤੇ 'ਸਰਾਪਾਂ' ਦੇ ਡਰ ਕਾਰਨ ਉਨ੍ਹਾਂ ਦੀ ਅਨੈਤਿਕਤਾ ਨੂੰ ਬਰਦਾਸ਼ਤ ਕਰ ਰਹੇ ਸਨ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਾਖੰਡਵਾਦ ਤੇ ਧਰਮ ਦੇ ਚੋਲੇ ਵਿਚ ਲੁਕੀ ਅਨੈਤਿਕਤਾ ਦਾ ਭਾਂਡਾ ਭੰਨਿਆ ਅਤੇ ਕੂੜ ਪਸਾਰੇ ਨੂੰ ਗੁਰਬਾਣੀ ਦੇ ਚਾਨਣ ਨਾਲ ਦੂਰ ਕੀਤਾ। ਗੁਰੂ ਸਾਹਿਬ ਨੇ ਉਸ ਵੇਲੇ ਦੇ ਧਾਰਮਿਕ ਰਹਿਬਰਾਂ ਵਿਚ ਅਨੈਤਿਕਤਾ ਦੇ ਬੋਲਬਾਲੇ ਲਈ 'ਧਰਮ ਨੂੰ ਧੰਦਾ ਬਣਾ ਲੈਣ ਦੀ ਪ੍ਰਵਿਰਤੀ' ਨੂੰ ਜ਼ਿੰਮੇਵਾਰ ਦੱਸਿਆ ਸੀ।

**ਮੂਰਖ ਅੰਧੇ ਤ੍ਰੈ ਗੁਣ ਸੇਵਹਿ**
**ਮਾਇਆ ਕੈ ਬਿਉਹਾਰੀ**
**ਅੰਦਰਿ ਕਪਟੁ ਉਦਰੁ ਭਰਣ**
**ਕੈ ਤਾਈ ਪਾਠ ਪੜਹਿ ਗਾਵਾਰੀ**
(ਸਲੋਕ ਮ. ੩, ਅੰਗ :੧੨੪੬)

ਗੁਰੂ ਸਾਹਿਬ ਦੱਸਦੇ ਹਨ ਕਿ ਉਸ ਵੇਲੇ ਦੇ ਧਾਰਮਿਕ ਪੋਥੀਆਂ ਪੜ੍ਹ-ਪੜ੍ਹ ਕੇ ਲੋਕਾਂ ਨੂੰ ਉਪਦੇਸ਼ ਦੇਣ ਵਾਲੇ ਪੁਜਾਰੀ ਖ਼ੁਦ ਧਰਮ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਸਨ ਅਤੇ ਮਾਇਆ ਅਤੇ ਪੰਜ ਵਿਕਾਰਾਂ ਤੋਂ ਛੁਟਕਾਰਾ ਨਹੀਂ ਪਾ ਸਕੇ, ਕਿਉਂਕਿ ਉਹ ਤਾਂ ਮਹਿਜ਼ ਪੇਟ ਦੀ ਅੱਗ ਬੁਝਾਉਣ ਖ਼ਾਤਰ ਹੀ ਪਾਠ ਪੁਸਤਕਾਂ ਪੜ੍ਹਦੇ ਸਨ।

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ**
**ਨਿਵਲਿ ਭੁਅੰਗਮ ਸਾਧੇ**
**ਪੰਚ ਜਨਾ ਸਿਉ ਸੰਗੁ ਨ**
**ਛੁਟਕਿਓ ਅਧਿਕ ਅਹੰਬੁਧਿ ਬਾਧੇ ।**
(ਸੋਰਠਿ ਮ. ੫, ਅੰਗ : ੬੪੧-੪੨)

ਗੁਰੂ ਸਾਹਿਬਾਨ ਨੇ ਧਰਮ ਨੂੰ ਧੰਦਾ ਬਣਾਉਣ ਦੀ ਪ੍ਰਵਿਰਤੀ ਦਾ ਜ਼ੋਰਦਾਰ ਖੰਡਨ ਕੀਤਾ ਅਤੇ ਧਰਮ ਨੂੰ ਜੀਵਨ ਜਾਚ ਦਾ ਆਦਰਸ਼ਕ ਰਾਹ ਦੱਸਿਆ ਹੈ ਪਰ ਅੱਜ ਸਿੱਖ ਧਰਮ ਦੀ ਵਿਆਖਿਆ ਵੀ ਇਕ ਪੇਸ਼ੇ ਵਜੋਂ ਕੀਤੀ ਜਾ ਰਹੀ ਹੈ। ਧਾਰਮਿਕ ਸੰਸਥਾਵਾਂ, ਟਕਸਾਲਾਂ ਅਤੇ ਮਿਸ਼ਨਰੀ ਕਾਲਜਾਂ ਅੰਦਰ ਗੁਰਬਾਣੀ ਸੰਥਿਆ, ਕੀਰਤਨ ਅਤੇ ਹੋਰ ਧਾਰਮਿਕ ਇਲਮ ਹਾਸਲ ਕਰਨ ਵਾਲੇ ਸਿਖਾਂਦਰੂਆਂ ਵਿਚੋਂ ਬਹੁਗਿਣਤੀ ਨਿਰੇ-ਪੂਰੇ ਪੇਸ਼ੇਵਰ ਬਿਰਤੀ ਵਾਲੇ ਆ ਰਹੇ ਹਨ। ਆਪਣੇ ਪ੍ਰਮਾਰਥਕ ਜਾਂ ਬੌਧਿਕ ਕਾਇਆਂ ਕਲਪ ਲਈ ਧਾਰਮਿਕ ਵਿੱਦਿਆ ਹਾਸਲ ਕਰਨ ਵਾਲਿਆਂ ਦੀ ਗਿਣਤੀ ਨਿਗੂਣੀ ਰਹਿ ਗਈ ਹੈ। ਤਰੁੱਟੀ ਇਕ ਇਹ ਵੀ ਹੈ ਕਿ ਇਨ੍ਹਾਂ ਨੂੰ ਧਾਰਮਿਕ ਵਿਦਿਆ ਦੇਣ ਵੇਲੇ ਨੈਤਿਕਤਾ ਅਤੇ ਸਿੱਖ ਧਰਮ ਵਿਚ ਆਚਰਣ ਦੀ ਸੁੱਚਮਤਾ ਦਾ ਸੰਕਲਪ ਦ੍ਰਿੜ ਨਹੀਂ ਕਰਵਾਇਆ ਜਾਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਚਰਣ ਦੀ ਸ਼ੁੱਧਤਾ ਅਤੇ ਉਚੇ-ਸੁੱਚੇ ਚਰਿੱਤਰ ਬਾਰੇ ਜਿੰਨਾ ਸਪੱਸ਼ਟ ਤੌਰ 'ਤੇ ਜ਼ੋਰ ਦਿੱਤਾ ਗਿਆ ਹੈ, ਨਵੀਂ ਸਿੱਖ ਪੀੜ੍ਹੀ ਇਸ ਗਿਆਨ ਤੋਂ ਓਨੀ ਹੀ ਕੋਰੀ ਹੈ।

**ਸਿੱਖ ਵਿਰਸਾ**

ਗੁਰਬਾਣੀ ਦਾ ਕੇਂਦਰ ਬਿੰਦੂ ਜਿੱਥੇ ਪ੍ਰਮਾਤਮਾ ਨਾਲ ਮਿਲਾਪ ਦਾ ਰਾਹ ਹੈ, ਉੱਥੇ ਪਰਮਾਰਥਿਕ ਰਸਤੇ 'ਤੇ ਚੱਲਣ ਦੀ ਮੂਲ ਯੋਗਤਾ ਹੀ ਪੰਜ ਵਿਕਾਰ ਕਾਮੁ, ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਵੱਸ ਕਰਨਾ ਦੱਸੀ ਹੈ। ਸਵੱਛ ਆਚਰਣ ਨੂੰ ਸਿੱਖ ਫ਼ਲਸਫ਼ੇ ਨੇ ਸਭ ਤੋਂ ਉਤਮ ਦੱਸਿਆ ਹੈ।

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ**
(ਸਿਰੀ ਰਾਗੁ ਮ. ੧, ਅੰਗ : ੬੨)

ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਰਹਿਤਨਾਮਿਆਂ, ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਮੁੱਚੇ ਰੂਪ 'ਚ ਪੰਜ ਵਿਕਾਰਾਂ 'ਤੇ ਕਾਬੂ ਪਾਉਣ ਲਈ ਸਭ ਤੋਂ ਵੱਧ ਜ਼ੋਰ ਦਿੱਤਾ ਗਿਆ ਹੈ। ਅੰਮ੍ਰਿਤ ਛਕਣ ਵੇਲੇ ਸਿੱਖ ਨੂੰ ਜਿਹੜੀਆਂ ਚਾਰ ਬੱਜਰ ਕੁਰਹਿਤਾਂ ਤੋਂ ਕੋਹਾਂ ਦੂਰ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ, ਉਨ੍ਹਾਂ ਵਿਚ ਚਰਿੱਤਰ ਦੀ ਅਨੈਤਿਕਤਾ ਪ੍ਰਮੁੱਖ ਹੈ।

**ਏਕਾ ਨਾਰੀ ਜਤੀ ਹੋਇ**
**ਪਰ ਨਾਰੀ ਧੀ ਭੈਣ ਵਖਾਣੈ**
**ਦੇਖਿ ਪਰਾਈਆਂ ਚੰਗੀਆਂ**
**ਮਾਵਾਂ ਭੈਣਾਂ ਧੀਆਂ ਜਾਣੈ**
(ਵਾਰਾਂ ਭਾਈ ਗੁਰਦਾਸ ਜੀ, ੨੯-੧੧)

ਗੁਰੂ ਸਾਹਿਬ ਨੇ ਪਰਾਈ ਇਸਤਰੀ ਦੇ ਸੰਗ ਨੂੰ ਸੱਪ ਦਾ ਸਾਥ ਕਰਨ ਬਰਾਬਰ ਕਰਾਰ ਦਿੱਤਾ ਹੈ।

**ਜੈਸਾ ਸੰਗੁ ਬਿਸੀਅਰ ਸਿਉ ਹੈ ਰੇ,**
**ਤੈਸੋ ਹੀ ਇਹੁ ਪਰ ਗ੍ਰਿਹੁ**
(ਆਸਾ ਮ. ੫, ਅੰਗ : ੪੦੩)

ਧਰਮ ਦੇ ਚੋਲੇ ਵਿਚ ਬੈਠੇ ਉਨ੍ਹਾਂ ਕਾਮੀ ਮਨੁੱਖਾਂ ਨੂੰ ਵੀ ਗੁਰੂ ਸਾਹਿਬ ਵੱਡੀ ਫਿਟਕਾਰ ਪਾਉਂਦਿਆਂ ਉਨ੍ਹਾਂ ਨੂੰ ਇਨ੍ਹਾਂ ਕਾਲੀਆਂ ਕਰਤੂਤਾਂ ਦੇ ਭਿਆਨਕ ਅੰਜਾਮ ਤੋਂ ਸੁਚੇਤ ਕਰਦੇ ਹਨ, ਜਿਹੜੇ ਬਾਹਰੋਂ ਤਾਂ ਬਹੁਤ ਚਰਿੱਤਰਵਾਨ ਦਿਖਾਈ ਦਿੰਦੇ ਹਨ, ਪਰ ਉਹ ਆਪਣੇ ਵਲੋਂ ਦੁਨੀਆ ਤੋਂ ਲੁਕ-ਛਿਪ ਕੇ ਕੁਕਰਮ ਕਰਦੇ ਹਨ ਤਾਂ ਜੋ ਦੁਨੀਆ ਨੂੰ ਉਨ੍ਹਾਂ ਦੇ ਮੰਦੇ ਕਰਮਾਂ ਦਾ ਪਤਾ ਨਾ ਲੱਗ ਸਕੇ।

**ਦੇਇ ਕਿਵਾੜ ਅਨਿਕ ਪੜਦੇ ਮਹਿ,**
**ਪਰ ਦਾਰਾ ਸੰਗਿ ਫਾਕੈ**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ,**
**ਤਬ ਕਉਣੁ ਪੜਦਾ ਤੇਰਾ ਢਾਕੈ**
(ਸੋਰਠਿ ਮ. ੫, ਅੰਗ : ੬੧੬)

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਿੱਤਰ ਉਸਾਰੀ ਦੀ ਉਤਮ ਮਿਸਾਲ ਅਤੇ ਨੈਤਿਕਤਾ ਦੀ ਸੁੱਚਮਤਾ ਦੀ ਮਹਨਤਾ ਦਾ ਬਾਖ਼ੂਬ ਵਰਣਨ ਕੀਤਾ ਹੈ।

**ਸੁਧਿ ਜਬ ਤੇ ਹਮ ਧਰੀ,**
**ਬਚਨ ਗੁਰ ਦਏ ਹਮਾਰੇ**
**ਪੂਤ ਇਹੈ ਪ੍ਰਨ ਤੋਹਿ,**
**ਪ੍ਰਾਨ ਜਬ ਲਗ ਘਟ ਥਾਰੇ।**
**ਨਿਜ ਨਾਰੀ ਕੇ ਸੰਗ,**
**ਨੇਹ ਤੁਮ ਨਿਤ ਬਢੈਯਹੁ**



**ਪਰ ਨਾਰੀ ਕੀ ਸੇਜ,**
**ਭੂਲਿ ਸੁਪਨੇ ਹੂੰ ਨਾ ਜੈਯਹੁ**
(ਪਾ. ੧੦, ਦਸਮ ਗ੍ਰੰਥ ਸਾਹਿਬ)

ਸਿੱਖ ਧਰਮ ਵਿਚ ਨੈਤਿਕਤਾ ਅਤੇ ਚਰਿੱਤਰ ਦੀ ਸੁੱਚਮਤਾ ਬਾਰੇ ਇੰਨਾ ਸਪੱਸ਼ਟ ਤੌਰ 'ਤੇ ਜ਼ੋਰ ਦਿੱਤਾ ਗਿਆ ਹੈ, ਪਰ ਅੱਜ ਸਾਡੀ ਨਵੀਂ ਪੀੜ੍ਹੀ ਅਨੈਤਿਕਤਾ ਦੀ ਡੂੰਘੀ ਦਲਦਲ ਵਿਚ ਫਸਦੀ ਜਾ ਰਹੀ ਹੈ। ਲੋੜ ਹੈ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਦੇ ਚਾਨਣ ਵਾਲੀ ਨਿੱਘੀ ਗੋਦ ਵਿਚ ਬਿਠਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਨੈਤਿਕਤਾ ਅਤੇ ਆਦਰਸ਼ ਚਰਿੱਤਰ ਵਿਚ ਦ੍ਰਿੜ ਬਣਾਉਣ ਦੀ ਅਤੇ ਇਤਿਹਾਸ 'ਚ ਸਿੱਖਾਂ ਦੇ ਬੁਲੰਦ ਇਖ਼ਲਾਕੀ ਕਿਰਦਾਰ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣ ਦੀ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ, ਰਵਾਇਤੀ ਸੰਪਰਦਾਵਾਂ, ਟਕਸਾਲਾਂ ਤੇ ਸਿੱਖੀ ਸੰਸਥਾਵਾਂ/ ਜਥੇਬੰਦੀਆਂ ਨੂੰ ਧਰਮ ਪ੍ਰਤੀ ਨਿਰੋਲ ਪੇਸ਼ੇਵਰ ਵਿਆਖਿਆ ਤਿਆਗਣੀ ਪਵੇਗੀ। ਧਰਮ ਦੇ ਸਰਬਰਾਹ ਪਹਿਲਾਂ ਖ਼ੁਦ ਨੂੰ ਗੁਰਬਾਣੀ ਆਸ਼ੇ ਅਨੁਸਾਰ ਢਾਲਣ। ਸਿੱਖੀ ਸੰਸਥਾਵਾਂ ਗ੍ਰੰਥੀਆਂ, ਸੇਵਾਦਾਰਾਂ, ਰਾਗੀਆਂ ਅਤੇ ਪ੍ਰਚਾਰਕਾਂ ਦੀ ਸਿਖਲਾਈ ਲਈ ਖੋਲ੍ਹੇ ਵਿਦਿਆਲਿਆਂ ਵਿਚ ਸਿੱਖਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦੇ ਸਰੋਤਾਂ ਵਿਚ ਦੱਸੀ ਨੈਤਿਕਤਾ ਅਤੇ ਧਾਰਮਿਕ ਆਚਰਣ ਤੋਂ ਸੇਧ ਦੇ ਕੇ ਉਨ੍ਹਾਂ ਦੀ ਚਰਿੱਤਰ ਉਸਾਰੀ ਕਰਨ। ਨੌਜਵਾਨ ਪੀੜ੍ਹੀ ਨੂੰ ਦੁਰਕਾਰਨ ਦੀ ਥਾਂ ਕਲਾਵੇ ਵਿਚ ਲੈ ਕੇ ਉਨ੍ਹਾਂ ਦੇ ਚਰਿੱਤਰ ਉਸਾਰੀ ਕੈਂਪ ਲਗਾਉਣ ਵਰਗੇ ਕਦਮ ਉਠਾਉਣੇ ਸਮੇਂ ਦੀ ਮੁੱਖ ਲੋੜ ਹੈ, ਤਾਂ ਜੋ ਨਵੀਂ ਪੀੜ੍ਹੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਮੋਲ ਫ਼ਲਸਫ਼ੇ 'ਚ ਦੱਸੀ ਜੀਵਨ ਮਰਿਆਦਾ ਅਨੁਸਾਰ ਉੱਚੇ-ਸੁੱਚੇ ਚਰਿੱਤਰਵਾਨ ਬਣਾਇਆ ਜਾ ਸਕੇ।

# ਸਾਡੇ ਕਿਰਦਾਰ ਨੂੰ ਉੱਚਾ ਕਰਦਾ ਹੈ ਮਿੱਠਾ ਬੋਲਣਾ



**ਇਕਵਾਕ ਸਿੰਘ ਪੱਟੀ**

ਭਾਵੇਂ ਕਿ ਸਾਡੇ ਚੰਗੇ ਮੰਦੇ ਹੋਣ ਦਾ ਅੰਦਾਜ਼ਾ ਜਿਆਦਾਤਰ ਸਾਡੇ ਕੱਪੜੇ ਪਹਿਨਣ ਦੇ ਸਲੀਕੇ ਤੋਂ ਹੀ ਲਗਾ ਲਿਆ ਜਾਂਦਾ ਹੈ ਜਾਂ ਸਾਡੀ ਸੱਭਿਅਤਾ ਵਿੱਚ ਕਿਸੇ ਦੇ ਰੰਗ ਰੂਪ ਤੋਂ ਹੀ ਕਿਸੇ ਵਿਅਕਤੀ ਵਿਸ਼ੇਸ਼ ਬਾਰੇ ਮਨਮਰਜ਼ੀ ਦੇ ਅੰਦਾਜ਼ੇ ਲਗਾ ਲਏ ਜਾਂਦੇ ਹਨ। ਪਰ ਇਹ ਅਟੱਲ ਸੱਚਾਈ ਹੈ ਕਿ ਜਦੋਂ ਇੱਕ ਵਿਅਕਤੀ ਦੀ ਦੂਜੇ ਵਿਅਕਤੀ ਨਾਲ ਸਾਂਝ ਪੈਂਦੀ ਹੈ ਤਾਂ ਸੱਭ ਤੋਂ ਪਹਿਲਾ ਪ੍ਰਭਾਵ ਸਾਡੀ ਬੋਲ ਬਾਣੀ ਤੋਂ ਪੈਂਦਾ ਹੈ। ਸਾਡੇ ਵੱਲੋਂ ਬੋਲੇ ਜਾ ਰਹੇ ਲਫਜ਼ਾਂ ਅਤੇ ਸਾਡੇ ਲਹਿਜੇ ਤੋਂ ਸਾਡੇ ਸਾਰੇ ਕਿਰਦਾਰ ਦਾ ਅੰਦਾਜ਼ਾ ਝੱਟ ਹੀ ਲੱਗ ਜਾਂਦਾ ਹੈ। ਜੇਕਰ ਸਾਡੇ ਬੋਲ ਸਹੀ ਵੀ ਹਨ ਪਰ ਲਹਿਜੇ ਵਿੱਚ ਮਿਠਾਸ ਨਹੀਂ ਤਾਂ ਅਸੀਂ ਉਹ ਪ੍ਰਭਾਵ ਦੂਜੇ ਵਿਅਕਤੀ ਉੱਤੇ ਨਹੀਂ ਪਾ ਸਕਦੇ ਜੋ ਨਿਮਰਤਾ ਸਹਿਤ ਗੱਲ ਕਰਨ ਵਾਲਾ, ਥੋੜੇ ਸ਼ਬਦਾਂ ਵਿੱਚ ਆਪਣੀ ਗੱਲ ਸਮਝਾਉਣ ਵਾਲਾ ਅਤੇ ਮਿੱਠਾ ਬੋਲਣ ਵਾਲਾ ਵਿਅਕਤੀ ਪਾ ਸਕਦਾ ਹੈ।

ਸਾਡੇ ਜੀਵਨ ਵਿੱਚ ਸ਼ੁੱਭ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਇਨ੍ਹਾਂ ਗੁਣਾਂ ਵਿੱਚੋਂ ਹੀ ਅਹਿਮ ਗੁਣ ਹੈ ਸਾਡੇ ਬੋਲਾਂ ਦੀ ਮਿਠਾਸ ਭਾਵ ਮਿੱਠਾ ਬੋਲਣਾ। ਜੋ ਸਾਡੇ ਕਿਰਦਾਰ ਨੂੰ ਹੋਰ ਵੀ ਉੱਚਾ ਕਰਦਾ ਹੈ। ਸਾਡੀ ਬੋਲਬਾਣੀ ਤੋਂ ਹੀ ਸਾਡੇ ਖਾਨਦਾਨ, ਸਾਡੀ ਵਿਰਾਸਤ ਅਤੇ ਸੱਭਿਆਚਾਰ ਦੀ ਪਹਿਚਾਣ ਹੁੰਦੀ ਹੈ। ਇੱਥੋਂ ਤੱਕ ਕਿ ਗੁਰਬਾਣੀ ਵਿੱਚ ਵੀ ਮਨੁੱਖ ਨੂੰ ਮਿੱਠਾ ਬੋਲਣ ਦੀ ਤਾਕੀਦ ਕਰਦਿਆ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ: ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ ਅਤੇ ਨਾਲ ਹੀ ਸਮਝਾਉਂਦੇ ਹਨ ਕਿ ਕਿਸੇ ਨੂੰ ਉੱਚਾ ਜਾਂ ਫਿਕਾ ਬੋਲ ਨਹੀਂ ਬੋਲਣਾ ਚਾਹੀਏ, 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥' ਭਾਵ ਜੋ ਮਨੁੱਖ



ਰੁੱਖੇ ਬਚਨ ਬੋਲਦਾ ਰਹੇ, ਤਾਂ ਉਸ ਦਾ ਤਨ ਅਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਜਿਸ ਕਰਕੇ ਮਨੁੱਖ ਦੇ ਅੰਦਰੋਂ ਪ੍ਰੇਮ ਉੱਡ ਜਾਂਦਾ ਹੈ। ਰੱਖਾ ਬੋਲਣਾ ਵਾਲਾ ਮਨੁੱਖ ਲੋਕਾਂ ਵਿੱਚ ਵੀ ਰੁੱਖਾ ਅਖਵਾਉਂਦਾ ਹੈ ਅਤੇ ਫਿਰ ਲੋਕ ਵੀ ਉਸਨੂੰ ਰੁੱਖੇ ਬਚਨਾਂ ਨਾਲ ਹੀ ਯਾਦ ਕਰਦੇ ਹਨ।

ਪਰ ਯਾਦ ਰਹੇ ਕੇਵਲ ਲੋਕ ਵਿਖਾਵੇ ਖਾਤਰ ਝੂਠੀ ਨਿਮਰਤਾ ਧਾਰਨ ਕਰਨੀ ਜਾਂ ਮਿੱਠਾ ਬੋਲਣਾ ਵੀ ਇੱਕ ਅਪਰਾਧ ਦੀ ਤਰ੍ਹਾਂ ਹੈ। ਅਜਿਹੇ ਲੋਕਾਂ ਵਾਸਤੇ ਹੀ ਲੋਕ ਕਹਾਵਤ ਹੈ, 'ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ।' ਇਸ ਲਈ ਸਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਸੰਸਾਰ ਵਿੱਚ ਸਮੂਹ ਜਾਤੀਆਂ ਵਿੱਚੋਂ ਮਨੁੱਖਾ ਜਾਤੀ ਹੀ ਅਜਿਹੀ ਹੈ ਜਿਸ ਕੋਲ ਸ਼ਬਦ ਭੰਡਾਰ ਹੋਣ ਦੇ ਨਾਲ ਪ੍ਰਮਾਤਮਾ ਵੱਲੋਂ ਬੋਲੀ/ਬਾਣੀ ਬਖਸ਼ਿਸ਼ ਕੀਤੀ ਹੈ, ਜਿਸ ਨਾਲ ਉਹ ਇੱਕ ਦੂਜੇ ਨਾਲ ਵਿਚਾਰਾਂ ਦੀ ਸਾਂਝ ਪਾ ਸਕਦਾ ਹੈ। ਗੁਰੂਬਾਣੀ ਸਮਝਾਉਂਦੀ ਹੈ ਕਿ, 'ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥' ਇਸ ਲਈ ਕੋਸ਼ਿਸ਼ ਕਰੀਏ ਕਿ ਜਦ ਵੀ ਬੋਲੀਏ, ਜਿੱਥੇ ਵੀ ਬੋਲੀਏ, ਜਿਸ ਵੀ ਹਾਲਤ ਵਿੱਚ ਬੋਲੀਏ, ਭਲਾ ਬੋਲੀਏ, ਚੰਗਾ ਬੋਲੀਏ ਅਤੇ ਮਿੱਠਾ ਬੋਲੀਏ। ਆਮੀਨ!

# ਤਵਾਰੀਖ਼ ਦੇ ਪੰਨਿਆਂ ’ਤੇ ਜੂਨ 1984

## ਦਰਬਾਰ ਸਾਹਿਬ ਨੂੰ ਹਮਲੇ ਲਈ ਚੁਣਨਾ ਸਰਕਾਰ ਦੀ ਅੱਤ ਘਿਨਾਉਣੀ ਜ਼ਾਲਮ ਨੀਤੀ



**ਪਰਮਪਾਲ ਸਿੰਘ ਸਭਰਾਅ**

**9814991699**

4 ਜੂਨ ਸਵੇਰੇ 4 ਵੱਜ ਕੇ 40 ਮਿੰਟ ਤੇ ਤੋਪ ਦਾ ਗੋਲਾ ਅਕਾਲ ਤਖ਼ਤ ਸਾਹਿਬ ਦੇ ਸੁਨਹਿਰੀ ਗੁੰਬਦ ਤੇ..

3 ਜੂਨ ਤੱਕ ਦੇ ਵਰਤਾਰੇ ਵਿਚ ਅਸੀਂ ਪੜ ਚੁਕੇ ਹਾਂ ਕਿ ਇਹ ਦਿੱਲੀਓਂ ਤੁਰੀ ਜੰਗ ਕਿਵੇਂ ਸਿੱਖ ਕੌਮ ਦੇ ਆਣ ਗਲ ਪਈ ਸੀ, ਇਸ ਤੋਂ ਅੱਗੇ ਦੀ ਗਾਥਾ ਇਸ ਨੁਕਤੇ ’ਤੇ ਆਧਾਰਿਤ ਹੋਵੇਗੀ ਕਿ ਸਿੱਖ ਫੇਰ ਕਿਵੇਂ ਲੜੇ ਸੀ, ਦਿੱਲੀ ਦੇ ਹਾਕਮ ਪਤਾ ਨਹੀਂ ਕਿਵੇਂ ਭੁੱਲ ਗਏ ਕਿ ਖੰਡੇ ਦੀ ਧਾਰ ਵਿੱਚੋਂ ਪੈਦਾ ਹੋਈ ਕੌਮ ਲਈ ਜੰਗ ਦਾ ਵਰਤਾਰਾ ਤਾਂ ਧਰਮ ਯੁੱਧ ਦਾ ਰੂਪ ਹੈ,

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

ਗੁਰਬਾਣੀ ਦਾ ਇਹ ਗੁਰਵਾਕ ਤਾਂ ਸਿੱਖ ਕੌਮ ਦੇ ਖ਼ੂਨ ਵਿਚ ਡੀ ਐਨ ਏ ਵਾਂਗ ਹੈ, ਜਿਹੜੀ ਕੌਮ ਮੁਗਲਾਂ, ਅਫਗਾਨਾਂ, ਅੰਗਰੇਜ ਹਕੂਮਤਾਂ ਨੂੰ ਲੋਹੇ ਦੇ ਚਣੇ ਚਬਾ ਚੁੱਕੀ ਸੀ ਉਹ ਟੈਂਕਾਂ ਤੋਪਾਂ ਦੇ ਗੋਲਿਆਂ ਤੋਂ ਕਿਥੋਂ ਡਰਨ ਵਾਲੀ ਸੀ, ਨਾਲੇ ਹੁਣ ਤੱਕ ਸਿੱਖਾਂ ਦੀ ਟੱਕਰ ਬੇਗਾਨੇ ਵਿਦੇਸ਼ੀ ਧਾੜਵੀਆਂ ਨਾਲ ਹੋਈ। ਇਸ ਵਾਰ ਤਾਂ ਆਖਣ ਨੂੰ ਨਹੁੰ ਮਾਸ ਦੇ ਰਿਸ਼ਤੇ ਵਾਲਿਆਂ ਨਾਲ ਟੱਕਰ ਸੀ ਜਿਨਾਂ ਦੀ ਜੰਗਜੂ ਔਕਾਤ ਬਾਰੇ ਸਿੱਖ ਕੌਮ ਭਲੀ-ਭਾਂਤ ਜਾਣੂ ਸੀ, ਪਰ ਹਿੰਦ ਹਕੂਮਤ ਦਿੱਲੀ ਤਖ਼ਤ ਦੀ ਕੁਰਸੀ ਦੇ ਨਸ਼ੇ ਵਿਚ ਸਿੱਖ ਕੌਮ ਦੀਆਂ ਕੁਰਬਾਨੀਆਂ ਤੇ ਰਵਾਇਤਾਂ ਭੁੱਲ ਕੇ 4 ਜੂਨ ਸਵੇਰੇ 4 ਵੱਜ ਕੇ 40 ਮਿੰਟ ’ਤੇ ਤੋਪ ਦਾ ਗੋਲਾ ਅਕਾਲ ਤਖ਼ਤ ਸਾਹਿਬ ਦੇ ਸੁਨਹਿਰੀ ਗੁੰਬਦ ’ਤੇ ਸੁੱਟ ਕੇ ਜੰਗ ਦਾ ਆਗਾਜ ਕਰਦੀ ਹੈ। ਭਾਰਤੀ ਫੌਜ ਦੀ ਅਗਵਾਈ ਮੇਜਰ ਜਰਨਲ ਕੁਲਦੀਪ ਬਰਾੜ ਕਰ ਰਿਹਾ ਸੀ, ਜਿਸ ਦਾ ਚੀਫ ਕਮਾਂਡਿੰਗ ਅਫਸਰ ਜਰਨਲ ਅਰੁਣ ਵੈਦਿਆ ਸੀ ਅਤੇ ਨਾਲ ਲੈ.ਜਰਨਲ ਰਣਜੀਤ ਦਿਆਲ ,ਤੇ ਲੈ. ਜਰਨਲ ਸੁੰਦਰਜੀ ਸੀ । ਏਧਰ ਕੌਮੀ ਜੰਗਜੂਆਂ ਦੀ ਖਾਲਸਈ ਜੁਝਾਰੂ ਫੌਜ ਜਿਸ ਦੀ ਗਿਣਤੀ ਕੇਵਲ 200 ਤੋਂ 250 ਸੀ, ਇਸ ਦੀ ਅਗਵਾਈ ਬਾਬਾ ਜਰਨੈਲ ਸਿੰਘ ਕਰ ਰਹੇ ਸੀ ਤੇ ਕਮਾਂਡ ਜਰਨਲ ਸੁਬੇਗ ਸਿੰਘ ਕਰ ਰਹੇ ਸਨ। ਜਰਨਲ ਸੁਬੇਗ ਸਿੰਘ ਦਾ ਖਾਨਦਾਨੀ ਪਿਛੋਕੜ ਸ਼ਹੀਦ ਭਾਈ ਮਹਿਤਾਬ ਸਿੰਘ ਮੀਰਾਂਕੋਟ ਵਿਚੋਂ ਹੈ ਜਿਨਾਂ ਨੇ ਹਰਿਮੰਦਰ ਸਾਹਿਬ ਦੀ ਅਜਮਤ ਦੀ ਰਾਖੀ ਲਈ ਮੱਸੇ ਰੰਘੜ ਦਾ ਸਿਰ ਵੱਢਿਆ ਸੀ । ਪੇਸ਼ੇ ਦੇ ਤੌਰ ’ਤੇ ਉਹ ਭਾਰਤੀ ਫੌਜ ਦੇ ਜਰਨਲ ਸਨ ਤੇ ਉਨਾਂ ਨੂੰ ਚੋਟੀ ਦੀ ਜੰਗੀ ਮੁਹਾਰਤ ਹਾਸਲ ਸੀ, ਸੰਤ ਜਰਨੈਲ ਸਿੰਘ ਦੇ ਹੁਕਮ ਅਨੁਸਾਰ ਕਿ ‘ਜੇ ਫੌਜ ਹਮਲਾ ਕਰੇਗੀ ਤਾਂ ਐਸੀ ਧੂੜ ਚਟਾਈ ਜਾਵੇਗੀ ਕਿ ਰਹਿੰਦੀ ਦੁਨੀਆਂ ਤੱਕ ਇਹ ਲੜਾਈ ਯਾਦ ਕੀਤੀ ਜਾਵੇਗੀ’ ਇਹ ਮਹਿਜ ਇਕ ਬਿਆਨ ਨਹੀਂ ਸੀ। ਇਸ ਆਸ਼ੇ ਦੀ ਪੂਰਤੀ ਲਈ ਜਰਨਲ ਸੁਬੇਗ ਸਿੰਘ ਨੇ ਆਹਲਾ ਦਰਜੇ ਦੀ ਜੰਗੀ ਤਿਆਰੀ ਕੀਤੀ ਸੀ। ਉਨਾਂ ਕੋਲ ਭਾਵੇਂ ਬਿਨਾ ਕਿਸੇ ਫੌਜੀ ਟ੍ਰੇਨਿੰਗ ਤੋਂ ਮੁੱਠੀ ਭਰ ਯੋਧੇ ਸਨ ਪਰ ਉਨਾਂ ਨੇ ਕਮਾਲ ਦੀ ਮੋਰਚਾਬੰਦੀ ਕੀਤੀ ਹੋਈ ਸੀ, ਜਨਰਲ ਸਾਹਿਬ ਦੀ ਮੋਰਚਾਬੰਦੀ ਅਤੇ ਕੌਮੀ ਜੰਗਜੂਆਂ ਦੀ ਯੁੱਧ ਕਲਾ ਦਾ ਅੰਦਾਜਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਦੁਨੀਆਂ ਦੀ ਤੀਜੀ ਵੱਡੀ ਜੰਗੀ ਤਾਕਤਵਰ ਭਾਰਤੀ ਫੌਜ ਨੂੰ ਹਾਰ ਹੁੰਦੀ ਵੇਖਕੇ ਅਜੰਤਾ ਟੈਂਕ ਦੇ 105 ਐੱਮ ਐੱਮ ਦੇ ਬੰਬ ਸੁੱਟ ਕੇ ਜੰਗ ਦਾ ਫੈਸਲਾ ਨਿਬੇੜਨਾ ਪਿਆ। ਦਰਬਾਰ ਸਾਹਿਬ ਸਮੂਹ ਦੇ ਬਾਹਰਵਾਰ ਉੱਚੀਆਂ ਇਮਾਰਤਾਂ ’ਤੇ 17 ਮੋਰਚੇ ਸਨ। ਲੰਗਰ, ਬੁੰਗਾ ਰਾਮਗੜੀਆ ਦੀ ਬੇਸਮੇਂਟ ਤੇ ਦੋਵੇਂ ਬੁੰਗੇ, ਸਰਾਂ ਵਾਲੇ ਪਾਸੇ ਪਾਣੀ ਦੀ ਟੈਂਕੀ, ਅਖਾੜਾ ਬ੍ਰਹਮ ਬੂਟਾ, ਗੁਰੂ ਨਾਨਕ ਨਿਵਾਸ, ਗੁਰਦੁਆਰਾ ਬਾਬਾ



ਅਟੱਲ ਰਾਏ, ਆਦਿਕ ਬਾਹਰਵਾਰ ਦੇ ਮੋਰਚੇ ਸਨ। ਦਰਬਾਰ ਸਾਹਿਬ ਅੰਦਰ ਆ ਰਹੇ ਸਾਰੇ ਰਸਤਿਆਂ ’ਤੇ ਮੋਰਚੇ ਸਨ, ਅਕਾਲ ਤਖ਼ਤ ਸਾਹਿਬ ਦੇ ਦੁਆਲੇ ਅੰਗਰੇਜ਼ੀ ਅੱਖਰ ਡੀ (4) ਦੇ ਆਕਾਰ ਵਿਚ ਮੁੱਖ ਮੋਰਚਾ ਸੀ ਜਿਸ ਦੀ ਡਿਫੈਂਸ ਲਾਈਨ ਟੈਂਕਾਂ ਦੇ ਅੰਦਰ ਆਉਣ ਤੱਕ ਫੌਜ ਤੋਂ ਨਹੀਂ ਟੁੱਟ ਸਕੀ। ਜੰਗਜੂ ਜੱਥਿਆਂ ਵਿਚ ਦਮਦਮੀ ਟਕਸਾਲ ਤੋਂ ਇਲਾਵਾ ਸਿੱਖ ਸਟੂਡੈਂਟ ਫੈਡਰੇਸ਼ਨ, ਬੱਬਰ ਖਾਲਸਾ, ਅਕਾਲ ਫੈਡਰੇਸ਼ਨ, ਕਾਰ ਸੇਵਾ ਵਾਲੇ ਕੌਮੀ ਯੋਧੇ ਦਰਬਾਰ ਸਾਹਿਬ ਦੀ ਅਜਮਤ ਲਈ ਜੂਝ ਰਹੇ ਸਨ।

3 ਜੂਨ ਦੀ ਆਖਰੀ ਪ੍ਰੈਸ ਵਾਰਤਾ ਵਿਚ ਸੁਭਾਸ਼ ਕਿਰਪੇਕਾਰ ਨੇ ਸੰਤ ਜੀ ਨੂੰ ਪੁੱਛਿਆ ਕਿ ਭਾਰਤੀ ਫੌਜ ਦੇ ਮੁਕਾਬਲੇ ਤੁਹਾਡੀ ਗਿਣਤੀ ਨਾਮਾਤਰ ਹੈ ਤਾਂ ਸੰਤ ਜੀ ਨੇ ਹੱਸ ਕੇ ਜੁਆਬ ਦਿੱਤਾ ਕਿ ਹਜ਼ਾਰਾਂ ਭੇਡਾਂ ਦੇ ਵੱਡੇ ਵੱਗ ਤੇ ਇਕੱਲਾ ਸ਼ੇਰ ਹੀ ਭਾਰੂ ਹੁੰਦਾ ਹੈ, ਇਸ ਬਿਆਨ ਨੇ ਵਾਕਿਆ ਹੀ ਇਤਿਹਾਸ ਸਿਰਜ ਦਿੱਤਾ, 4 ਜੂਨ ਦੀ ਸਵੇਰ ਨੂੰ ਭਾਰਤੀ ਫੌਜ, ਸੀ ਆਰ ਪੀ, ਐਸ ਐਫ ਐਫ ਅਤੇ ਬੀ ਐਸ ਐੱਫ ਨੇ ਸਾਂਝੇ ਤੌਰ ’ਤੇ ਇਸ ਅਸਾਵੀਂ ਜੰਗ ਨੂੰ ਆਪ੍ਰੇਸ਼ਨ ਬਲਿਊ ਸਟਾਰ ਕੋਡ ਦੇ ਕੇ ਦਰਬਾਰ ਸਾਹਿਬ ਤੇ ਚੌਤਰਫਾ ਹਮਲਾ ਕੀਤਾ। ਹਮਲੇ ਲਈ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਨ ਨੂੰ ਚੁਣਨਾ ਭਾਰਤੀ ਫੌਜ ਦੇ ਜ਼ੁਲਮ ਦੀ ਸਿਖਰ ਸੀ, ਪਰ ਇਸ ਦਿਨ ਦੀ ਮਹੱਤਤਾ ਸਿੱਖ ਜੰਗਜੂਆਂ ਲਈ ਵੱਡੀ ਪ੍ਰੇਰਨਾ ਦਾ ਮਰਕਜ਼ ਸੀ । ਫੌਜੀ ਜਰਨੈਲਾਂ ਨੇ ਸੂਹੀਆ ਵਿਭਾਗ ਤੋਂ 200 ਜੁਝਾਰੂਆਂ ਦੀ ਗਿਣਤੀ ਸੁਣ ਕੇ ਕਿਆਫ਼ਾ ਲਗਾਇਆ ਸੀ ਕਿ ਵੱਧ ਤੋਂ ਵੱਧ 2 ਘੰਟਿਆਂ ਦੇ ਮੁਕਾਬਲੇ ਵਿਚ ਜੰਗ ਜਿੱਤ ਲਈ ਜਾਵੇਗੀ ਪਰ 6 ਜੂਨ ਦੀ ਸਵੇਰ ਤੱਕ ਲੜਦਿਆਂ ਲੜਦਿਆਂ ਸੈਂਕੜੇ ਫੌਜੀਆਂ ਦੀ ਜਾਨ ਮਾਲ ਦਾ ਬਹੁਤ ਭਾਰੀ ਨੁਕਸਾਨ ਕਰਵਾ ਕੇ ਵੀ ਭਾਰਤੀ ਫੌਜ ਪਰਿਕਰਮਾ ਦੇ ਨੇੜੇ ਤੱਕ ਵੀ ਨਹੀਂ ਜਾ ਸਕੀ ਸੀ, ਬਾਹਰਵਾਰ ਦੀਆਂ ਉੱਚੀਆਂ ਇਮਾਰਤਾਂ ਤੋਂ ਹੀ ਗੋਲੀਬਾਰੀ ਕੀਤੀ ਜਾ ਰਹੀ ਸੀ, ਜਰਨਲ ਕੁਲਦੀਪ ਬਰਾੜ ਜੰਗੀ ਪੈਂਤੜੇ ਬਦਲ ਬਦਲ ਕੇ ਅੱਕ ਗਿਆ ਸੀ, ਹਰ ਹੀਲਾ ਵਰਤ ਕੇ ਵੀ ਪਿਆਦਾ ਫੌਜ ਕਿਸੇ ਇਕ ਪਾਸਿਓਂ ਵੀ ਅੰਦਰ ਨਹੀਂ ਲੰਘ ਸਕੀ ਸੀ, ਖਾਲਸਾਈ ਜਜ਼ਬਿਆਂ ਨੇ ਇਤਿਹਾਸ ਸਿਰਜਦਿਆਂ ਹੋਇਆਂ ਭਾਰਤੀ ਫੌਜ ਨੂੰ ਮੂੰਹ-ਤੋੜ ਜੁਆਬ ਦਿੱਤਾ ਜਿਸ ਦਾ ਜਰਨਲ ਬਰਾੜ ਨੇ ਸੁਪਨੇ ਵਿਚ ਵੀ ਅੰਦਾਜਾ ਨਹੀਂ ਲਗਾਇਆ ਸੀ। ਅਖੀਰ ਨੂੰ ਹਾਰਕੇ ਕਮਾਂਡੋ ਯੂਨਿਟ ਨੂੰ ਪਰਿਕਰਮਾ ਵਿਚ ਉਤਾਰਨ ਦੀ ਵਿਉਂਤ ਬਣਾਈ ਗਈ, ਪਰ ਸੰਤ ਜੀ ਦੇ ਜੰਗਜੂਆਂ ਨੂੰ ਸਖ਼ਤ ਹੁਕਮ ਸੀ ਕਿ ਜਿਉਂਦਾ ਫੌਜੀ ਪਰਿਕਰਮਾ ਵਿਚ ਨਹੀਂ ਆਉਣਾ ਚਾਹੀਦਾ, ਜੰਗਜੂਆਂ ਨੇ ਇਸ ਹੁਕਮ ਤੇ ਫੁੱਲ ਚਾੜੇ ਤੇ ਸੁਪਰ ਕਮਾਂਡੋ ਦਸਤੇ ਦਾ ਇਕ ਵੀ ਜਵਾਨ ਜਿਉਂਦਾ ਪਰਿਕਰਮਾ ਵਿਚ ਪੈਰ ਨਹੀਂ ਰੱਖ ਸਕਿਆ, ਬਚੇ ਹੋਏ ਜਿਉਂਦਿਆਂ ਨੂੰ ਵਾਪਸ ਮੁੜਨਾ ਪਿਆ ।

.....ਚਲਦਾ



# ਸਮਾਜ ਦਾ ਘਿਨਾਉਣਾ ਰੂਪ



**ਡਾ. ਹਰਸ਼ਿੰਦਰ ਕੌਰ, ਐਮ. ਡੀ.**

ਗ਼ੱਲ ਤੇਲੀਆਂ ਦੀ ਫਰਵਾਹੀ ਪਿੰਡ ਦੀ ਹੈ। ਦਿਹਾੜੀ ਕਰਦੇ ਇਕ ਬੰਦੇ ਨਾਲ ਗ਼ੱਲ ਕਰਦਿਆਂ ਜਦੋਂ ਉਹ ਆਪਣਾ ਦਿਲ ਫਰੋਲਣ ਲੱਗਿਆ ਤਾਂ ਮੈਨੂੰ ਉਸ ਦੀਆਂ ਯਾਦਾਂ ਵਿਚਲੀ ਉਡਦੀ ਸੁਆਹ ਵਿੱਚੋਂ ਬਹੁਤ ਕੁੱਝ ਹਾਸਲ ਹੋਇਆ।

ਉਸ ਨੇ ਦੱਸਿਆ ਕਿ ਉਸ ਦੀ ਮਾਂ ਨੇ ਅੱਖੀਂ ਵੇਖੇ ਕਈ ਦਰਦਨਾਕ ਸੱਚ ਉਸ ਨੂੰ ਸੁਣਾਏ ਸਨ। ਉਸ ਨੇ ਉਹ ਗੱਲਾਂ ਮੇਰੇ ਨਾਲ ਸਾਂਝੀਆਂ ਕਰਨ ਲੱਗਿਆਂ ਖ਼ੌਰੇ ਕਿੰਨੀ ਵਾਰ ਹੰਝੂ ਕੇਰੇ। ਉਸ ਦੱਸਿਆ ਕਿ ਦੇਸ਼ ਦੀ ਵੰਡ ਮੌਕੇ ਉਨਾਂ ਦੇ ਪਿੰਡ ਵਿਚ ਇਕ ਖੂਹੀ ਪੁੱਟਣੀ ਪਈ ਸੀ, ਕਿਉਂਕਿ ਜਿੰਨੇ ਤਗੜੇ ਮੁਸਲਮਾਨ ਉੱਥੇ ਰਹਿੰਦੇ ਸਨ ਉਨਾਂ ਸਾਰਿਆਂ ਦੇ ਸਾਰੇ-ਸਾਰੇ ਟੱਬਰ ਵੱਢ ਸੁੱਟੇ ਗਏ ਸਨ। ਗੁਆਂਢੀਆਂ ਨੇ ਹੀ ਘਰ ਬਾਰ ਲੁੱਟਣ ਖ਼ਾਤਰ ਇੱਕ ਘੰਟੇ ਦੇ ਜੰਮੇ ਬੱਚੇ, 5 ਦਿਨਾਂ ਦੇ ਬੱਚੇ, 6 ਮਹੀਨਿਆਂ ਦੀ ਉਮਰ ਦੇ ਬੱਚੇ ਅਤੇ ਜਵਾਨਾਂ ਸਮੇਤ 100 ਸਾਲ ਤੱਕ ਦੇ ਬਜ਼ੁਰਗ ਕੱਟ ਵੱਢ ਕੇ ਇੱਕੋ ਖੂਹ ਵਿਚ ਦਫ਼ਨ ਕਰ ਦਿੱਤੇ ਸਨ।

ਉਸ ਦੀ ਮਾਂ ਨੇ ਕੁੱਝ ਦਿਲ ਚੀਰਵੇਂ ਦ੍ਰਿਸ਼ ਵੀ ਵੇਖੇ ਸਨ। ਗੁਰਦੁਆਰੇ ਦੀਆਂ ਪੌੜੀਆਂ ਸਾਹਮਣੇ ਦੋ ਮੁਸਲਮਾਨ ਔਰਤਾਂ ਵੱਢੀਆਂ ਪਈਆਂ ਸਨ, ਜਿਨਾਂ ਦੇ ਦੁੱਧ ਪੀਂਦੇ ਬੱਚੇ ਮਾਂ ਦੀ ਲਾਸ਼ ਉੱਤੇ ਛਾਤੀ ਨਾਲ ਚਿੰਮੜੇ ਦੁੱਧ ਚੁੰਘਦੇ ਪਏ ਸਨ। ਆਲੇ-ਦੁਆਲੇ ਗਿਰਝਾਂ ਉਨਾਂ ਉੱਤੇ ਝਪੱਟਾ ਮਾਰਨ ਦੀ ਉਡੀਕ ਕਰ ਰਹੀਆਂ ਸਨ।

ਇਕ ਛੋਟੂ ਨਾਂ ਦੇ ਬੰਦੇ ਨੇ ਖਪਰੇ ਨਾਲ ਬਥੇਰੇ ਮੁਸਲਮਾਨ ਬੱਚੇ ਵੱਢੇ। ਉਸ ਦੇ ਤਾਏ ਨੇ ਆ ਕੇ ਉਸ ਨੂੰ ਕੁੱਟ-ਕੁੱਟ ਕੇ ਅਜਿਹਾ ਕਰਨ ਤੋਂ ਹਟਾਇਆ। ਨਤੀਜਾ ਕੀ ਹੋਇਆ? ਛੋਟੂ, ਜੋ ਕੱਟ ਵੱਢ ਕਰਦਾ ਪਿਆ ਸੀ, ਉਸ ਦੀ ਔਲਾਦ ਅੱਜ ਵੱਡੀਆਂ-ਵੱਡੀਆਂ ਮੱਲੀਆਂ ਹੋਈਆਂ ਕੋਠੀਆਂ ਵਿਚ ਐਸ਼ ਕਰ ਰਹੀ ਹੈ ਤੇ ਉਸ ਦੇ ਮਨੁੱਖੀ ਹੱਕਾਂ ਲਈ ਲੜਦੇ ਤਾਏ ਦੇ ਬੱਚੇ ਦਿਹਾੜੀ ਕਰਦੇ ਜਾਂ ਬੱਕਰੀਆਂ ਪਾਲਦੇ ਪਏ ਹਨ। ਉਸ ਦੱਸਿਆ ਕਿ ਉਹ ਉਸੇ ਤਾਏ ਦੀ ਪੁਸ਼ਤ ਵਿੱਚੋਂ ਹੈ। ਉਸ ਦੇ ਕੁੱਝ ਰਿਸ਼ਤੇਦਾਰ ਕਾਂਜਲੇ ਪਿੰਡ ਵਿਚ ਵੀ ਸਨ ਜਿੱਥੇ 20-20 ਕਿੱਲਿਆਂ ਦੇ ਮਾਲਕ ਮੁਸਲਮਾਨ ਵੀ ਵੱਢੇ ਟੁੱਕੇ ਗਏ ਸਨ। ਕੁੱਝ ਕੁ ਦੀਆਂ ਔਰਤਾਂ ਆਪਣੇ ਬੱਚੇ ਬਚਾ ਕੇ ਮਲੇਰਕੋਟਲੇ ਭੱਜ ਗਈਆਂ ਸਨ। ਉੱਥੇ ਉਹ ਖ਼ੌਰੇ ਕਿੰਨੀ-ਕਿੰਨੀ ਵਾਰ ਜਬਰ ਜ਼ਨਾਹ ਦਾ ਸ਼ਿਕਾਰ ਹੋਈਆਂ। ਉਨਾਂ ਦੇ ਬੱਚੇ ਹੁਣ ਦਿਹਾੜੀ ਕਰ ਕੇ ਢਿੱਡ ਪਾਲ ਰਹੇ ਹਨ।

ਉਸ ਦਿਹਾੜੀਦਾਰ ਦੀਆਂ ਅੱਖਾਂ ਇਹ ਸਭ ਸੁਣਾਉਂਦੀਆਂ ਬੜੀ ਵਾਰ ਭਰੀਆਂ, ਕਿਉਂਕਿ ਉਹ ਹਾਲੇ ਤੱਕ ਲੰਘ ਚੁੱਕਿਆ ਹਰ ਪਲ ਆਪਣੇ ਪਿੰਡੇ ਉੱਤੇ ਹੰਢਾ ਰਿਹਾ ਸੀ ਤੇ ਉਸ ਦਾ ਵੰਡ ਵੇਲੇ ਦਾ ਜ਼ਖ਼ਮ ਅਜੇ ਤੱਕ ਅੱਲਾ ਸੀ।

ਬੋਲਦਿਆਂ ਬੋਲਦਿਆਂ ਉਹ ਕੁੱਝ ਚਿਰ ਰੁਕ ਕੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਬੋਲਿਆ, 'ਏਨਾ ਯਾਦ ਰੱਖਿਓ ਮੈਂ ਰੁੱਤਾਂ ਬਥੇਰੀਆਂ ਬਦਲਦੀਆਂ ਵੇਖੀਆਂ ਨੇ। ਪੱਤੇ ਝੜਦੇ ਤੇ ਫੇਰ ਨਵੇਂ ਆ ਜਾਂਦੇ ਨੇ ਪਰ ਜੜਾਂ ਉਹੀ ਰਹਿੰਦੀਆਂ ਨੇ।' ਇਨਸਾਨਾਂ ਦਾ ਬਿਲਕੁਲ ਇਹੋ ਜਿਹਾ ਹੀ ਹਾਲ ਹੈ। ਮਾੜੇ ਲੋਕ ਕੁਰਸੀਆਂ ਮੱਲ ਲੈਂਦੇ ਨੇ ਤੇ ਪੱਕੀਆਂ ਜੜਾਂ ਵਾਂਗ ਨੇ। ਉਨਾਂ ਦੇ ਮੋਹਰੇ ਪੱਤਿਆਂ ਵਾਂਗ ਝੜਦੇ ਰਹਿੰਦੇ ਹਨ। ਸਾਡੇ ਵਰਗੇ ਆਮ ਲੋਕ ਉਮੀਦਾਂ ਲਾ ਕੇ ਬਹਿ ਜਾਂਦੇ ਨੇ। ਫੇਰ ਨਵੇਂ ਮੋਹਰੇ ਵਖਰੇ ਰੰਗ-ਰੂਪ ਵਿਚ ਓਹੋ ਘਾਣ ਕਰਦੇ ਨੇ। ਬਸ ਫੇਰ ਚੱਲ ਸੋ ਚੱਲ, ਜੜਾਂ ਤਾਂ ਉਹੋ ਨੇ, ਔਰਤਾਂ ਅਤੇ ਗ਼ਰੀਬਾਂ ਨਾਲ ਹੋ ਰਿਹਾ ਅੱਤਿਆਚਾਰ ਨਾ ਕਦੇ ਘਟਿਆ ਹੈ ਨਾ ਘਟੇਗਾ।'

ਗ਼ੱਲ ਦਿਲਚਸਪ ਸੀ। ਮੈਨੂੰ ਬਿਲਕੁਲ ਸਹੀ ਜਾਪੀ। ਸਮਾਂ ਬਦਲਦਾ ਹੈ, ਥਾਂ ਬਦਲਦੀ ਹੈ। ਨਵੇਂ ਚਿਹਰੇ ਆਉਂਦੇ ਹਨ, ਪਰ ਜ਼ੁਲਮ ਉਂਝ ਦਾ ਉਂਝ ਪਹਿਲਾਂ ਵਾਂਗ ਆਪਣੀ ਚਾਲ ਚਲਦਾ ਰਹਿੰਦਾ ਹੈ। ਚੰਗੇ ਲੋਕ ਚੁੱਪੀ ਸਾਧ ਇੰਝ ਹੀ ਜ਼ਿੰਦਗੀ ਬਤੀਤ ਕਰ ਤੁਰ ਜਾਂਦੇ ਹਨ। ਇਸੇ ਲਈ ਜ਼ੁਲਮ ਕਰਨ ਵਾਲਿਆਂ ਦੀ ਗਿਣਤੀ ਵੱਧ ਜਾਪਦੀ ਹੈ।

ਮੈਨੂੰ ਅੱਜ ਵੀ ਚੇਤੇ ਹੈ ਕਿ ਮੇਰੀ ਸਕੂਲ ਵੇਲੇ ਦੀ ਸਹੇਲੀ ਨੂੰ ਸਿਰਫ਼ ਇਸ ਲਈ ਸਕੂਲੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਉਸ ਨੂੰ ਸਾਈਕਲ ਉੱਤੇ ਸਕੂਲ ਆਉਂਦੀ ਨੂੰ ਰਾਹ ਵਿਚ ਇਕ ਵਾਰ ਇਕ ਮੁਸ਼ਟੰਡੇ ਨੇ ਸੀਟੀ ਮਾਰ ਦਿੱਤੀ ਸੀ ਤੇ ਇਸ ਬਾਰੇ ਉਸ ਨੇ ਆਪਣੀ ਮਾਂ ਨੂੰ ਦੱਸ ਦਿੱਤਾ ਸੀ। ਗ਼ਲਤੀ ਕਿਸਦੀ ਤੇ ਭੁਗਤਿਆ ਕਿਸ ਨੇ।

ਇੰਨ-ਬਿੰਨ ਇਹੋ ਕੁੱਝ ਮੇਰੇ ਪਤੀ ਦੀਆਂ ਦੋ ਛੋਟੀਆਂ ਮਾਸੀਆਂ ਨਾਲ ਰਾਮਪੁਰਾ ਫੂਲ ਵਿਚ ਹੋਇਆ ਸੀ। ਉਨਾਂ ਨੂੰ ਵੀ ਇਕ ਮਨਚਲੇ ਦੀ ਸੀਟੀ ਕਾਰਨ ਸਕੂਲ ਬਦਲਣਾ ਪਿਆ ਸੀ। ਹੁਣ ਤੀਹ ਸਾਲ ਬਾਅਦ ਕੀ ਬਦਲਾਓ ਆਇਆ ਹੈ, ਉਸ ਵਲ ਵੀ ਝਾਤ ਮਾਰੀਏ। ਕੀ ਉਸ ਦਿਹਾੜੀਦਾਰ ਦੀ ਕਹੀ ਗੱਲ ਸਹੀ ਨਹੀਂ ਹੈ?

ਅੱਜ ਦੇ ਦਿਨ ਵੀ ਖ਼ਬਰਾਂ ਅਨੁਸਾਰ 16 ਸਾਲਾ ਸੰਗਰੂਰ ਦੀ ਦਲਿਤ ਬੱਚੀ ਨੂੰ ਆਪਣੇ ਆਪ ਨੂੰ ਅੱਗ ਲਾ ਕੇ ਮਰ ਜਾਣਾ ਪਿਆ ਕਿਉਂਕਿ ਚਾਰ ਜੱਟ ਮੁੰਡਿਆਂ ਨੇ 20 ਦਿਨ ਉਸ ਨੂੰ ਛੇੜ-ਛੇੜ ਕੇ ਉਸ ਦਾ ਜੀਣਾ ਹਰਾਮ ਕਰ ਦਿੱਤਾ। ਉਨਾਂ ਵੱਲੋਂ ਕੀਤੀ ਭੱਦੀ ਛੇੜਛਾੜ ਨੂੰ ਰੋਕਣ ਉੱਤੇ ਉਨਾਂ ਸ਼ਰੇਆਮ ਉਸ ਨੂੰ ਥੱਪੜ ਤੱਕ ਜੜ ਦਿੱਤਾ। ਵਿਚਾਰੀ ਬੱਚੀ ਇਸ ਡਰ ਨੂੰ ਚੁੱਪ ਰਹਿ ਗਈ ਕਿ ਕਿਤੇ ਉਸ ਦਾ ਸਕੂਲ ਜਾਣਾ ਬੰਦ ਨਾ ਹੋ ਜਾਏ। ਜਦੋਂ ਪਾਣੀ ਸਿਰੋਂ ਲੰਘ ਗਿਆ ਤਾਂ ਉਸ ਨੇ ਆਪਣੇ ਆਪ ਨੂੰ ਅੱਗ ਲਾ ਕੇ ਖ਼ੁਦਕੁਸ਼ੀ ਕਰ ਲਈ ਤਾਂ ਜੋ ਉਸ ਦੇ ਗ਼ਰੀਬ ਮਾਪਿਆਂ ਲਈ ਕੋਈ ਖ਼ਤਰਾ ਨਾ ਰਹੇ।

ਭਾਰਤ ਦੇ ਨੈਸ਼ਨਲ ਕਰਾਈਮ ਬਿਊਰੋ ਦਾ ਰਿਕਾਰਡ ਦੱਸਦਾ ਹੈ ਕਿ ਅਜਿਹਾ ਕੋਈ ਇੱਕਾ ਦੁੱਕਾ ਕੇਸ ਨਹੀਂ ਹੈ। ਸਿਰਫ਼ ਸੰਨ 20 14 ਵਿਚ ਹੀ 36,700 ਜ਼ਬਰ ਜਨਾਹ ਦੇ ਕੇਸ ਰਿਪੋਰਟ ਹੋਏ ਹਨ। ਜਿਹੜੇ ਰਿਪੋਰਟ ਨਹੀਂ ਹੋਏ ਜਾਂ ਘਰਾਂ ਵਿਚ ਨਾਬਾਲਗ ਬੱਚੀਆਂ ਨਾਲ ਛੇੜਛਾੜ ਦੇ ਮਾਮਲੇ ਹਨ, ਉਹ ਇਸ ਤੋਂ ਤਿੰਨ ਗੁਣਾ ਤੋਂ ਵੀ ਵੱਧ ਹਨ।

ਲਾਅਨਤ ਵਾਲੀ ਗੱਲ ਇਹ ਹੈ ਕਿ ਭਾਰਤੀ ਨੌਜਵਾਨ ਹੁਣ ਇੱਕ ਔਰਤ ਨੂੰ ਵੀ ਚੱਬਣ ਵਿਚ ਇਕੱਲੇ ਤੌਰ ਉੱਤੇ ਘਬਰਾਉਣ ਲੱਗ ਪਏ ਹਨ ਤੇ ਪੂਰੀ ਟੀਮ ਬਣਾ ਕੇ ਹੱਲਾ ਬੋਲਣ ਲੱਗ ਪਏ ਹਨ। ਸੰਨ 2014 ਵਿਚ ਪੂਰੇ ਮੁਲਕ ਵਿਚ 2300 ਸਮੂਹਕ ਬਲਾਤਕਾਰ ਹੋਏ, ਜਿਨਾਂ ਵਿੱਚੋਂ 570 ਸਿਰਫ਼ ਉੱਤਰ ਪ੍ਰਦੇਸ ਵਿਚ ਹੀ ਸਨ। ਹਰਿਆਣਾ ਤੇ ਦਿੱਲੀ ਅਜਿਹਾ ਜ਼ੁਲਮ ਕਰਨ ਵਿਚ ਪਹਿਲਾ ਤੇ ਦੂਜਾ ਨੰਬਰ ਕ੍ਰਮਵਾਰ ਲੈ ਕੇ ਬੈਠੇ ਹਨ। ਕਾਰਨ, ਕੁੜੀਆਂ ਦੀ ਘਟਦੀ ਜਾਂਦੀ ਗਿਣਤੀ। ਪੰਜਵੇਂ ਨੰਬਰ ਉੱਤੇ ਪੰਜਾਬ।

ਰਾਹ ਚਲਦਿਆਂ ਭੱਦੀ ਛੇੜਛਾੜ, ਕੰਮਕਾਜ ਵਾਲੀ ਥਾਂ ਉੱਤੇ ਹਵਸ ਦਾ ਸ਼ਿਕਾਰ ਬਣਾਉਣਾ ਅਤੇ ਬੱਸਾਂ ਗੱਡੀਆਂ ਵਿਚ ਹੋ ਰਹੀ ਬੇਹਯਾਈ ਦੀ ਗਿਣਤੀ ਕਰਨੀ ਔਖੀ ਹੋਈ ਪਈ ਹੈ। ਸਭ ਤੋਂ ਵੱਧ ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ 36,700 ਜਬਰ ਜ਼ਨਾਹ ਦੇ ਕੇਸਾਂ ਵਿੱਚੋਂ 197 ਪੁਲਿਸ ਸਟੇਸ਼ਨ ਵਿਚ ਪੁਲਿਸ ਦੀ ਦੇਖ-ਰੇਖ ਹੇਠਾਂ ਹੋਏ। ਉੱਤਰ ਪ੍ਰਦੇਸ਼ ਵਿਚ ਤਾਂ ਹੱਦ ਬੰਨੇ ਹੀ ਤੋੜ ਦਿੱਤੇ ਗਏ, ਕਿਉਂਕਿ ਉੱਥੇ ਦੇ 90 ਪ੍ਰਤੀਸ਼ਤ ਬਲਾਤਕਾਰਾਂ ਦੇ ਕੇਸ ਥਾਨਿਆਂ ਅੰਦਰ ਹੀ ਹੋਏ। ਕਾਰਾ ਕਰਨ ਵਾਲੇ ਵੱਡੇ ਘਰਾਂ ਦੇ ਕਾਕੇ ਆਪਣਾ ਅਸਰ ਰਸੂਖ ਵਰਤ ਕੇ ਕੇਸਾਂ 'ਚੋਂ ਝਟ ਬਾਹਰ ਨਿਕਲ ਗਏ।

ਇਨਾਂ ਤੋਂ ਇਲਾਵਾ 4200 ਹੋਰ ਕੇਸ ਰਿਕਾਰਡ ਕੀਤੇ ਗਏ, ਜਿਨਾਂ ਵਿਚ ਜਬਰ ਜ਼ਨਾਹ ਕਰਨ ਦੀ ਕੋਸ਼ਿਸ਼ ਕਰਦਿਆਂ ਰਾਹਗੀਰਾਂ ਜਾਂ ਆਂਢੀਆਂ-ਗੁਆਂਢੀਆਂ ਵੱਲੋਂ ਬਚਾ ਲਿਆ ਗਿਆ ਜਾਂ ਔਰਤਾਂ ਨੇ ਆਪਣੀ ਆਬਰੂ ਬਚਾਉਣ ਖ਼ਾਤਰ ਖ਼ੁਦਕੁਸ਼ੀ ਕਰ ਲਈ।

ਨੰਗੇਜ਼ਵਾਦ 'ਚ ਵਾਧਾ ਸਿਖ਼ਰ ਉੱਤੇ ਪਹੁੰਚ ਚੁੱਕਿਆ ਹੈ, ਜਿਸ ਵਿਚ ਮੀਡੀਆ, ਮੋਬਾਇਲ, ਲੱਚਰ ਗੀਤ ਸੰਗੀਤ, ਕੰਪਿਊਟਰ, ਇੰਟਰਨੈੱਟ, ਫੇਸ ਬੁੱਕ ਆਦਿ ਗੱਲ ਕੀ ਹਰ ਜਣਾ ਔਰਤ ਨੂੰ ਨਿਰਵਸਤਰ ਕਰਨ ਦੀ ਹੋੜ ਵਿਚ ਪਹਿਲਾ ਨੰਬਰ ਲੈਣ ਦੇ ਯਤਨ ਵਿਚ ਲੱਗਿਆ ਹੋਇਆ ਹੈ। ਭਾਰਤ ਵਿਚਲੇ ਅਜਿਹੇ 674 ਕੇਸ ਜੋ ਔਰਤਾਂ ਦੇ ਕੱਪੜੇ ਬਦਲਦਿਆਂ ਦੀਆਂ ਜਾਂ ਨਹਾਉਂਦੀਆਂ ਦੀਆਂ ਵੀਡੀਓ ਬਣਾਉਣ ਵਾਲੇ ਸਾਹਮਣੇ ਆਏ, ਉਨਾਂ ਵਿਚ ਗੋਆ ਪਹਿਲੇ ਨੰਬਰ ਉੱਤੇ ਹੈ ਤੇ ਆਸਾਮ ਦੂਜੇ ਨੰਬਰ ਉੱਤੇ।

ਬੱਚੀਆਂ ਦਾ ਪਿੱਛਾ ਕਰਕੇ ਧਮਕਾਉਣ ਜਾਂ ਅਗਵਾ ਕਰਨ ਦੇ 4600 ਕੇਸ ਸੰਨ 2014 ਵਿਚ ਰਿਪੋਰਟ ਹੋਏ ਜਿਸ ਵਿਚ ਪਹਿਲਾ ਨੰਬਰ ਉੱਤਰ ਪ੍ਰਦੇਸ਼ (835 ਕੇਸ) ਤੇ ਦੂਜਾ ਮਹਾਰਾਸ਼ਟਰ ਦਾ ਹੈ (797 ਕੇਸ)। ਦਿੱਲੀ ਵਿਚ 541 ਕੇਸ ਰਿਕਾਰਡ ਹੋਏ ਪਰ ਅਬਾਦੀ ਦੇ ਹਿਸਾਬ ਨਾਲ ਵੇਖੀਏ ਤਾਂ ਦਿੱਲੀ ਦਾ ਨਾਂ ਪਹਿਲੇ ਨੰਬਰ ਉੱਤੇ ਆ ਜਾਂਦਾ ਹੈ।

ਕੰਮਕਾਰ ਵਾਲੀ ਥਾਂ ਉੱਤੇ ਹੋ ਰਹੀ ਔਰਤਾਂ ਨਾਲ ਭੱਦੀ ਛੇੜਛਾੜ ਅਤੇ ਯੌਨ ਉਤਪੀੜਨ ਦੇ ਕੇਸ ਏਨੇ ਜ਼ਿਆਦਾ ਹੋ ਚੁੱਕੇ ਹਨ ਕਿ ਗਿਣਤੀ ਕਰਨੀ ਔਖੀ ਹੋ ਗਈ ਹੈ ਕਿਉਂਕਿ ਡਰਾ ਧਮਕਾ ਕੇ ਜਿਸ ਤਰੀਕੇ ਉਨਾਂ ਔਰਤਾਂ ਦਾ ਮੂੰਹ ਘੁੱਟ ਦਿੱਤਾ ਜਾਂਦਾ ਹੈ, ਉਹ ਕੇਸ ਦਰਜ ਕਰਵਾਉਣ ਅਗਾਂਹ ਨਿਕਲਦੀਆਂ ਹੀ ਨਹੀਂ। ਨੈਸ਼ਨਲ ਕਰਾਈਮ ਬਿਊਰੋ ਨੇ ਸਪੱਸ਼ਟ ਕੀਤਾ ਹੈ ਕਿ ਵਾਕਈ ਲਗਭਗ ਹਰ ਕੰਮ ਕਾਰ ਵਾਲੀ ਥਾਂ ਔਰਤਾਂ ਨਾਲ ਧੱਕਾ ਹੋ ਰਿਹਾ ਹੈ, ਪਰ ਕੇਵਲ 57 ਔਰਤਾਂ ਹੀ ਪੂਰੇ ਭਾਰਤ ਵਿੱਚੋਂ ਕੇਸ ਕਰਨ ਅਗਾਂਹ ਆਈਆਂ। ਬਾਕੀ ਚੁੱਪ ਚਾਪ ਸਹਿ ਰਹੀਆਂ ਹਨ ਤਾਂ ਜੋ ਸਹੁਰੇ-ਪੇਕੇ ਘਰ ਦੀ ਲੱਜ ਢਕੀ ਰਹਿ ਸਕੇ।

ਜਦੋਂ ਕੰਮਕਾਰ ਵਾਲੀ ਥਾਂ ਉੱਤੇ ਸਮੂਹਕ ਤੌਰ 'ਤੇ ਨੌਕਰੀਪੇਸ਼ਾ ਕੁੜੀ ਉੱਤੇ ਹੱਲਾ ਬੋਲਿਆ ਗਿਆ ਹੋਵੇ ਜਾਂ ਕੰਮਕਾਰ ਵਾਲੀ ਥਾਂ ਤੋਂ ਬਾਹਰ ਬੌਸ ਨਾਲ ਹੋਰ ਦੋਸਤ ਰਲ ਕੇ ਨੌਕਰੀ ਕਰਦੀ ਲੋੜਵੰਦ ਕੁੜੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਵਿਚ ਫੜੇ ਗਏ ਹੋਣ ਤਾਂ ਅਜਿਹੇ 469 ਕੇਸ ਜ਼ਰੂਰ ਰਿਪੋਰਟ ਹੋਏ ਹਨ।

ਬੱਸਾਂ, ਰੇਲ ਗੱਡੀਆਂ, ਸੜਕਾਂ ਉੱਤੇ, ਰਾਹ ਵਿਚ ਆਉਂਦੇ ਜਾਂਦੇ ਸੀਟੀਆਂ ਮਾਰਨੀਆਂ, ਭੱਦੀ ਛੇੜਛਾੜ, ਗੁੰਡਾਗਰਦੀ, ਚੂੰਡੀਆਂ ਮਾਰਨੀਆਂ, ਸਰੀਰ ਨੂੰ ਟੋਹਣਾ ਆਦਿ ਕੇਸਾਂ ਨੂੰ ਪੁਲਿਸ ਰਿਕਾਰਡ ਕਰਨ ਵਿਚ ਵੀ ਆਨਾਕਾਨੀ ਕਰਨ ਲੱਗ ਪਈ ਹੈ, ਕਿਉਂਕਿ ਜਿੰਨੇ ਕੇਸ ਅਸਲ ਵਿਚ ਵਾਪਰ ਰਹੇ ਹਨ, ਜੇ ਗਿਣਤੀ ਕਰਨੀ ਪੈ ਜਾਏ ਤਾਂ ਭਾਰਤ ਦੀ ਲਗਭਗ ਹਰ ਔਰਤ ਤੇ ਬੱਚੀ ਇਹ ਹਾਮੀ ਭਰੇਗੀ ਕਿ ਉਸ ਨਾਲ ਜ਼ਿੰਦਗੀ ਵਿਚ ਇਕ ਤੋਂ ਵੱਧ ਵਾਰ ਅਜਿਹਾ ਹੋ ਚੁੱਕਿਆ ਹੈ। ਦਿੱਲੀ ਵਰਗੇ ਸ਼ਹਿਰ ਵਿਚ, ਜਿਹੜਾ ਔਰਤਾਂ ਲਈ ਸਭ ਤੋਂ ਖ਼ਤਰਨਾਕ ਥਾਂ ਸਾਬਤ ਹੋ ਚੁੱਕਿਆ ਹੈ, ਵਿਚ ਸਿਰਫ਼ 8 ਔਰਤਾਂ ਨੇ ਅਜਿਹੀ ਛੇੜਛਾੜ ਦਾ ਕੇਸ ਦਰਜ ਕਰਵਾਇਆ ਹੈ। ਪੂਰੇ ਭਾਰਤ ਵਿਚ ਸਿਰਫ਼ 121 ਔਰਤਾਂ ਨੇ ਕੇਸ ਦਰਜ ਕਰਵਾਇਆ ਪਰ ਸਾਰਿਆਂ ਨੇ ਇਹੋ ਮੰਨਿਆ ਕਿ ਕੇਸ ਦਰਜ ਕਰਵਾਉਣ ਬਾਅਦ ਵੀ ਉਸੇ ਹਾਲ ਵਿੱਚੋਂ ਲੰਘਣਾ ਪੈ ਰਿਹਾ ਹੈ ਤੇ ਕਿਸੇ ਤਰਾਂ ਦੀ ਤਬਦੀਲੀ ਮਾਹੌਲ ਵਿਚ ਆਈ ਨਹੀਂ ਦਿਸੀ।

ਸੰਨ 2014 ਵਿਚ 77,000 ਅਗਵਾ ਦੇ ਕੇਸ ਦਰਜ ਹੋਏ ਜਿਨਾਂ ਵਿੱਚੋਂ 31,000 ਬੱਚੀਆਂ ਸਿਰਫ਼ ਵਿਆਹ ਕਰਵਾਉਣ ਲਈ ਛੜਿਆਂ ਵੱਲੋਂ ਚੁਕਵਾਈਆਂ ਗਈਆਂ ਕਿਉਂਕਿ ਕੁੜੀਆਂ ਦੀ ਘਾਟ ਕਾਰਨ ਉਨਾਂ ਦੇ ਵਿਆਹ ਨਹੀਂ ਸਨ ਹੋ ਰਹੇ। ਉੱਤਰ ਪ੍ਰਦੇਸ਼, ਬਿਹਾਰ ਤੇ ਅਸਾਮ ਵਿਚਲੀਆਂ 50 ਫੀਸਦੀ ਅਗਵਾ ਹੋਈਆਂ ਬੱਚੀਆਂ (ਉੱਤਰ ਪ੍ਰਦੇਸ਼ ਵਿਚ 7,338 ਜਵਾਨ ਬੱਚੀਆਂ ਚੁੱਕੀਆਂ ਗਈਆਂ ਯਾਨੀ 60 ਫੀਸਦੀ ਅਗਵਾ ਹੋਏ ਕੇਸ) ਸਿਰਫ ਵਿਆਹ ਕਰਵਾਉਣ ਲਈ ਚੁੱਕੀਆਂ ਗਈਆਂ।

ਜਿਹੜਾ ਤੱਥ ਸਭ ਤੋਂ ਘਿਨਾਉਣਾ ਹੈ, ਉਹ ਇਹ ਹੈ ਕਿ 47 ਫੀਸਦੀ ਜਬਰ ਜ਼ਨਾਹ ਦੇ ਕੇਸ 18 ਸਾਲ ਤੋਂ ਛੋਟੀਆਂ ਬੱਚੀਆਂ, ਖਾਸਕਰ 6 ਸਾਲ ਤੋਂ ਵੀ ਛੋਟੀਆਂ ਬੱਚੀਆਂ ਵਿਚ ਰਿਕਾਰਡ ਕੀਤੇ ਗਏ। ਮੱਧ ਪ੍ਰਦੇਸ਼ ਵਿਚ 5076 ਤੇ ਹਿਮਾਚਲ ਵਿਚ 284 ਰੇਪ ਦੇ ਕੇਸ ਦਰਜ ਹੋਏ ਪਰ ਇਨਾਂ ਵਿਚ ਸਭ ਤੋਂ ਵਧ ਕੇਸ 6 ਤੋਂ 12 ਅਤੇ ਫੇਰ 12 ਤੋਂ 16 ਸਾਲ ਦੀਆਂ ਨਿੱਕੀਆਂ ਬਾਲੜੀਆਂ ਦੇ ਸਨ। ਸਾਲ 2014 ਵਿਚ 18 ਤੋਂ 30 ਸਾਲ ਦੀਆਂ 97 ਤੇ 30 ਤੋਂ 45 ਸਾਲ ਦੀਆਂ 49 ਔਰਤਾਂ ਨੇ ਰੇਪ ਦਾ ਕੇਸ ਹਿਮਾਚਲ ਪ੍ਰਦੇਸ਼ ਵਿਚ ਦਰਜ ਕਰਵਾਇਆ। ਇਨਾਂ ਤੋਂ ਇਲਾਵਾ ਤਿੰਨ ਕੇਸ 60 ਵਰਿਆਂ ਦੀਆਂ ਔਰਤਾਂ ਦੇ ਵੀ ਸਨ ਤੇ 5 ਕੇਸ 8 ਮਹੀਨੇ ਤੋਂ 2 ਸਾਲ ਦੀਆਂ ਬੱਚੀਆਂ ਦੇ ਰਿਕਾਰਡ ਹੋਏ। ਸੰਨ 2010 ਤੋਂ 2015 ਤਕ ਬਲਾਤਕਾਰ ਦੇ ਰਿਕਾਰਡ ਕੀਤੇ ਜਾ ਰਹੇ ਕੇਸਾਂ ਵਿਚ ਲਗਭਗ ਦੁਗਣਾ ਵਾਧਾ ਹੁੰਦਾ ਜਾ ਰਿਹਾ ਹੈ।

ਹੁਣ ਇਨਾਂ 6 ਜਾਂ 8 ਮਹੀਨਿਆਂ ਦੀਆਂ ਕਿਲਕਾਰੀਆਂ ਮਾਰਦੀਆਂ ਬਾਲੜੀਆਂ ਤੋਂ ਲੈ ਕੇ 60 ਵਰਿਆਂ ਦੀ ਮਾਂ ਦਾ ਚੀਰਹਰਣ ਕਰਨ ਵਾਲਿਆਂ ਬਾਰੇ ਵੀ ਜਾਨਣ ਦੀ ਕੋਸ਼ਿਸ਼ ਕਰੀਏ।

ਪੁਲਿਸ ਦੀ ਤਫ਼ਤੀਸ਼ ਅਨੁਸਾਰ ਸਾਰੇ ਦੇ ਸਾਰੇ ਰਿਕਾਰਡ ਹੋਏ ਕੇਸਾਂ ਵਿਚ ਘਿਨਾਉਣਾ ਕਾਰਾ ਕਰਨ ਵਾਲੇ ਬਾਲੜੀਆਂ ਦੇ ਪਿਓ, ਭਰਾ, ਮਾਮੇ, ਚਾਚੇ, ਤਾਏ, ਫੁੱਫੜ ਜਾਂ ਹੋਰ ਨੇੜੇ ਦੇ ਰਿਸ਼ਤੇਦਾਰ ਹੀ ਸਨ। ਇਕ ਵੀ ਅਜਿਹਾ ਕੇਸ ਸਾਹਮਣੇ ਨਹੀਂ ਆਇਆ ਜਿੱਥੇ ਕਿਸੇ ਬਾਹਰਲੇ ਨੇ ਹਦ ਟੱਪੀ ਹੋਵੇ। ਹਿਮਾਚਲ ਵਿਚ ਰਿਪੋਰਟ ਹੋਏ 283 ਕੇਸਾਂ ਵਿੱਚੋਂ 24 ਤਾਂ ਪਿਓ ਹੀ ਗੁਨਾਹਗਾਰ ਸਨ, 5 ਭਰਾ, 16 ਚਾਚੇ-ਤਾਏ ਤੇ 49 ਬਹੁਤ ਨੇੜਲੇ ਗੁਆਂਢੀ। ਇਸੇ ਤਰਾਂ 9 ਕੇਸ ਦਫ਼ਤਰ ਦੇ ਬੌਸ ਵੱਲੋਂ ਕੀਤੀ ਜਿਸਮਾਨੀ ਵਧੀਕੀ ਦੇ ਸਨ। ਸਭ ਤੋਂ ਘੱਟ ਜਬਰ ਜ਼ਨਾਹ ਦੇ ਕੇਸ ਨਾਗਾਲੈਂਡ (30), ਸਿੱਕਮ (47) ਤੇ ਮਨੀਪੁਰ (75) ਵਿਚ ਰਿਪੋਰਟ ਹੋਏ ਸਨ।

ਭਾਵੇਂ ਵੰਡ ਤੇ ਜੰਗਾਂ ਸਮੇਂ ਦੀ ਭਿਆਨਕ ਜ਼ਲਾਲਤ ਸਹਿਣੀ ਪਈ ਹੋਵੇ, ਭਾਵੇਂ ਸਕੂਲਾਂ ਵਿਚ ਅਧਿਆਪਿਕਾਂ ਹੱਥੋਂ ਜਬਰਜ਼ਨਾਹ ਦੇ ਕੇਸ ਹੋਣ, ਧਾਰਮਿਕ ਸਥਾਨਾਂ ਉੱਤੇ ਬੇਹਯਾਈ ਕੀਤੀ ਗਈ ਹੋਵੇ, ਕੁੱਖ ਵਿਚ ਕਤਲ ਕਰ ਕੁੱਤਿਆਂ ਅੱਗੇ ਸੁੱਟਿਆ ਗਿਆ ਹੋਵੇ, ਗੋਦ ਵਿਚ ਮੁਸਕਰਾਉਂਦੀ ਕਲੀ ਨੂੰ ਪਿਓ ਜਾਂ ਭਰਾ ਵੱਲੋਂ ਹੀ ਮਿੱਧਿਆ ਗਿਆ ਹੋਵੇ, ਕੰਮਕਾਰ ਵਾਲੀ ਥਾਂ ਔਰਤ ਨੂੰ ਨਿਰਵਸਤਰ ਕੀਤਾ ਗਿਆ ਹੋਵੇ, ਮੀਡੀਆ ਰਾਹੀਂ ਅਸ਼ਲੀਲ ਤਸਵੀਰਾਂ ਨਾਲ, ਭੱਦੇ ਗੀਤ-ਸੰਗੀਤ ਨਾਲ ਔਰਤ ਦੀ ਇੱਜ਼ਤ ਨੂੰ ਤਾਰ-ਤਾਰ ਕੀਤਾ ਜਾ ਰਿਹਾ ਹੋਵੇ ਜਾਂ ਤਾਹਨੇ ਮਿਹਣਿਆਂ ਨਾਲ ਲਫ਼ਜ਼ੀ ਬਲਾਤਕਾਰ ਹੋ ਰਿਹਾ ਹੋਵੇ, ਔਰਤ ਜ਼ਾਤ ਨੂੰ ਜ਼ਲੀਲ ਕਰਨ ਵਿਚ ਕੋਈ ਪਿਛਾਂਹ ਨਹੀਂ ਰਹਿ ਰਿਹਾ।

ਸਹੀ ਕਿਹਾ ਗਿਆ ਹੈ :-

'ਇਹ ਦੇਸ ਕੇ ਮੰਦਿਰੋਂ ਮੇਂ ਕਹਾਂ ਦਰਾਰ ਨਹੀਂ
ਸਹੀ ਸਲਾਮਤ ਏਕ ਭੀ ਦੀਵਾਰ ਨਹੀਂ
ਮਤ ਪੂਛੋ ਕਿਸ ਨੇ ਲੂਟਾ ਹੈ ਇਸ ਗੁਲਸ਼ਨ ਕੋ
ਯੇ ਪੂਛੋ ਇਸ ਲੂਟ ਮੇਂ ਕੌਨ ਹਿੱਸੇਦਾਰ ਨਹੀਂ ?'

ਰਿਪੋਰਟਾਂ ਮੁਤਾਬਕ ਜੇ ਪਿਓ ਗੋਦ ਵਿਚ ਪਈ ਧੀ ਦੀ ਪੱਤ ਲੁੱਟਣ ਤੋਂ ਬਿਨਾਂ ਨਹੀਂ ਰਹਿ ਸਕਿਆ ਤੇ ਪੁੱਤਰ ਮਾਂ ਦਾ ਬਲਾਤਕਾਰ ਕਰਨ ਤੋਂ ਬਗ਼ੈਰ ਨਹੀਂ ਰਹਿ ਸਕਿਆ ਤਾਂ ਔਰਤ ਕਿੱਥੇ ਸੁਰੱਖਿਅਤ ਮੰਨੀ ਜਾਣੀ ਚਾਹੀਦੀ ਹੈ? ਕੌਣ ਉਸ ਦੀ ਰਾਖੀ ਕਰਨ ਲਈ ਜ਼ਿੰਮੇਵਾਰ ਮੰਨਿਆ ਜਾਏਗਾ?

ਔਰਤ ਦੇ ਮੁਰਦਾ ਜਿਸਮ ਤਕ ਨਾਲ ਕੀਤਾ ਗਿਆ ਬਲਾਤਕਾਰ ਅਨੇਕ ਵਾਰ ਰਿਕਾਰਡ ਹੋ ਚੁੱਕਿਆ ਹੈ।

ਕਮਾਲ ਦਾ ਜਿਗਰਾ ਕਹਿਣਾ ਚਾਹੀਦਾ ਹੈ ਕਿ ਅਜਿਹਾ ਕਾਰਾ ਕਰਨ ਵਾਲੇ ਮਰਦ ਧਾਰਮਿਕ ਸਥਾਨਾਂ ਵਿਚ ਦੇਵੀਆਂ ਨੂੰ ਮਾਵਾਂ ਤੇ ਕੰਜਕਾਂ ਦੇ ਨਾਂ ਦੇ ਕੇ ਉੱਚੇ-ਉੱਚੇ ਨਾਅਰੇ ਲਾਉਂਦੇ, ਮੱਥੇ ਤਿਲਕ ਲਾਉਂਦੇ ਤੇ ਉਨਾਂ ਅੱਗੇ ਮੱਥੇ ਰਗੜ ਕੇ ਪਾਪ ਬਖ਼ਸ਼ਵਾਉਂਦੇ, ਧਨ ਦੌਲਤ ਦੇ ਵਾਧੇ ਲਈ ਦੁਆਵਾਂ ਕਰਦੇ ਵੇਖੇ ਜਾਂਦੇ ਹਨ।

ਪਿੰਡਾਂ ਦੀਆਂ ਪੰਚਾਇਤਾਂ ਫ਼ੈਸਲੇ ਦੇ ਰਹੀਆਂ ਹਨ ਕਿ ਜੇ ਮੁੰਡਾ ਜਾਤੀ ਤੋਂ ਬਾਹਰ ਵਿਆਹ ਕਰਵਾਏਗਾ ਤਾਂ ਉਸ ਦੀਆਂ ਭੈਣਾਂ ਦਾ ਸਮੂਹਕ ਬਲਾਤਕਾਰ ਕੀਤਾ ਜਾਵੇਗਾ। ਕਮਾਲ ਹੀ ਹੋ ਗਈ ਦੋਗਲੇਪਨ ਦੀ। ਕੋਈ ਹਦ ਬੰਨਾ ਛੱਡਿਆ ਹੀ ਨਹੀਂ ਗਿਆ। ਕੇਸ ਕੋਈ ਵੀ ਹੋਵੇ, ਫ਼ੈਸਲਾ ਔਰਤ ਦੀ ਪਤ ਲੁੱਟਣ ਦਾ ਸੁਣਾਇਆ ਜਾਵੇਗਾ। ਦੁਰ ਫਿੱਟੇ ਮੂੰਹ ਇਹੋ ਜਿਹੇ ਸਮਾਜ ਦਾ।

ਅਸਲੀਅਤ ਵਿਚ ਇਹ ਸਮਾਜ ਪੂਰਾ ਨੰਗਾ ਹੈ, ਪਰ ਨੰਗਾ ਕਹਾਏ ਜਾਣ ਤੋਂ ਡਰਦਾ ਹੈ। ਪਾਖੰਡ ਦਾ ਨਕਾਬ ਪਹਿਨ ਕੇ ਬੈਠੇ ਬਥੇਰੇ ਲੋਕ ਆਪਣੇ ਮਨ ਅੰਦਰਲੇ ਪਾਪ ਦੇ ਪੁੰਗਰੇ ਬੀਜ ਨੂੰ ਲੁਕਾਉਣ ਖ਼ਾਤਰ ਔਰਤ ਨੂੰ ਹੀ ਔਰਤ ਦਾ ਦੁਸ਼ਮਨ ਕਹਿ ਕੇ ਪਾਸਾ ਵੱਟ ਕੇ ਬਹਿ ਜਾਂਦੇ ਹਨ।

6 ਮਹੀਨਿਆਂ ਦੀ ਬੱਚੀ ਨਾਲ ਕੁਕਰਮ ਕਰਨ ਵਾਲਾ ਪਿਓ, 60 ਸਾਲਾਂ ਦੀ ਮਾਂ ਨਾਲ ਮੂੰਹ ਕਾਲਾ ਕਰਨ ਵਾਲਾ ਪੁੱਤਰ, ਰੱਖੜੀ ਬੰਨਣ ਵਾਲੀ ਭੈਣ ਨਾਲ ਬੇਹਯਾਈ ਕਰਨ ਵਾਲਾ ਭਰਾ, ਫਰੇਬੀ ਮੁਖੌਟਾ ਪਹਿਨੀ ਦਫ਼ਤਰ ਦਾ ਬੌਸ ਆਪਣੇ ਮਾਤਹਿਤ ਕੰਮ ਕਰਦੀ ਔਰਤ ਨੂੰ ਝਪਟਣ ਲਈ ਸ਼ਿਕੰਜਾ ਕਸ ਕੇ ਬੈਠਾ ਤਿਆਰ-ਬਰ-ਤਿਆਰ ਕਿਵੇਂ ਇਹ ਮੰਨੇ ਕਿ ਮਰਦ ਔਰਤ ਦਾ ਦੁਸ਼ਮਨ ਹੈ? ਆਪਣਾ ਬਘਿਆੜੀ ਰੂਪ ਲੁਕਾਉਣ ਖ਼ਾਤਰ ਕਿੰਨਾ ਸੌਖਾ ਹੈ ਕਿ ਜਿਸ ਉੱਤੇ ਜ਼ੁਲਮ ਕੀਤਾ ਗਿਆ ਹੋਵੇ, ਉਸੇ ਨੂੰ ਗੁਨਾਹਗਾਰ ਸਾਬਤ ਕਰ ਦਿਓ।

ਜਿੰਨੀਆਂ ਮਾਵਾਂ ਤੋਂ ਪੁੱਛਗਿਛ ਕੀਤੀ ਗਈ ਕਿ ਉਨਾਂ ਆਪਣੀਆਂ ਅੱਖਾਂ ਸਾਹਮਣੇ ਆਪਣੀ ਧੀ ਦਾ ਬਲਾਤਕਾਰ ਆਪਣੇ ਪਤੀ ਵੱਲੋਂ ਹੁੰਦਾ ਵੇਖਿਆ ਤਾਂ ਰਿਪੋਰਟ ਦਰਜ ਕਿਉਂ ਨਹੀਂ ਕਰਵਾਈ, ਤਾਂ ਉਨਾਂ ਦਾ ਜਵਾਬ ਸੀ, 'ਘਰ ਤਾਂ ਇਕ ਚੱਬ ਰਿਹਾ ਹੈ, ਪਰ ਘਰੋਂ ਬਾਹਰ ਸੈਂਕੜੇ ਸਾਨੂੰ ਨੋਚਣ ਨੂੰ ਤਿਆਰ ਬੈਠੇ ਹਨ। ਕਿੱਥੇ ਸ਼ਰਨ ਲਈਏ? ਇਸੇ ਲਈ ਇਹੀ ਜੇਲ ਰੂਪੀ ਨਰਕ ਔਖੇ-ਸੌਖੇ ਕੱਟ ਲੈਂਦੇ ਹਾਂ।'

ਏਨਾ ਸਭ ਕੁੱਝ ਵੇਖ ਸੁਣ ਕੇ, ਮੈਂ ਹਾਲੇ ਵੀ ਨਾ-ਉਮੀਦ ਨਹੀਂ ਹੋਈ। ਬਥੇਰੇ ਮਰਦ ਹਾਲੇ ਵੀ ਇੱਕੋ ਰਟ ਨਹੀਂ ਲਗਾ ਕੇ ਬੈਠੇ ਕਿ ਸਿਰਫ਼ ਔਰਤ ਹੀ ਔਰਤ ਦੀ ਦੁਸ਼ਮਨ ਹੈ, ਬਲਕਿ ਉਹ ਅਜਿਹਾ ਘਿਨਾਉਣਾ ਕਾਰਾ ਕਰਨ ਵਾਲਿਆਂ ਮਰਦਾਂ ਵਿਰੁੱਧ ਆਵਾਜ਼ ਬੁਲੰਦ ਕਰਦੇ ਹਨ। ਹਾਲੇ ਵੀ ਕਾਨੂੰਨ ਦੇ ਘਾੜੇ ਹਨ ਜੋ ਔਰਤਾਂ ਪ੍ਰਤੀ ਹੋ ਰਹੇ ਘਿਨਾਉਣੇ ਜੁਰਮਾਂ ਅਤੇ ਉਸਦੀ ਇੱਜ਼ਤ ਤਾਰ-ਤਾਰ ਕਰਨ ਵਾਲਿਆਂ ਲਈ ਤਗੜੀ ਸਜ਼ਾ ਦੇਣ ਲਈ ਤਿਆਰ ਹਨ। ਬਥੇਰੇ ਡਾਕਟਰ ਵੀ ਹਨ ਜੋ ਜਬਰ ਜ਼ਨਾਹ ਕਰਨ ਵਾਲਿਆਂ ਦਾ ਅੰਗ ਵੱਢ ਕੇ ਨਪੁੰਸਕ ਬਣਾਉਣ ਨੂੰ ਤਿਆਰ ਬੈਠੇ ਹਨ। ਬਥੇਰੇ ਪਿਓ ਵੀ ਹਨ ਜੋ ਦੂਜਿਆਂ ਦੀਆਂ ਧੀਆਂ ਬਚਾਉਣ ਲਈ ਸਭ ਕੁੱਝ ਵਾਰ ਦਿੰਦੇ ਹਨ। ਅਧਿਆਪਕ ਵਰਗ ਵਿਚ ਵੀ ਬਥੇਰੇ ਭਲੇ ਮਾਨਸ ਹਨ, ਪਰ ਖ਼ਾਮੋਸ਼ ਰਹਿ ਜਾਣਾ ਉਨਾਂ ਨੂੰ ਜੁਰਮ ਦਾ ਭਾਗੀਦਾਰ ਬਣਾ ਦਿੰਦਾ ਹੈ।

ਇਹ ਸਮਾਜ ਦਰਅਸਲ ਚੰਗੇ ਲੋਕਾਂ ਦੀ ਚੁੱਪੀ ਕਾਰਨ ਵੱਧ ਬੀਮਾਰ ਹੋ ਗਿਆ ਹੈ। ਕਿਉਂ ਨਹੀਂ ਰਲ ਮਿਲ ਕੇ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਅਜਿਹਾ ਕਾਰਾ ਕਰਨ ਵਾਲਿਆਂ ਨੂੰ ਫਾਹੇ ਟੰਗ ਦਿੱਤਾ ਜਾਂਦਾ ਤਾਂ ਜੋ ਅੱਗੇ ਤੋਂ ਮਾੜੀ ਸੋਚ ਵਾਲਿਆਂ ਦੇ ਦਿਲ ਦਹਿਲ ਜਾਣ। ਕਦੇ ਤਾਂ ਉੱਠੀਏ ਮਾਂ ਦੇ ਦੁੱਧ ਦਾ ਕਰਜ਼ ਲਾਹੁਣ ਲਈ। ਸੁਰਜੀਤ ਪਾਤਰ ਜੀ ਨੇ ਸਹੀ ਹਲੂਣਿਆ ਹੈ :-

ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਪੌਣਾ ਕੁਪੱਤੀਆਂ
ਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਆਸ ਭਰੀਆਂ ਮਾਣ ਮੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਮੰਨਿਆ ਕਿ ਰਾਜ ਨੇਰੇ ਦਾ ਹਠੀਲਾ
ਪਰ ਅਜੇ ਜੀਊਂਦਾ ਹੈ ਕਿਰਨਾਂ ਦਾ ਕਬੀਲਾ
ਕਾਲਿਆਂ ਸਫ਼ਿਆਂ ਤੇ ਸਤਰਾਂ ਲਾਲ ਰੱਤੀਆਂ
ਉਠ ਜਗਾ ਦੇ ਮੋਮਬੱਤੀਆਂ।

ਲੋੜ ਹੈ ਅਜਿਹੀ ਇਕ-ਇਕ ਮੋਮਬੱਤੀ ਜੋੜ ਵੱਡੀ ਲਾਟ ਬਣਾਉਣ ਦੀ, ਜਿਸ ਵਿਚ ਜੁਰਮ ਕਰਨ ਵਾਲੇ ਭਸਮ ਕਰ ਦਿੱਤੇ ਜਾਣ ਤੇ ਮਾੜੀ ਸੋਚ ਵੀ ਨਪੁੰਸਕ ਬਣ ਜਾਏ। ਫੇਰ ਹੀ ਸਮਾਜ ਦਾ ਘਿਨਾਉਣਾ ਰੂਪ ਸੁਧਾਰਿਆ ਜਾ ਸਕੇਗਾ।

# ਜਾਤ-ਪਾਤ ਰਹਿਤ ਸਮਾਜ ਸਮੇਂ ਦੀ ਮੁੱਖ ਲੋੜ

### ਐਡਵੋਕੇਟ ਦਰਸ਼ਨ ਸਿੰਘ ਰਿਆੜ

ਜਾਤ-ਪਾਤ ਭਾਰਤੀ ਸਮਾਜ ਦੀ ਪੁਰਾਤਨ ਬੁਰਾਈ ਹੈ। ਇਸਨੇ ਸਮਾਜ ਵਿੱਚ ਬਹੁਤ ਵੰਡੀਆਂ ਪਾਈਆਂ ਹੋਈਆਂ ਹਨ। ਊਚ-ਨੀਚ ਅਤੇ ਛੂਤ-ਛਾਤ ਵੀ ਇਸੇ ਬੀਮਾਰੀ ਦੀ ਪੈਦਾਇਸ਼ ਹਨ। ਉਂਝ ਬੜੀ ਹੈਰਾਨੀ ਦੀ ਗੱਲ ਹੈ ਕਿ ਵਿਸ਼ਵ-ਭਰ ਵਿੱਚ ਮਨੁੱਖਤਾ ਨੂੰ ਧਰਮ-ਕਰਮ ਦੀ ਨੀਤੀ ਸਮਝਾਉਣ ਵਾਲੇ ਧਾਰਮਿਕ ਰਹਿਬਰ ਇਹ ਪ੍ਰਚਾਰ ਬੜੇ ਜੋਰ-ਸ਼ੋਰ ਨਾਲ ਕਰਦੇ ਹਨ ਕਿ ਰੱਬ ਇੱਕ ਹੈ। ਉਹ ਹੀ ਸਾਰੇ ਬ੍ਰਹਿਮੰਡ ਦਾ ਰਚਣਹਾਰਾ ਅਤੇ ਇਸ ਨੂੰ ਚਲਾਉਣ ਵਾਲਾ ਹੈ। ਸਾਰੀ ਮਨੁੱਖਤਾ ਇੱਕ ਹੀ ਰੱਬ ਦੀ ਸੰਤਾਨ ਹੈ। ਭਾਵੇਂ ਵੱਖ ਵੱਖ ਧਰਮਾਂ ਵਾਲਿਆਂ ਨੇ ਆਪਣੇ ਰੱਬ ਜਾਂ ਇਸ਼ਟ ਦੇ ਵੱਖ ਵੱਖ ਨਾਮ ਰੱਖੇ ਹੋਏ ਹਨ ਪਰ ਸਾਰੇ ਇੱਕ ਹੀ ਰੱਬ ਦੀ ਗੱਲ ਕਰਦੇ ਹਨ। ਕਦੇ ਵੀ ਕਿਸੇ ਰਹਿਬਰ ਨੇ ਇੱਕ ਤੋਂ ਵੱਧ ਰੱਬ ਹੋਣ ਬਾਰੇ ਨਹੀਂ ਕਿਹਾ। ਫਿਰ ਇੱਕ ਹੀ ਰੱਬ ਦੀ ਪੈਦਾ ਕੀਤੀ ਹੋਈ ਸੰਤਾਨ ਜਾਤਾਂ-ਮਜ਼ਹਬਾਂ ਤੇ ਊਚ-ਨੀਚ ਵਿੱਚ ਕਿਵੇਂ ਵੰਡ ਹੋ ਗਈ ?

ਦਰਅਸਲ ਭਾਰਤੀ ਸਭਿਅਤਾ ਦੇ ਮੂਲ ਲੋਕ ਆਰੀਅਨ ਸਮਝੇ ਜਾਂਦੇ ਹਨ, ਜੋ ਈਰਾਨ ਤੋਂ ਪ੍ਰਵਾਸ ਕਰਕੇ ਇੱਥੇ ਆਣ ਵਸੇ ਸਨ। ਉੱਥੇ ਲੋਕ ਦਰਿਆਵਾਂ ਤੇ ਨਦੀਆਂ ਨਾਲਿਆਂ ਦੇ ਕਿਨਾਰੇ ਕਬੀਲਿਆਂ ਵਿੱਚ ਰਹਿੰਦੇ ਸਨ। ਉਹ ਕਬੀਲੇ ਹੀ ਹੌਲੀ ਹੌਲੀ ਸਮਾਜ ਵਿੱਚ ਬਦਲ ਕੇ ਜਾਤਾਂ ਤੇ ਫਿਰਕਿਆਂ ਵਿੱਚ ਵੰਡੇ ਗਏ ਪ੍ਰਤੀਤ ਹੁੰਦੇ ਹਨ। ਅਸਲ ਵਿੱਚ ਭਾਰਤ ਵਿੱਚ ਜਾਤਪਾਤ ਦਾ ਮੁੱਢ 1000 ਈਸਵੀ ਦੇ ਇਰਦ ਗਿਰਦ ਮੰਨੂੰ ਸਿਮ੍ਰਿਤੀ ਨਾਲ ਬੱਝਾ ਮੰਨਿਆ ਜਾਂਦਾ ਹੈ। ਉਦੋਂ ਤੋਂ ਹੀ ਚਾਰ ਵਰਣਾਂ ਦੀ ਗੱਲ ਚੱਲੀ ਸਮਝੀ ਜਾਂਦੀ ਹੈ। ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਸਮਾਜ ਦੇ ਚਾਰ ਹਿੱਸੇ ਬਣ ਗਏ। ਸਭ ਤੋਂ ਉੱਤਮ ਬ੍ਰਾਹਮਣ ਬਣ ਗਏ ਜਿਨਾਂ ਨੂੰ ਪੜਨ ਲਿਖਣ ਅਤੇ ਰਾਜ ਕਰਨ ਵਾਸਤੇ ਅਧਿਕਾਰਤ ਕਰ ਦਿੱਤਾ ਗਿਆ। ਦੂਜੇ ਨੰਬਰ 'ਤੇ ਕਸ਼ੱਤਰੀ ਰੱਖ ਦਿੱਤੇ ਗਏ ਜਿਨਾਂ ਨੂੰ ਰੱਖਿਆ ਵਾਸਤੇ ਸੈਨਿਕ ਬਣਨ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ। ਤੀਸਰੇ ਨੰਬਰ 'ਤੇ ਵੈਸ਼ ਆ ਗਏ ਅਤੇ ਹੱਥੀਂ ਕੰਮ ਕਰਨ ਵਾਲੇ ਸਾਰੇ ਲੋਕ ਚੌਥੇ ਵਰਗ ਸ਼ੂਦਰ ਵਿੱਚ ਧਕੇਲ ਦਿੱਤੇ ਗਏ। ਇਨਾਂ ਦਾ ਕੰਮ ਹਰ ਤਰਾਂ ਦੇ ਘਟੀਆ ਅਤੇ ਨੀਵੇਂ ਦਰਜੇ ਦੇ ਕੰਮ ਕਰਕੇ ਬਾਕੀ ਤਿੰਨਾਂ ਵਰਗਾਂ ਦੀ ਖਿਦਮਤ ਕਰਨ ਦਾ ਰਹਿ ਗਿਆ। ਪੜਨਾ ਲਿਖਣਾ ਇਨਾਂ ਲਈ ਵਰਜਿਤ ਸੀ।

ਇੰਝ ਹੌਲੀ ਹੌਲੀ ਕੰਮਕਾਰ ਦੇ ਅਧਾਰ 'ਤੇ ਜਾਤਾਂ ਤੇ ਉੱਪ-ਜਾਤਾਂ ਦੀਆਂ ਵੰਡੀਆਂ ਵਧਦੀਆਂ ਗਈਆਂ ਅਤੇ ਸਮਾਜ ਊਚ-ਨੀਚ ਦੀ ਦਲਦਲ ਵਿੱਚ ਫਸਦਾ ਗਿਆ। ਜਾਤ-ਪਾਤ ਦਾ ਇਹ ਬੋਲਬਾਲਾ ਜ਼ਿਆਦਾ ਸਾਡੇ ਭਾਰਤੀ ਸਮਾਜ ਵਿੱਚ ਹੀ ਪ੍ਰਭਾਵੀ ਹੈ, ਪੱਛਮੀ ਕਲਚਰ ਵਾਲੇ ਇਸ ਦੀ ਕੋਈ ਪ੍ਰਵਾਹ ਨਹੀਂ ਕਰਦੇ। ਉੱਧਰ ਕੰਮ ਤੋਂ ਬਾਅਦ ਸਾਰੇ ਬਰਾਬਰ ਸਮਝੇ ਜਾਂਦੇ ਹਨ। ਪਰ ਸਾਡੇ ਸਮਾਜ ਵਿੱਚ ਤਾਂ ਇਹ ਵਰਗੀਕਰਣ ਪੀੜੀ ਦਰ ਪੀੜੀ ਹੋਰ ਪੱਕਾ ਹੁੰਦਾ ਜਾਂਦਾ ਰਿਹਾ ਹੈ। ਅਸਲ ਵਿੱਚ ਇਹ ਅਨਪੜਤਾ ਅਤੇ ਪਿਛਾਂਹਖਿਚੂ ਵਿਚਾਰਾਂ ਦੀ ਪ੍ਰੋੜਤਾ ਕਰਦਾ ਹੈ। ਭਾਰਤ ਕਈ ਸਦੀਆਂ ਅੰਗਰੇਜ਼ਾਂ ਦਾ ਗੁਲਾਮ ਰਿਹਾ ਹੈ। ਉਹ ਅੰਗਰੇਜ਼ ਜੋ ਮਨੁੱਖੀ ਅਧਿਕਾਰਾਂ ਦੇ ਵਿਸ਼ੇਸ਼ ਅਲੰਬਰਦਾਰ ਕਹਾਉਂਦੇ ਹਨ ਪਰ ਭਾਰਤ ਵਿੱਚ ਆ ਕੇ ਉਹਨਾਂ ਨੇ ਜਾਤ-ਪਾਤ ਨੂੰ ਖ਼ਤਮ ਕਰਨ ਦੀ ਬਜਾਏ ਇਸ ਨੂੰ ਹੋਰ ਹੁਲਾਰਾ ਹੀ ਦਿੱਤਾ। ਉਹਨਾਂ ਨੇ ਆਪਣੇ ਪਿੱਠੂ ਜਗੀਰਦਾਰ ਬਣਾ ਕੇ ਸਰਮਾਏਦਾਰ ਅਤੇ ਗਰੀਬ ਵਰਗਾਂ ਵਿੱਚ ਪਾੜਾ ਹੋਰ ਵਧਾ ਦਿੱਤਾ। ਆਪਣਾ ਰਾਜ ਪੱਕਾ ਕਰਨ ਲਈ ਉਹਨਾਂ ਨੇ ਸਮਾਜ ਵਿੱਚ ਵੰਡੀਆਂ ਹੋਰ ਪੀਡੀਆਂ ਕਰ ਦਿੱਤੀਆਂ। ਜਾਤ-ਪਾਤ ਅਤੇ ਛੂਤ-ਛਾਤ ਇੱਥੇ ਚਰਮ ਸੀਮਾ ਤਕ ਪਹੁੰਚ ਗਈ। 1990ਵਿਆਂ ਵਿੱਚ ਕੀਤੇ ਗਏ ਇੱਕ ਸਰਵੇ ਤੋਂ ਪਤਾ ਲੱਗਦਾ ਹੈ ਕਿ ਹਿੰਦੂਆਂ ਨੂੰ 3539 ਜਾਤਾਂ ਵਿੱਚ ਵੰਡ ਕੇ ਸਾਡੇ ਸਮਾਜ ਵਿੱਚ ਜਬਰਦਸਤ ਦਰਾਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।




ਛੇ ਸਦੀਆਂ ਤੋਂ ਵੀ ਪਹਿਲਾਂ ਭਗਤ ਕਬੀਰ ਤੇ ਫਿਰ ਜਗਤ ਗੁਰੂ ਬਾਬਾ ਨਾਨਕ ਨੇ ਇਸ ਜਾਤ-ਪਾਤ ਅਤੇ ਛੂਤ-ਛਾਤ ਵਿਰੁੱਧ ਡਟ ਕੇ ਅਵਾਜ਼ ਉਠਾਈ ਸੀ। ਜਯੋਤੀ ਬਾ ਫੂਲੇ ਅਤੇ ਡਾ. ਅੰਬੇਦਕਰ ਵਰਗੇ ਸਮਾਜ ਸੁਧਾਰਕਾਂ ਨੇ ਵੀ ਜਾਤ-ਪਾਤ ਵਿਰੁੱਧ ਬਹੁਤ ਪ੍ਰਚਾਰ ਕੀਤਾ। ਵੀਹਵੀਂ ਅਤੇ ਇੱਕੀਵੀਂ ਸਦੀ ਵਿੱਚ ਪੰਜਾਬ ਵਰਗੇ ਪ੍ਰਾਤਾਂ ਵਿੱਚ ਕੁਝ ਜਾਗ੍ਰਿਤੀ ਆਈ ਹੈ ਅਤੇ ਲੋਕ ਇਸ ਤੋਂ ਕੁਝ ਪ੍ਰਹੇਜ਼ ਕਰਨ ਲੱਗੇ ਹਨ ਪਰ ਬਾਕੀ ਦੇਸ਼ ਵਿੱਚ ਅੱਜ ਦੇ ਅਗਾਂਹਵਧੂ ਦੌਰ ਵਿੱਚ ਵੀ ਲੋਕ ਲਕੀਰ ਦੇ ਫਕੀਰ ਬਣੇ ਹੋਏ ਹਨ। ਸਿਰ 'ਤੇ ਮੈਲਾ ਢੋਣ ਤੋਂ ਬੜੀ ਮੁਸ਼ਕਲ ਨਾਲ ਦਲਿਤ ਵਰਗ ਨੂੰ ਰਾਹਤ ਮਿਲੀ ਹੈ ਪਰ ਮਰੇ ਹੋਏ ਪਸ਼ੂਆਂ ਦੀ ਖੱਲ ਲਾਹੁਣ ਦਾ ਕੰਮ ਅਜੇ ਵੀ ਇਨਾਂ ਦੇ ਗਲੋਂ ਨਹੀਂ ਲੱਥਾ। ਜਗਤ ਗੁਰੂ ਬਾਬਾ ਨਾਨਕ ਨੇ ਮਨੁੱਖਤਾ ਨੂੰ ਸਮਝਾਉਣ ਲਈ ਬੜੇ ਪ੍ਰਮਾਣ ਦੇ ਕੇ ਇਸ ਜਿੱਲਣ ਵਿੱਚੋਂ ਨਿਕਲਣ ਦੀ ਪੂਰੀ ਵਾਹ ਲਾਈ ਸੀ। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਕੇ ਉਸ ਵਿੱਚ 36 ਮਹਾਂਪੁਰਸ਼ਾਂ ਦੀ ਬਾਣੀ ਸ਼ਾਮਲ ਕੀਤੀ। ਕਥਿਤ ਨੀਵੀਂਆਂ ਜਾਤਾਂ ਨਾਲ ਸਬੰਧਤ 15 ਭਗਤਾਂ ਅਤੇ 11 ਭੱਟਾਂ ਦੀ ਬਾਣੀ ਸ਼ਾਮਲ ਕਰਕੇ ਉਨਾਂ ਨੂੰ ਮਾਣ ਬਖਸ਼ਿਆ ਅਤੇ 'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨਾ ਦਿਸਹਿ ਬਾਹਰਾ ਜੀਓ' ਦਾ ਪ੍ਰਚਾਰ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਤਾਂ ਬਹੁਤ ਹੀ ਸਪੱਸ਼ਟ ਕਰ ਦਿੱਤਾ ਜਦੋਂ ਉਹ ਕਹਿੰਦੇ ਹਨ- ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ, ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ। ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ। - ਭਗਤ ਕਬੀਰ ਜੀ ਨੇ ਤਾਂ ਦੋ ਕਦਮ ਹੋਰ ਅੱਗੇ ਜਾ ਕੇ ਜ਼ਿਕਰ ਕਰ ਦਿੱਤਾ- 'ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ, ਤਉ ਆਨ ਬਾਟ ਕਾਹੇ ਨਹੀਂ ਆਇਆ। ਤੁਮ ਕਤ ਬ੍ਰਾਹਮਣ ਹਮ ਕਤ ਸੂਦ, ਹਮ ਕਤ ਲੋਹੂ ਤੁਮ ਕਤ ਦੂਧ। ਗਉੜੀ ਕਬੀਰ-ਅੰਗ 324'। ਹੋਰ ਸਾਫ ਕਰਨ ਲਈ ਉਨਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸੋਹਣਾ ਵਰਣਨ ਕੀਤਾ ਹੈ: ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ। ਭਾਈ ਗੁਰਦਾਸ ਜੀ ਨੇ ਵੀ ਆਪਣੀ ਵਾਰ ਵਿੱਚ ਬਾਬੇ ਗੁਰੂ ਨਾਨਕ ਦੇ ਹਾਜੀਆਂ ਨੂੰ ਦਿੱਤੇ ਜਵਾਬ ਬਾਰੇ ਬਹੁਤ ਸੋਹਣਾ ਜ਼ਿਕਰ ਕੀਤਾ ਹੈ,- 'ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਨੋਈ। ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝਹੁ ਦੋਨੋ ਰੋਈ'। ਗੁਰੂ ਨਾਨਕ ਦੇਵ ਜੀ ਨੇ ਤਾਂ ਹਿੰਦੂ ਜਾਂ ਮੁਸਲਮਾਨ ਨੂੰ ਵੀ ਵੱਖ ਨਹੀਂ ਬਲਕਿ ਇੱਕ ਹੀ ਕਿਹਾ ਹੈ ਬਾਕੀ ਜਾਤਾਂ ਤਾਂ ਦੂਰ ਰਹੀਆਂ। ਪ੍ਰਭਾਤੀ ਰਾਗ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1330 ਉੱਪਰ ਉਨਾਂ ਨੇ ਬੜਾ ਸਪੱਸ਼ਟ ਕੀਤਾ ਹੈ;- ਜਾਤਿ ਜਨਮ ਨਹੁ ਪੂਛੀਐ ਸਚੁ ਘਰੁ ਲੇਹੁ ਬਤਾਇ, ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।

ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਭੈਰਉ ਰਾਗ ਵਿੱਚ ਦੱਸਿਆ ਹੈ: ਜਾਤਿ ਕਾ ਗਰੁਬ ਨਾ ਕਰੀਅਹੁ ਕੋਈ, ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ। ਜਾਤਿ ਕਾ ਗਰੁਬ ਨਾ ਕਰ ਮੂਰਖ ਗਵਾਰਾ, ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ। ਉਨਾਂ ਨੇ ਪਹਿਲੇ ਪਾਤਸ਼ਾਹ ਦੁਆਰਾ ਚਾਲੂ ਕੀਤੀ ਗਈ ਲੰਗਰ ਦੀ ਪ੍ਰਥਾ ਨੂੰ ਅੱਗੇ ਤੋਰ ਕੇ ਇਸ ਨੂੰ ਊਚ-ਨੀਚ ਦਾ ਭੇਦ ਭਾਵ ਮਿਟਾਉਣ ਲਈ ਵਰਤਣਾ ਸ਼ੁਰੂ ਕਰ ਦਿੱਤਾ। ਉਨਾਂ ਨੇ ਪਹਿਲੇ ਪੰਗਤ ਪਾਛੈ ਸੰਗਤ ਦਾ ਸਿਧਾਂਤ ਚਲਾਇਆ। ਉਨਾਂ ਦੀ ਸੰਗਤ ਕਰਨ ਵਾਲਿਆਂ ਨੂੰ ਬਿਨਾਂ ਕਿਸੇ ਭਿੰਨ-ਭੇਦ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਪੈਂਦਾ ਸੀ। ਜਦੋਂ ਬਾਦਸ਼ਾਹ ਅਕਬਰ ਉਨਾਂ ਨੂੰ ਮਿਲਣ ਲਈ ਗੋਇੰਦਵਾਲ ਆਇਆ ਤਾਂ ਉਸ ਨੂੰ ਵੀ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਪਿਆ ਸੀ। ਮੁੱਕਦੀ ਗੱਲ ਉਨਾਂ ਦੇ ਜੀਵਨ ਦਾ ਉਦੇਸ਼ ਮਨੁੱਖ ਮਾਤਰ ਨੂੰ ਜਾਤ-ਪਾਤ ਅਤੇ ਊਚ-ਨੀਚ ਦੀ ਦਲਦਲ ਵਿੱਚੋਂ ਕੱਢਣ ਦਾ ਸੀ। ਦਸਵੇਂ ਪਾਤਸ਼ਾਹ ਨੇ ਤਾਂ ਪੰਜ ਪਿਆਰੇ ਹੀ ਉਸ ਵੇਲੇ ਦੀਆਂ ਨੀਵੀਆਂ ਜਾਤਾਂ ਵਿੱਚੋਂ ਚੁਣ ਕੇ ਉਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜ਼ਾ ਕੇ ਬਰਾਬਰ ਕੀਤਾ ਅਤੇ ਫਿਰ ਉਨਾਂ ਕੋਲੋਂ ਖੁਦ ਅੰਮ੍ਰਿਤ ਛਕ ਕੇ ਇਸ ਨੂੰ ਹੋਰ ਵੀ ਪ੍ਰਪੱਕ ਕਰ ਦਿੱਤਾ।

ਲੋਕ ਕਵੀ ਸੰਤ ਰਾਮ ਉਦਾਸੀ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਬਹੁਤ ਸੋਹਣਾ ਬਿਆਨ ਕੀਤਾ ਹੈ : ਮੈਂ ਇਸੇ ਲਈ ਸੀ ਜੰਗ ਗੜੀ ਚਮਕੌਰ ਦਾ ਲੜਿਆ, ਕਿ ਕੱਚੇ ਕੋਠੇ ਸਾਹਵੇਂ ਮਹਿਲ ਤੇ ਮੀਨਾਰ ਝੁਕ ਜਾਵੇ। ਮੈਂ ਇਸੇ ਲਈ ਪੰਜਾਂ ਪਿਆਰਿਆਂ ਨੂੰ ਅਮ੍ਰਿਤ ਛਕਾਇਆ ਸੀ, ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁੱਕ ਜਾਵੇ। ਗੁਰੂ ਗੋਬਿੰਦ ਸਿੰਘ ਜੀ ਦਾ ਵਡਮੁੱਲਾ ਸੰਦੇਸ਼- 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਹਰ ਮਨੁੱਖ ਦੀਆਂ ਅੱਖਾਂ ਖੋਲਣ ਵਾਲਾ ਹੈ। ਪਰ ਅਫਸੋਸ ਅਸੀਂ ਗੁਰੂਆਂ ਨੂੰ ਗੁਰੂ ਮੰਨਣ ਦੇ ਹੋਕੇ ਦਿੰਦੇ ਹਾਂ ਪਰ ਉਨਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਤੋਂ ਹਾਲੇ ਵੀ ਇਨਕਾਰੀ ਹਾਂ। ਅਜੇ ਵੀ ਵੱਖ ਵੱਖ ਧਰਮਾਂ ਤੇ ਵਰਗਾਂ ਦੇ ਵੱਖ ਵੱਖ ਗੁਰੂਘਰ ਇੱਕ ਨਹੀਂ ਹੋਏ। ਦਲਿਤ ਅਤੇ ਜਾਤ ਲਫਜ਼ ਤਾਂ ਹੁਣ ਤੱਕ ਉਂਝ ਹੀ ਖਤਮ ਹੋ ਜਾਣਾ ਚਾਹੀਦਾ ਸੀ ਪਰ ਵੰਡੀਆਂ ਤਾਂ ਹੋਰ ਵਧਦੀਆਂ ਜਾਂਦੀਆਂ ਹਨ। ਮਾਰਚ 2019 ਦੌਰਾਨ ਉੱਤਰ ਪ੍ਰਦੇਸ਼ ਦੀ ਘਟਨਾ ਚਰਚਾ ਦਾ ਵਿਸ਼ਾ ਬਣ ਗਈ ਸੀ ਜਦੋਂ ਪੁਲਵਾਮਾ ਬੰਬ ਧਮਾਕੇ ਦੇ ਸ਼ਹੀਦ ਫੌਜੀ ਵੀਰ ਸਿੰਘ ਦਾ ਪਿੰਡ ਸ਼ਿਕੋਹਾਬਾਦ ਦੀ ਸਾਂਝੀ ਜ਼ਮੀਨ ਉੱਤੇ ਅੰਤਿਮ ਸੰਸਕਾਰ ਕਰਨ ਵਿਰੁੱਧ ਉੱਚ ਜਾਤੀ ਦੇ ਲੋਕਾਂ ਨੇ ਧਰਨਾ ਲਾ ਦਿੱਤਾ ਸੀ। ਜਿੰਨਾ ਚਿਰ ਊਚ-ਨੀਚ ਅਤੇ ਜਾਤ-ਪਾਤ ਦਾ ਜਿੰਨ ਸਾਡੇ ਸਮਾਜ ਵਿੱਚੋਂ ਅਲੋਪ ਨਹੀਂ ਹੁੰਦਾ ਉਨਾ ਚਿਰ ਵਿਕਾਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਪਿਛਲੇ ਕੁਝ ਅਰਸੇ ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ ਨੇ ਜਿਹੜਾ ਹੁਣ ਜਨ-ਅੰਦੋਲਨ ਦਾ ਰੂਪ ਲੈ ਚੁੱਕਾ ਹੈ, ਨੇ ਜ਼ਰੂਰ ਭਿੰਨਤਾ ਵਿੱਚ ਏਕਤਾ ਦੀ ਕੁਝ ਆਸ ਜਗਾਈ ਹੈ ਪਰ ਦੇਖਣਾ ਹੈ ਕਿ ਇਹ ਕਦੋਂ ਤਕ ਚੱਲਦੀ ਹੈ। ਸਾਡੇ ਗੁਰੂਆਂ ਨੇ ਤਾਂ ਹਰਿਮੰਦਰ ਸਾਹਿਬ ਵਰਗੇ ਤੀਰਥ ਅਸਥਾਨ ਬਣਾਉਣ ਸਮੇਂ ਚਹੁੰਆਂ ਦਿਸ਼ਾਵਾਂ ਵਿੱਚ ਚਾਰ ਦਰਵਾਜੇ ਰੱਖ ਕੇ ਹਰ ਵਰਗ ਲਈ ਸਮਾਨਤਾ ਦੀ ਨੀਂਹ ਰੱਖੀ ਸੀ। ਪਰ ਅਸੀਂ ਤਾਂ ਹਾਲੇ ਵੀ ਜਾਤ ਬਰਾਦਰੀ ਤੋਂ ਬਾਹਰ ਰਿਸ਼ਤਾ ਕਰਨ ਤੋਂ ਵੀ ਘਬਰਾਉਂਦੇ ਹਾਂ। ਸਾਡੀਆਂ ਅਖਬਾਰਾਂ ਦੇ ਪੰਨੇ ਜੋ ਵਿਆਹਾਂ ਦੇ ਇਸ਼ਤਿਹਾਰ ਪ੍ਰਕਾਸ਼ਤ ਕਰਦੇ ਹਨ, ਜਾਤਾਂ-ਪਾਤਾਂ ਦੀ ਖੁੱਲੀ ਨੁਮਾਇਸ਼ ਲਗਾਉਂਦੇ ਹਨ। ਇਹ ਪਾੜਾ ਖਤਮ ਕਰਨ ਲਈ ਸਰਕਾਰ, ਸਮਾਜ ਅਤੇ ਸਮਾਜ-ਸੇਵੀ ਸੰਸਥਾਵਾਂ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ ਤਾਂ ਜੋ ਨਫਰਤ ਦੇ ਨਾਸ ਹੋ ਸਕੇ।

# ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਲੱਭੋ ਪ੍ਰਸੰਨਤਾ



### ਹਰਕੀਰਤ ਕੌਰ

੯੭੭੯੧੧੮੦੬੬

ਪੈਸੇ ਨਾਲ ਵਸਤਾਂ ਖਰੀਦੀਆਂ ਜਾ ਸਕਦੀਆਂ ਹਨ, ਪਰ ਪ੍ਰਸੰਨਤਾ ਨਹੀਂ। ਪ੍ਰਸੰਨ ਬਿਰਤੀ, ਚੰਗੀ ਸੋਚਣੀ, ਉਸਾਰੂ ਦ੍ਰਿਸ਼ਟੀਕੋਣ ਇਹ ਸਭ ਪੈਸੇ ਨਾਲ ਨਹੀਂ ਖਰੀਦੇ ਜਾ ਸਕਦੇ। ਪਰ ਅਫਸੋਸ ਅਸੀਂ ਆਪਣੀ ਸਾਰੀ ਜਿੰਦਗੀ ਹਰ ਉਸ ਚੀਜ਼ ਪਿੱਛੇ ਦੌੜਦਿਆਂ ਗਵਾ ਲੈਂਦੇ ਹਾਂ, ਜੋ ਦੁਨਿਆਵੀ ਤੌਰ 'ਤੇ ਬਹੁਤ ਕੀਮਤੀ ਹੁੰਦੀਆਂ ਹਨ, ਜਿਹੜੀਆਂ ਚੀਜ਼ਾਂ ਬਿਨਾਂ ਕਿਸੇ ਮੁੱਲ ਦੇ ਫਿਰ ਵੀ ਅਮੁੱਲ ਹਨ ਉਨਾਂ ਬਾਰੇ ਅਸੀਂ ਕਦੇ ਸੋਚਦੇ ਹੀ ਨਹੀਂ ਹਾਂ। ਦਰਅਸਲ ਅਸੀਂ ਆਪਣੀ ਜ਼ਿੰਦਗੀ ਨੂੰ ਜਿਊਣ ਦੇ ਤਰੀਕੇ ਬਦਲ ਚੁੱਕੇ ਹਾਂ। ਭੌਤਿਕਵਾਦੀ ਚੀਜ਼ਾਂ ਦੀਆਂ ਬੇਲੋੜੀਆਂ ਲੋੜਾਂ ਨੇ ਸਾਡੇ ਮੁੱਖ ਤੋਂ ਹਾਸੇ ਖੋਹ ਲਏ ਹਨ। ਜਰੂਰੀ ਨਹੀਂ ਕਿ ਖੁਸ਼ੀ ਮਹਿੰਗੀਆਂ ਚੀਜ਼ਾਂ ਤੋਂ ਹੀ ਮਿਲ ਸਕਦੀ ਹੈ। ਅੱਜ ਤੁਸੀਂ ਜਿਸ ਵੀ ਹਾਲਾਤ ਵਿੱਚ ਹੋ ਉਸ ਵਿੱਚ ਸੰਤੁਸ਼ਟ ਅਤੇ ਖੁਸ਼ ਤੇ ਰੱਬ ਦੇ ਸ਼ੁਕਰਗੁਜ਼ਾਰ ਹੋਕੇ ਵੇਖੋ। ਤੁਹਾਡੇ ਜੀਵਨ ਵਿੱਚ ਇੱਕ ਨਵੀਂ ਲਹਿਰ ਦੌੜ ਜਾਵੇਗੀ। ਜਿਹੜੇ ਲੋਕ ਖੁਸ਼ ਰਹਿੰਦੇ ਹਨ, ਉਨਾਂ ਨੂੰ ਲੋਕਾਂ ਦੁਆਰਾ ਵਧੇਰੇ ਯਾਦ ਕੀਤਾ ਜਾਂਦਾ ਹੈ, ਜਿਨਾਂ ਲੋਕਾਂ ਦੇ ਚਿਹਰੇ ਹਮੇਸ਼ਾ ਮੁਸਕਰਾਹਟ ਨਾਲ ਖਿੜੇ ਰਹਿੰਦੇ ਹਨ, ਉਨਾਂ ਦੀ ਉਡੀਕ ਹਰ ਜਗਾ ਬੇਸਬਰੀ ਨਾਲ ਕੀਤੀ ਜਾਂਦੀ ਹੈ। ਜਦ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਖੁਸ਼ੀ ਲੱਭਣ ਲੱਗ ਜਾਵੋਗੇ, ਜਿਊਣ ਦੀ ਜਾਚ ਸਿੱਖਦੇ ਜਾਵੋਗੇ। ਘਰ ਵਿੱਚ ਇੱਕ ਛੋਟਾ ਜਿਹਾ ਪੌਦਾ ਲਗਾ ਕੇ ਵੇਖੋ, ਹਰ ਰੋਜ਼ ਉਸ ਨੂੰ ਪਾਣੀ ਪਾਓ, ਉਸਦਾ ਦਿਨ ਬ ਦਿਨ ਵੱਡਾ ਹੋਣਾ ਤੁਹਾਨੂੰ ਖੁਸ਼ੀ ਦੇਵੇਗਾ। ਸੜੇ ਸੁਭਾਅ ਵਾਲੇ ਲੋਕਾਂ ਕੋਲ ਕੋਈ ਵੀ ਬੈਠਣਾ ਪਸੰਦ ਨਹੀਂ ਕਰਦਾ, ਅਜਿਹੇ ਲੋਕਾਂ ਦੇ ਮੱਥੇ ਤੇ ਪਈਆਂ ਸੱਤ ਤਿਊੜੀਆਂ ਉਨਾਂ ਦੀ ਮਾਨਸਿਕਤਾ ਨੂੰ ਬਿਆਨ ਕਰ ਦਿੰਦੀਆਂ ਹਨ। ਅਜਿਹੇ ਸੁਭਾਅ ਵਾਲੇ ਲੋਕਾਂ ਨੂੰ ਹਰ ਵਿਚੋਂ ਕਮੀਆਂ ਨਜ਼ਰ ਆਉਂਦੀਆਂ ਰਹਿੰਦੀਆਂ ਹਨ, ਇਹ ਨਾ ਤਾਂ ਆਪ ਖੁਸ਼ ਹੁੰਦੇ ਹਨ ਅਤੇ ਨਾ ਹੀ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਖੁਸ਼ ਰਹਿਣ ਦਿੰਦੇ ਹਨ। ਸ਼ਿਕਾਇਤਾਂ ਕਰਨ ਵਿੱਚ ਅਜਿਹੇ ਸੁਭਾਅ ਦੇ ਲੋਕ ਮਾਹਿਰ ਹੁੰਦੇ ਹਨ ਅਤੇ ਦੂਸਰਿਆਂ ਨੂੰ ਕਸੂਰਵਾਰ ਠਹਿਰਾਉਣ ਵਿੱਚ ਮਾਹਿਰ ਹੁੰਦੇ ਹਨ।ਇਸਦੇ ਉੱਲਟ ਜੋ ਲੋਕ ਆਪਣੇ ਪਰਿਵਾਰ, ਦੋਸਤਾਂ ਤੇ ਆਂਢ ਗੁਆਂਢ ਦੇ ਜੀਆਂ ਨਾਲ ਮਿਲ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਖੁਸ਼ੀਆਂ ਲੱਭਣ ਦਾ ਯਤਨ ਕਰਦੇ ਹਨ, ਵਧੇਰੇ ਸੁਖੀ ਹੁੰਦੇ ਹਨ। ਖੁਸ਼ੀਆਂ ਅਸੀਂ ਮੁੱਲ ਨਹੀਂ ਖਰੀਦਣੀਆਂ ਹੁੰਦੀਆਂ ਇਹ ਅਸੀਂ ਕਰਾਉਣੀਆਂ ਹੁੰਦੀਆਂ ਹਨ, ਆਪ ਪੈਦਾ ਕਰਨੀਆਂ ਹੁੰਦੀਆਂ ਹਨ। ਖੁਸ਼ ਹੋਣ ਦਾ ਨਿੱਕੇ ਤੋਂ ਨਿੱਕਾ ਮੌਕਾ ਵੀ ਨਾ ਜਾਣ ਦੇਵੋ.....

ਹਰ ਹਲਾਤ ਵਿੱਚ ਸ਼ੁਕਰਗੁਜ਼ਾਰ ਰਹੋ ਤੇ ਸੰਤੁਸ਼ਟ ਰਹੋ, ਜਦੋਂ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਵਿੱਚੋਂ ਪ੍ਰਸੰਨਤਾ ਲੱਭਣੀ ਸ਼ੁਰੂ ਕਰ ਦਿੱਤੀ ਤਾਂ ਅਸੀਂ ਵੀ ਉਨਾਂ ਲੋਕਾਂ ਦੀ ਕਤਾਰ ਵਿੱਚ ਖੜੇ ਹੋ ਜਾਵਾਂਗੇ ਜਿਨਾਂ ਨੂੰ ਵਧੇਰੇ ਵਾਰੀ ਅਤੇ ਵਧੇਰੇ ਚਿਰ ਯਾਦ ਕੀਤਾ ਜਾਂਦਾ ਹੈ, ਜਿਨਾਂ ਲੋਕਾਂ ਦੀ ਵਧੇਰੇ ਉਡੀਕ ਕੀਤੀ ਜਾਂਦੀ ਹੈ। ਦੁੱਖ ਕਦੇ ਵੀ ਉਨੇ ਵੱਡੇ ਨਹੀਂ ਹੁੰਦੇ ਜਿੰਨੇ ਉਹ ਪ੍ਰਤੀਤ ਹੁੰਦੇ ਹਨ, ਇਸ ਲਈ ਦੁੱਖਾਂ ਦਾ ਬਹਾਨਾ ਲਗਾ ਆਪਣੇ ਜੀਵਨ ਨੂੰ ਅਜਾਈਂ ਨਾ ਗਵਾਓ, ਖੁਸ਼ ਰਹੋ ਅਤੇ ਹੋਰਾਂ ਨੂੰ ਵੀ ਖੁਸ਼ ਰੱਖੋ, ਇਹੀ ਮਨੁੱਖੀ ਜੀਵਨ ਦਾ ਅਸਲ ਮਨੋਰਥ ਹੈ।

# ਫਲਾਈਂਗ ਸਿੱਖ ਮਿਲਖਾ ਸਿੰਘ ਦੀ ਦੌੜ

ਸਖ਼ਸ਼ੀਅਤ

**ਪ੍ਰਿੰ. ਸਰਵਣ ਸਿੰਘ**

ਆਖ਼ਰ ਮਿਲਖਾ ਸਿੰਘ ਵੀ ਜਾਂਦਾ ਰਿਹਾ। ਹਫ਼ਤਾ ਪਹਿਲਾਂ ਉਸ ਦੀ ਜੀਵਨ ਸਾਥਣ ਨਿਰਮਲ ਕੌਰ ਨਿੰਮੀ ਚਲੀ ਗਈ ਸੀ। ਪਿੱਛੇ ਛੱਡ ਗਏ ਹਨ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ। 'ਉਡਣਾ ਸਿੱਖ ਮਿਲਖਾ ਸਿੰਘ' ਭਾਰਤ ਦਾ ਹੀ ਨਹੀਂ, ਏਸ਼ੀਆ ਦਾ ਲਾਸਾਨੀ ਦੌੜਾਕ ਸੀ। ਦੌੜ ਉਹਦੀ ਜ਼ਿੰਦਗੀ ਸੀ। ਉਹਦਾ 400 ਮੀਟਰ ਦੌੜ ਦਾ ਰਿਕਾਰਡ ਭਾਰਤ ਦੇ ਕਿਸੇ ਦੌੜਾਕ ਤੋਂ ਚਾਲੀ ਸਾਲ ਨਹੀਂ ਸੀ ਟੁੱਟਾ। ਦੌੜ ਉਹਦੇ ਨਾਲ ਬਚਪਨ ਤੋਂ ਹੀ ਜੁੜ ਗਈ ਸੀ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਤਪਦੇ ਹੋਏ ਰੇਤਲੇ ਰਾਹਾਂ 'ਤੇ ਨੰਗੇ ਪੈਰ ਭੁਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਵੇਂ ਠੰਢੇ ਕਰਦਾ। ਫਿਰ ਇਕ ਰੁੱਖ ਦੀ ਛਾਂ ਤੋਂ ਦੂਜੇ ਰੁੱਖ ਦੀ ਛਾਂ ਵੱਲ ਦੌੜਦਾ। 1947 ਵਿਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਮਗਰ ਦੌੜਿਆ। ਢਿੱਡ ਦੀ ਭੁੱਖ ਨੇ ਚੋਰੀਆਂ ਚਕਾਰੀਆਂ ਵੀ ਕਰਵਾਈਆਂ। ਪੁਲਿਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਬਿਨਟਿਕਟਾ ਸਫ਼ਰ ਕਰਦਾ ਦੌੜਨ ਲੱਗਾ ਤਾਂ ਦਬੋਚਿਆ ਗਿਆ ਜਿਸ ਕਰਕੇ ਜੇਲ ਜਾ ਪੁੱਜਾ। ਦਿੱਲੀ 'ਚ ਦਿਨ-ਕੱਟੀ ਕਰਦੀ ਉਹਦੀ ਭੈਣ ਨੇ ਵਾਲੀਆਂ ਗਹਿਣੇ ਰੱਖ ਕੇ ਜੇਲੋਂ ਛੁਡਾਇਆ। ਫਿਰ ਉਸ ਨੂੰ ਭੈਣ ਦੇ ਸਹੁਰਿਆਂ ਨੇ ਘਰੋਂ ਦੌੜਾ ਦਿੱਤਾ।

ਚੜਦੀ ਜੁਆਨੀ 'ਚ ਉਹ ਇਕ ਗ਼ਰੀਬ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਪਰ ਉਹ ਕੁੜੀ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਹੀ ਦੁੱਧ ਦਾ ਸਪੈਸ਼ਲ ਗਲਾਸ ਲੁਆਇਆ। ਦੌੜ-ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇਸੀਓ ਬਣਿਆ। ਦੇਸ਼ਾਂ ਵਿਦੇਸ਼ਾਂ ਵਿਚ ਦੌੜ ਕੇ ਉਹ ਕੱਪ ਤੇ ਮੈਡਲ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। 1958 ਵਿਚ ਟੋਕੀਓ ਦੀਆਂ ਏਸ਼ਿਆਈ ਖੇਡਾਂ ਦਾ ਬੈਸਟ ਅਥਲੀਟ ਬਣਿਆ ਤਾਂ ਕੁਲ ਦੁਨੀਆ 'ਚ ਮਿਲਖਾ-ਮਿਲਖਾ ਹੋ ਗਈ। 1960 'ਚ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਚ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖ਼ਿਤਾਬ ਮਿਲਿਆ। ਮੁਸੀਬਤਾਂ ਉਸ ਨੂੰ ਵਾਰ-ਵਾਰ ਘੇਰਦੀਆਂ ਰਹੀਆਂ ਪਰ ਉਹ ਉਨ੍ਹਾਂ ਤੋਂ ਬਚਦਾ ਬਚਾਉਂਦਾ ਅੱਗੇ ਹੀ ਅੱਗੇ ਦੌੜਦਾ ਗਿਆ। ਉਹਦੇ ਬਾਰੇ ਫਿਲਮ ਬਣਾਉਣ ਵਾਲਿਆਂ ਨੂੰ ਵੀ ਇਹੋ ਨਾਂ ਸੁੱਝਾ, 'ਭਾਗ ਮਿਲਖਾ ਭਾਗ'। ਜਨੂੰਨੀਆਂ ਹੱਥੋਂ ਉਹਦੇ ਮਾਰੇ ਜਾ ਰਹੇ ਬਾਪ ਦੇ ਆਖ਼ਰੀ ਬੋਲ ਸਨ, 'ਦੌੜ ਜਾ ਪੁੱਤਰਾ! ਦੌੜ ਜਾਹ...।'

ਜਾਨ ਬਚਾ ਕੇ ਉਹ ਅਜਿਹਾ ਦੌੜਿਆ ਕਿ ਸਾਰੀ ਉਮਰ ਦੌੜਦਾ ਹੀ ਰਿਹਾ। ਆਖ਼ਰ 17 ਜੂਨ 2021 ਦੀ ਰਾਤ ਨੂੰ ਉਹਦੀ ਜੀਵਨ ਦੌੜ ਪੂਰੀ ਹੋਈ। ਜਿਨ੍ਹਾਂ ਰਾਹਾਂ, ਖੇਤਾਂ, ਡੰਡੀਆਂ, ਪਗਡੰਡੀਆਂ, ਪਟੜੀਆਂ, ਪਾਰਕਾਂ, ਟਰੈਕ, ਟ੍ਰੇਲਾਂ ਤੇ ਗੌਲਫ਼ ਗਰਾਊਂਡਾਂ ਵਿਚ ਉਹ ਦੌੜਿਆ ਅੱਜ ਵੀ ਉਥੋਂ ਉਹਦੇ ਮੁੜ੍ਹਕੇ ਦੀ ਮਹਿਕ ਆ ਰਹੀ ਹੈ, ਉਹਦੀਆਂ ਪੈੜਾਂ ਦੇ ਨਿਸ਼ਾਨ ਲਿਸ਼ਕ ਰਹੇ ਹਨ।

ਮਿਲਖਾ ਸਿੰਘ ਦਾ ਕਹਿਣਾ ਸੀ ਕਿ ਕਾਮਯਾਬੀ ਦੀ ਮੰਜ਼ਿਲ ਤਕ ਕੋਈ ਸ਼ਾਹੀ ਸੜਕ ਨਹੀਂ ਜਾਂਦੀ ਹੁੰਦੀ। ਕਠਨ ਤਪੱਸਿਆ ਬਿਨਾਂ ਯੋਗ ਹਾਸਲ ਨਹੀਂ ਹੁੰਦਾ। ਸਖ਼ਤ ਮਿਹਨਤ ਬਿਨਾਂ ਜਿੱਤ ਨਸੀਬ ਨਹੀਂ ਹੁੰਦੀ। ਦੌੜਨਾ ਦੁਸ਼ਵਾਰ ਸਾਧਨਾ ਹੈ। ਤਪ ਕਰਨਾ ਹੈ। ਉਸ ਨੂੰ 400 ਮੀਟਰ ਦੀ ਦੌੜ ਦੌੜਨ ਵਿਚ ਪ੍ਰਪੱਕ ਹੋਣ ਲਈ, ਨਵੇਂ ਰਿਕਾਰਡ ਰੱਖਣ ਲਈ, ਵਰਿਆਂ-ਬੱਧੀ ਦੌੜਨ ਦੀ ਪ੍ਰੈਕਟਿਸ ਕਰਨੀ ਪਈ ਸੀ। ਪ੍ਰੈਕਟਿਸ ਕਰਦਿਆਂ ਉਹ ਘੱਟੋ-ਘੱਟ 40 ਹਜ਼ਾਰ ਮੀਲ ਦੌੜਿਆ। ਅਨੇਕਾਂ ਵਾਰ ਹਫ਼ਿਆ, ਡਿਗਿਆ, ਲਹੂ ਦੀਆਂ ਉਲਟੀਆਂ ਕੀਤੀਆਂ ਤੇ ਬੇਹੋਸ਼ ਹੋਇਆ। ਦਿਨੇ ਉਹ ਟ੍ਰੈਕ 'ਤੇ ਦੌੜਦਾ ਤੇ ਰਾਤੀਂ ਸੁਪਨਿਆਂ ਵਿਚ। ਹਫ਼ਤੇ ਦੇ ਸੱਤੇ ਦਿਨ, ਸਾਲ ਦੇ 364 ਦਿਨ। ਭਾਵੇਂ ਮੀਂਹ ਪਵੇ, ਨੇਰੀ ਵਗੇ, ਉਹ ਬਿਲਾ-ਨਾਗਾ ਦੌੜਦਾ। ਉਸ ਨੇ ਦੌੜ-ਦੌੜ ਟ੍ਰੈਕ ਘਸਾ ਦਿੱਤੇ ਸਨ ਅਤੇ ਖੇਤਾਂ ਤੇ ਪਾਰਕਾਂ ਵਿਚ ਪਗਡੰਡੀਆਂ ਪਾ ਦਿੱਤੀਆਂ ਸਨ। ਜੇਕਰ ਉਹ ਧਰਤੀ ਦੁਆਲੇ ਦੌੜਨ ਲੱਗਦਾ ਤਾਂ ਕਦੋਂ ਦਾ ਚੱਕਰ ਲਾ ਗਿਆ ਹੁੰਦਾ। ਕਦੋਂ ਦਾ ਏਸ਼ੀਆ, ਅਫਰੀਕਾ, ਅਮਰੀਕਾ ਤੇ ਯੌਰਪ ਗਾਹ ਗਿਆ ਹੁੰਦਾ।

ਇਕ ਸਮੇਂ 100 ਮੀਟਰ, 200 ਮੀਟਰ, 400 ਮੀਟਰ ਤੇ 4+400 ਮੀਟਰ ਰਿਲੇਅ ਦੌੜਾਂ ਦੇ ਚਾਰੇ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਉਸ ਨੇ 1958 ਵਿਚ ਭਾਰਤ ਲਈ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਜਿੱਤਿਆ ਸੀ। ਫਿਰ ਏਸ਼ਿਆਈ ਖੇਡਾਂ 'ਚੋਂ ਚਾਰ ਸੋਨੇ ਦੇ ਤਮਗੇ ਜਿੱਤੇ। ਕੌਮੀ ਤੇ ਕੌਮਾਂਤਰੀ ਦੌੜਾਂ ਵਿਚ ਉਹਦੇ ਤਮਗਿਆਂ ਦੀ ਗਿਣਤੀ ਸੌ ਤੋਂ ਵੱਧ ਹੈ। ਉਹ 80 ਇੰਟਰਨੈਸ਼ਨਲ ਦੌੜਾਂ ਦੌੜਿਆ ਜਿਨ੍ਹਾਂ 'ਚੋਂ 77 ਦੌੜਾਂ ਜਿੱਤਿਆ। 1960 'ਚ ਰੋਮ ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੇ 400 ਮੀਟਰ ਦੀ ਦੌੜ 45.6 ਸੈਕਿੰਡ ਵਿਚ ਲਾ ਕੇ ਪਹਿਲਾ ਓਲੰਪਿਕ ਰਿਕਾਰਡ ਮਾਤ ਪਾਇਆ ਸੀ। ਸਿੰਡਰ ਟਰੈਕ ਉਤੇ ਕਿੱਲਾਂ ਵਾਲੇ ਭਾਰੇ ਸਪਾਈਕਸਾਂ ਨਾਲ ਲਾਈ ਦੌੜ ਦਾ ਉਹ ਨੈਸ਼ਨਲ ਰਿਕਾਰਡ ਭਾਰਤੀ ਅਥਲੀਟਾਂ ਲਈ 20ਵੀਂ ਸਦੀ ਦੇ ਅੰਤ ਤਕ ਚੈਲੰਜ ਬਣਿਆ ਰਿਹਾ। ਐਨ




ਆਈ ਐਸ ਪਟਿਆਲੇ ਦੇ ਅਜਾਇਬਘਰ ਵਿਚ ਪਏ ਉਹਦੇ ਕਿੱਲਾਂ ਵਾਲੇ ਭਾਰੇ ਸਪਾਈਕਸ ਭਾਰਤ ਦੇ ਅਥਲੀਟਾਂ ਨੂੰ ਵੰਗਾਰਦੇ ਰਹੇ, ਆਵੇ ਕੋਈ ਨਿੱਤਰੇ!

ਮਿਲਖਾ ਸਿੰਘ ਦਾ ਜਨਮ ਸ. ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਕੌਰ ਦੀ ਕੁੱਖੋਂ ਹੋਇਆ ਸੀ। ਵਧਾਵੀ ਕੌਰ ਦਾ ਪੇਕੜਾ ਨਾਂ ਚਾਵਲੀ ਬਾਈ ਸੀ। ਉਹ ਪੱਛਮੀ ਪੰਜਾਬ ਦੇ ਪਿੰਡ ਗੋਬਿੰਦਪੁਰਾ, ਤਹਿਸੀਲ ਕੋਟ ਅੱਦੂ, ਜ਼ਿਲਾ ਮੁਜ਼ੱਫਰਗੜ ਵਿਚ ਰਹਿੰਦੇ ਸਨ। ਉਥੇ ਦੋ ਪਿੰਡ ਸਿੱਖਾਂ ਦੇ ਸਨ। ਗੋਬਿੰਦਪੁਰਾ ਦਾ ਪਹਿਲਾ ਨਾਂ ਬੁਖਾਰੀਆਂ ਸੀ। ਬਾਅਦ ਵਿਚ ਸਿੱਖਾਂ ਨੇ ਗੋਬਿੰਦਪੁਰਾ ਰੱਖਿਆ। ਉਹਦੇ ਉੱਤਰ ਵੱਲ ਜ਼ਿਲਾ ਮੁਲਤਾਨ ਸੀ ਤੇ ਦੱਖਣ ਵੱਲ ਰਿਆਸਤ ਬਹਾਵਲਪੁਰ। ਉਥੋਂ ਦੀ ਉਪ ਭਾਸ਼ਾ ਮੁਲਤਾਨੀ ਸੀ। ਹੁਣ ਉਹ ਇਲਾਕਾ ਚੰਗਾ ਆਬਾਦ ਹੈ। ਸ਼ਾਇਦ ਉਥੋਂ ਦੇ ਲੋਕ ਵੀ ਮਿਲਖਾ ਸਿੰਘ ਨੂੰ ਯਾਦ ਕਰਦੇ ਹੋਣ ਕਿ ਉਹ ਮਹਾਨ ਦੌੜਾਕ ਸਾਡੇ ਵਿਚੋਂ ਹੀ ਸੀ।

ਮਿਲਖਾ ਸਿੰਘ ਦੀ ਜਨਮ ਮਿਤੀ ਦਾ ਕਿਸੇ ਨੂੰ ਵੀ ਪੱਕਾ ਪਤਾ ਨਹੀਂ। ਉਂਞ ਉਹਦੀਆਂ ਤਿੰਨ ਜਨਮ ਮਿਤੀਆਂ ਲਿਖੀਆਂ ਮਿਲਦੀਆਂ ਹਨ। 20 ਨਵੰਬਰ 1929, 17 ਅਕਤੂਬਰ 1935 ਅਤੇ 20 ਨਵੰਬਰ 1935। ਦੇਸ਼ ਦੀ ਵੰਡ ਵੇਲੇ ਉਹ ਅੱਠਵੀਂ 'ਚ ਪੜ੍ਹਦਾ ਸੀ। ਅੰਦਾਜ਼ੇ ਨਾਲ ਉਹਦਾ ਜਨਮ ਸਾਲ 1932 ਦਾ ਮੰਨਿਆ ਜਾ ਸਕਦੈ। ਉਹ ਲਗਭਗ ਸੱਠ ਸਾਲ ਚੰਡੀਗੜ ਦੇ ਖੇਡ ਮੈਦਾਨਾਂ ਤੇ ਪਾਰਕਾਂ 'ਚ ਜੌਗਿੰਗ ਕਰਦਾ ਅਤੇ ਗੌਲਫ਼ ਖੇਡਦਾ ਰਿਹਾ। ਉਹਦੀ ਸਿਹਤ ਵੱਲ ਵੇਖਦਿਆਂ ਲੱਗਦਾ ਸੀ ਕਿ ਸੈਂਚਰੀ ਮਾਰ ਜਾਵੇਗਾ। ਪਰ ਕੋਰੋਨਾ ਉਸ ਮਹਾਨ ਦੌੜਾਕ ਨੂੰ ਨੱਬੇ ਕੁ ਸਾਲ ਦੀ ਉਮਰ ਵਿਚ ਲੈ ਬੈਠਾ। ਪਾਸ਼ ਨੇ ਉਹਦੀ ਸਵੈਜੀਵਨੀ 'ਫਲਾਈਂਗ ਸਿੱਖ ਮਿਲਖਾ ਸਿੰਘ' ਲਿਖੀ ਸੀ ਤੇ ਮੈਂ ਉਹਦੀ ਜੀਵਨੀ 'ਉਡਣਾ ਸਿੱਖ ਮਿਲਖਾ ਸਿੰਘ' ਛਪਵਾਈ ਜਿਸ ਦੇ ਸਰਵਰਕ ਉਤੇ ਦਰਜ ਹੈ: ਅਣਵੰਡੇ ਪੰਜਾਬ ਵਿਚ ਜ਼ਿਲਾ ਮੁਜ਼ੱਫਰਗੜ ਦੇ ਪਿੰਡ ਗੋਬਿੰਦਪੁਰਾ ਵਿਖੇ ਇਕ ਗ਼ਰੀਬ ਕਿਸਾਨ ਘਰ ਦਾ ਜੰਮਪਲ ਹੋ ਕੇ, 1947 ਦੀ ਦੇਸ਼-ਵੰਡ ਸਮੇਂ ਆਪਣੀਆਂ ਅੱਖਾਂ ਸਾਹਮਣੇ ਮਾਂ ਬਾਪ ਤੇ ਭੈਣ ਭਰਾ ਕਤਲ ਹੁੰਦੇ ਵੇਖ ਕੇ, ਬਚਪਨ ਤੇ ਭਵਿੱਖ ਟੁਕੜੇ ਟੁਕੜੇ ਕਰਾ ਕੇ, ਮਾਤਭੂਮੀ ਤੋਂ ਉੱਜੜ ਪੁੱਜੜ ਕੇ, ਅਨਾਥ ਹੋ ਕੇ, ਭੁੱਖੇ ਪਿਆਸੇ ਰਹਿ ਕੇ, ਜੇਲ ਦੀ ਹਵਾ ਖਾ ਕੇ, ਅੰਤਾਂ ਦੀਆਂ ਦੁਸ਼ਵਾਰੀਆਂ 'ਚੋਂ ਲੰਘ ਕੇ, ਫੌਜ ਵਿਚ ਭਰਤੀ ਹੋ ਕੇ, ਵੱਡੀ ਉਮਰ 'ਚ ਦੌੜ ਮੁਕਾਬਲੇ ਸ਼ੁਰੂ ਕਰ ਕੇ ਤੇ ਫਿਰ 'ਦੌੜ ਦਾ ਬਾਦਸ਼ਾਹ' ਬਣ ਕੇ ਜੋ ਮਸ਼ਾਲ ਮਿਲਖਾ ਸਿੰਘ ਨੇ ਜਗਾਈ ਉਹ ਸਾਡੇ ਸਭਨਾਂ ਲਈ ਚਾਨਣ ਮੁਨਾਰਾ ਹੈ।

ਮਿਲਖਾ ਸਿੰਘ ਦੀ ਜਗਾਈ ਮਸ਼ਾਲ ਹਰ ਬੱਚੇ ਨੂੰ, ਹਰ ਨੌਜਵਾਨ ਨੂੰ, ਹੌਸਲਾ ਹਾਰੀ ਬੈਠੇ ਹਾਰੀ-ਸਾਰੀ ਨੂੰ, ਡਿੱਗੇ ਢੱਠੇ ਇਨਸਾਨਾਂ ਨੂੰ, ਉੱਚੀਆਂ ਉਡਾਰੀਆਂ ਭਰਨ ਅਤੇ ਮੰਜ਼ਿਲਾਂ ਮਾਰਨ ਲਈ ਉਕਸਾ ਸਕਦੀ ਹੈ। ਉਨ੍ਹਾਂ ਲਈ ਚਾਨਣ ਮੁਨਾਰਾ ਹੋ ਸਕਦੀ ਹੈ, ਰਾਹਦਸੇਰਾ ਹੋ ਸਕਦੀ ਹੈ, ਰਹਿਬਰ ਬਣ ਸਕਦੀ ਹੈ। ਮਿਲਖਾ ਸਿੰਘ ਦੀ ਦੌੜ, ਤੇਜ਼ ਕਦਮਾਂ ਨਾਲ ਕੇਵਲ 400 ਮੀਟਰ ਦੀ ਦੌੜ ਹੀ ਨਹੀਂ ਬਲਕਿ ਹਰ ਬਾਲਕ ਅੰਦਰ ਸੁੱਤੀਆਂ ਪਈਆਂ ਬੇਅੰਤ ਸੰਭਾਵਨਾਵਾਂ ਜਗਾਉਣ ਦੀ ਦੌੜ ਹੈ। ਪਰ ਇਰਾਦੇ ਦੀ ਦ੍ਰਿੜਤਾ, ਸਦੀਵੀ ਲਗਨ ਅਤੇ ਅਣਥੱਕ ਮਿਹਨਤ ਮਿਲਖਾ ਸਿੰਘ ਵਰਗੀ ਹੋਣੀ ਚਾਹੀਦੀ ਹੈ।

# ਪੰਜਾਬੀ ਦੀ ਸਾਂਝ ਦਾਣੇ ਭੁੰਨਣ ਵਾਲੀ ਭੱਠੀਆਂ

**ਰਵਨਜੋਤ ਕੌਰ ਸਿੱਧੂ ਰਾਵੀ**

ਬਹੁਤਾ ਸਮਾਂ ਤਾਂ ਨਹੀਂ ਹੋਇਆ ਫਿਰ ਵੀ ਉਸ ਸਮੇਂ ਨੂੰ ਪੁਰਾਣਾ ਹੀ ਕਹਾਂਗੇ ਜਦੋਂ ਪਿੰਡ ਵਿੱਚ ਭੱਠੀ ਵਾਲਾ ਸਥਾਨ ਪਿੰਡ ਦੇ ਲੋਕ ਜੀਵਨ ਵਿੱਚ ਕੇਂਦਰੀ ਸਥਾਨ ਹੁੰਦਾ ਸੀ। ਸੱਥਾਂ ਅਤੇ ਖੂਹਾਂ 'ਤੇ ਲੱਗਣ ਵਾਲੀਆਂ ਰੌਣਕਾਂ ਵਾਂਗ ਭੱਠੀ 'ਤੇ ਵੀ ਖ਼ੂਬ ਰੌਣਕਾਂ ਲੱਗਦੀਆਂ ਸਨ। ਭੱਠੀ ਸਾਂਝੇ ਪੰਜਾਬ ਅਤੇ ਉਸ ਦੇ ਆਲੇ ਦੁਆਲੇ ਦੇ ਖੇਤਰਾਂ ਦੇ ਪਿੰਡਾਂ ਤੇ ਸ਼ਹਿਰਾਂ ਨਾਲ ਜੁੜੀ ਇੱਕ ਅਹਿਮ ਕਿੱਤਾਮੁਲਕ ਅਤੇ ਸੱਭਿਆਚਾਰਕ ਜਗਾ ਸੀ। ਜਦੋਂ ਮਨੁੱਖੀ ਸਮਾਜ ਵਿੱਚ ਭੁੰਨੇ ਦਾਣਿਆਂ ਦਾ ਖਾਣੇ ਦੀ ਇੱਕ ਮਦ ਵਜੋਂ ਪ੍ਰਚਲਣ ਹੋਇਆ ਉਦੋਂ ਤੋਂ ਹੀ ਭੱਠੀ ਨੇ ਆਰਥਿਕ ਤਾਣੇ ਬਾਣੇ ਵਿੱਚ ਆਪਣਾ ਸਥਾਨ ਬਣਾ ਲਿਆ ਸੀ। ਦਾਣੇ ਭੁੰਨਣ ਵਾਲੀ ਭੱਠੀ ਦੀ ਆਪਣੀ ਹੀ ਮਹੱਤਤਾ ਹੁੰਦੀ ਸੀ। ਨਿਆਣੇ, ਸਿਆਣੇ, ਗੱਭਰੂ, ਅਤੇ ਮੁਟਿਆਰਾਂ ਦੁਪਹਿਰ ਢਲਦਿਆਂ ਮੱਕੀ ਦੇ ਦਾਣੇ ਅਤੇ ਹੋਰ ਤਰਾਂ ਤਰਾਂ ਦੇ ਅਨਾਜਾਂ ਦੇ ਦਾਣੇ ਲੈ ਕੇ ਭੱਠੀ ਉੱਤੇ ਭਨਾਉਣ ਲਈ ਭੀੜ ਬਣਦੇ ਸਨ, ਹਰ ਸ਼ਾਮ ਭਾਗਾਂ ਵਾਲੀ ਹੁੰਦੀ ਸੀ, ਭੱਠੀ ਦੀ ਰੌਣਕ ਬਣੀ ਰਹਿੰਦੀ ਸੀ। ਪੁਰਾਣੇ ਸਮਿਆਂ ਵਿੱਚ ਮੱਕੀ, ਛੋਲੇ, ਜੌਂ, ਕਣਕ, ਬਾਜਰਾ ਆਦਿ ਹੀ ਲੋਕਾਂ ਲਈ ਭੁੰਨ ਕੇ ਖਾਣ ਵਾਲਾ ਅਨਾਜ ਮੁੱਖ ਪਦਾਰਥ ਹੁੰਦਾ ਸੀ।

ਬਹੁਤਾ ਸਮਾਂ ਤਾਂ ਨਹੀਂ ਹੋਇਆ ਫਿਰ ਵੀ ਉਸ ਸਮੇਂ ਨੂੰ ਪੁਰਾਣਾ ਹੀ ਕਹਾਂਗੇ ਜਦੋਂ ਪਿੰਡ ਵਿੱਚ ਭੱਠੀ ਵਾਲਾ ਸਥਾਨ ਪਿੰਡ ਦੇ ਲੋਕ ਜੀਵਨ ਵਿੱਚ ਕੇਂਦਰੀ ਸਥਾਨ ਹੁੰਦਾ ਸੀ। ਸੱਥਾਂ ਅਤੇ ਖੂਹਾਂ 'ਤੇ ਲੱਗਣ ਵਾਲੀਆਂ ਰੌਣਕਾਂ ਵਾਂਗ ਭੱਠੀ 'ਤੇ ਵੀ ਖ਼ੂਬ ਰੌਣਕਾਂ ਲੱਗਦੀਆਂ ਸਨ। ਭੱਠੀ ਜਿਵੇਂ ਇਸਦੇ ਨਾਂ ਤੋਂ ਹੀ ਸਪੱਸ਼ਟ ਹੈ ਤੰਦੂਰ ਵਾਂਗ ਅੱਗ ਬਾਲਣ/ਬਖਾਉਣ ਵਾਲਾ ਗੋਲਾਕਾਰ ਚੈਂਬਰ ਹੁੰਦਾ ਸੀ ਜਿਸਦਾ ਲਗਭਗ ਅੱਧਾ ਹਿੱਸਾ ਜ਼ਮੀਨ ਦੀ ਧਰਾਤਲ ਤੋਂ ਹੇਠਾਂ ਹੁੰਦਾ ਸੀ। ਭੱਠੀ ਦਾ ਮੂੰਹ ਜ਼ਮੀਨ ਦੀ ਸਤਾ ਤੋਂ ਮਾਮੂਲੀ ਜਿਹਾ ਉੱਚਾ ਜਾਂ ਬਰਾਬਰ ਰੱਖਿਆ ਜਾਂਦਾ ਸੀ ਜਿਸ ਉੱਤੇ ਕੜਾਹੀ ਟਿਕਾਈ ਜਾਂਦੀ ਸੀ। ਕੜਾਹੀ ਨੂੰ ਭੱਠੀ ਦੇ ਮੂੰਹ 'ਤੇ ਟਿਕਾ ਕੇ ਵਿੱਚ ਵਿਚਾਲੇ ਨਜ਼ਰ ਆਉਂਦੀਆਂ ਝੀਥਾਂ ਨੂੰ ਗਿੱਲੀ ਚੀਕਣੀ ਮਿੱਟੀ ਨਾਲ ਭਰ ਕੇ ਬੰਦ ਕਰ ਲਿਆ ਜਾਂਦਾ ਸੀ। ਅਜਿਹਾ ਕਰਨ ਨਾਲ ਭੱਠੀ ਵਿੱਚ ਬਲਦੀ ਅੱਗ ਤੇ ਉਸ ਦਾ ਸੇਕ ਅਜਾਈਂ ਨਹੀਂ ਸੀ ਜਾਂਦਾ। ਧੂੰਏਂ ਅਤੇ ਪੈਦਾ ਹੋਣ ਵਾਲੀਆਂ ਗੈਸਾਂ ਦੀ ਨਿਕਾਸੀ ਲਈ ਭੱਠੀ ਦੇ ਇੱਕ ਸਿਰੇ 'ਤੇ ਇੱਕ ਲੰਬੀ ਨਿਕਾਸੀ ਰਾਹ ਰੱਖ ਲਈ ਜਾਂਦੀ ਸੀ। ਭੱਠੀ ਵਿੱਚ ਬਾਲਣ ਵਾਸਤੇ ਸੁੱਕੇ ਬਾਲਣ ਦਾ ਪ੍ਰਬੰਧ ਕਰਨਾ ਜ਼ਰੂਰੀ ਹੁੰਦਾ ਸੀ। ਭੱਠੀ ਵਿੱਚ ਅੱਗ ਬਾਲਣ ਵਾਸਤੇ ਉਸ ਵਿੱਚ ਬਾਲਣ ਝੋਖਣ ਲਈ ਬਣਾਏ ਰਾਹ ਰਾਹੀਂ ਘਾਹ ਫੂਸ, ਸੁੱਕੇ ਪੱਤਿਆਂ, ਸੁੱਕੀਆਂ ਟਾਹਣੀਆਂ, ਛਿਟੀਆਂ, ਨਾੜਾਂ, ਸਰਕੰਡਿਆਂ, ਕਾਨਿਆਂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਸੀ। ਭਠਿਆਰਨ ਨੂੰ ਅਜਿਹੀ ਬਾਲਣ ਸਮੱਗਰੀ ਦਾ ਅਗਾਊਂ ਪ੍ਰਬੰਧ ਕਰਨਾ ਪੈਂਦਾ ਸੀ। ਬਾਲਣ ਤੋਂ ਇਲਾਵਾ ਕੜਾਹੀ, ਮੋਟੀ ਰੇਤ, ਛਾਣਨੀ, ਦਾਤਰੀ, ਭੁੱਜਾ ਕੁੱਜਾ, ਬੈਠਣ ਲਈ ਬੋਰੀਆਂ, ਭੱਠੀ ਵਿੱਚ ਪਾਏ ਬਾਲਣ ਨੂੰ ਹਿਲਾਉਣ ਤੇ ਠੁਕ ਸਿਰ ਕਰਨ ਲਈ ਲੰਬੀ ਛੜੀ ਆਦਿ ਸੰਦ ਭਠਿਆਰਨ ਕੋਲ ਹੁੰਦੇ ਸਨ।

ਭੱਠੀ 'ਤੇ ਦਾਣੇ ਭੁੰਨਣ ਦਾ ਕੰਮ ਆਮ ਤੌਰ 'ਤੇ ਮਹਿਰਾ ਪਰਵਾਰ ਦੀ ਔਰਤ ਕਰਦੀ ਹੈ, ਜਿਸ ਨੂੰ ਭੱਠੀ ਵਾਲੀ ਜਾਂ ਭਠਿਆਰਨ ਕਹਿੰਦੇ ਹਨ। ਕੜਾਹੀ ਵਿੱਚ ਰੇਤ ਗਰਮ ਕਰ ਕੇ ਉਸ ਵਿੱਚ ਦਾਣੇ ਸੁੱਟ ਦਾਤੀ ਨਾਲ ਹਿਲਾ ਹਿਲਾ ਕੇ ਦਾਣਿਆਂ ਨੂੰ ਰਾੜ ਲਿਆ ਜਾਂਦਾ ਹੈ। ਭੱਠੀ ਵਿੱਚ ਦਾਣੇ ਪਾਉਣ ਤੋਂ ਪਹਿਲਾਂ ਭਠਿਆਰਨ ਭਾੜੇ ਵਜੋਂ 'ਚੁੰਗ ਕੱਢਦੀ, ਫਿਰ ਛਾਨਣੀ ਨਾਲ ਛਾਣ ਕੇ ਦਾਣੇ ਅਤੇ ਰੇਤ ਵੱਖ ਵੱਖ ਕਰ ਲਏ ਜਾਂਦੇ ਹਨ। ਛੋਲਿਆਂ ਦੇ ਦਾਣਿਆਂ ਨੂੰ ਭੁੰਨਣ ਪਿੱਛੋਂ ਉਹ ਵਿੱਚ ਕੁੱਜਾ ਫੇਰਨਾ ਪੈਂਦਾ। ਇੰਝ ਛੋਲਿਆਂ ਦੇ ਛਿਲਕੇ ਵੀ ਕਾਫ਼ੀ ਹੱਦ ਤੱਕ ਲਹਿ ਜਾਂਦੇ ਸਨ ਤੇ ਦਾਣੇ ਦੋਫਾੜ ਵੀ ਹੋ ਜਾਂਦੇ ਸਨ। ਵਧੇਰੇ ਕਰਕੇ ਲੋਕ ਛੋਲੇ, ਮੱਕੀ ਦੇ ਸੁੱਕ ਚੁੱਕੇ ਜਾਂ ਪੱਕਣ ਲਈ ਤਿਆਰ ਦਾਣੇ, ਕਣਕ ਦੇ ਦਾਣੇ ਆਦਿ ਨੂੰ ਭੁੰਨਾਉਣਾ ਪਸੰਦ ਕਰਦੇ ਸਨ। ਦਾਣਿਆਂ ਨੂੰ ਕੜਾਹੀ ਵਿੱਚ ਪਾ ਕੇ ਭੁੰਨਣ ਤੋਂ ਪਹਿਲਾਂ ਭੱਠੀ ਵਾਲੀ ਕੱਚੇ ਦਾਣਿਆਂ



ਵਿੱਚੋਂ ਦਾਣਿਆਂ ਦੀ ਲੱਪ ਭਰ ਕੇ, ਕੱਢਕੇ ਪਾਸੇ ਰੱਖ ਲੈਂਦੀ ਸੀ ਜਿਸ ਨੂੰ ਭਾੜਾ ਕਹਿੰਦੇ ਸੀ ਜੋ ਦਾਣੇ ਭੁੰਨਾਉਂਦੇ ਬਦਲੇ ਭੱਠੀ ਵਾਲੀ ਨੂੰ ਉਸਦਾ ਮਿਹਨਤਾਨਾ ਦਾਣਿਆਂ ਦੇ ਰੂਪ ਵਿੱਚ ਹੁੰਦਾ ਸੀ। ਉਨ੍ਹਾਂ ਸਮਿਆਂ ਵਿੱਚ ਭਾੜਾ ਪੈਸਿਆਂ ਦੇ ਰੂਪ ਵਿੱਚ ਨਹੀਂ ਸੀ ਦਿੱਤਾ ਜਾਂਦਾ। ਇਕ ਵਾਰ ਕੜਾਹੀ ਵਿਚ ਭੁੱਜ ਜਾਣ ਜੋਗੇ ਦਾਣਿਆਂ ਨੂੰ ਪਰਾਗਾ ਕਿਹਾ ਜਾਂਦਾ ਸੀ। ਇਸੇ ਲਈ ਤਾਂ ਸ਼ਿਵ ਕੁਮਾਰ ਬਟਾਲਵੀ ਨੇ ਆਪਣੇ ਗੀਤ ਵਿਚ ਪਰਾਗੇ ਦਾ ਜ਼ਿਕਰ ਇਸ ਤਰਾਂ ਕੀਤਾ ਹੈ।

ਤੈਨੂੰ ਦਿਆਂ ਹੰਝੂਆਂ ਦਾ ਭਾੜਾ,  
ਨੀ ਪੀੜਾਂ ਦਾ ਪਰਾਗਾ ਭੁੰਨ ਦੇ  
ਭੱਠੀ ਵਾਲੀਏ।  
ਭੱਠੀ ਵਾਲੀਏ ਚੰਬੇ ਦੀਏ ਡਾਲੀਏ  
ਨੀ ਪੀੜਾਂ ਦਾ ਪਰਾਗਾ ਭੁੰਨ ਦੇ  
ਭੱਠੀ ਵਾਲੀਏ।

ਪੰਜਾਬੀ ਸੱਭਿਆਚਾਰ ਵਿੱਚ ਭੱਠੀ ਨਾਲ ਸਬੰਧੀ ਕੁਝ ਲੋਕ ਗੀਤ ਦਾ ਜ਼ਿਕਰ ਇਸ ਪ੍ਰਕਾਰ ਹੈ

'ਲੈ ਜਾ ਛੱਲੀਆਂ, ਭੁੰਨਾ ਲਈ ਦਾਣੇ ਮਿੱਤਰਾ ਦੂਰ ਦਿਆ।'

ਪੰਜਾਬੀ ਲੋਕ ਜੀਵਨ ਵਿੱਚ ਲੋਹੜੀ ਵਾਲੇ ਦਿਨ ਦਾਣੇ ਭੁੰਨਣ/ਭੁੰਨਾਉਣ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਉਸ ਦਿਨ ਸਵੇਰ ਤੋਂ ਹੀ ਭਠਿਆਰਨ ਭੱਠੀ ਤਪਾ ਕੇ ਦਾਣੇ ਭੁੰਨਣ ਲਈ ਬੈਠ ਜਾਂਦੀ ਸੀ। ਜਿਨ੍ਹਾਂ ਘਰਾਂ ਨੇ ਲੋਹੜੀ ਪਾਉਣੀ ਹੁੰਦੀ ਸੀ, ਉਹ ਸੁਆਣੀਆਂ ਸਵੇਰ ਤੋਂ ਹੀ ਸੁੱਕੀ ਮੱਕੀ ਦੇ ਦਾਣੇ ਭੁੰਨਾਉਣ ਲਈ ਭੱਠੀ 'ਤੇ ਪਹੁੰਚ ਜਾਂਦੀਆਂ ਸਨ। ਉਨ੍ਹਾਂ ਸਮਿਆਂ ਵਿੱਚ ਮੱਕੀ ਦੇ ਭੁੰਨੇ ਦਾਣਿਆਂ ਅਤੇ ਗੁੜ ਦੀ ਲੋਹੜੀ ਵੰਡੀ ਜਾਂਦੀ ਸੀ। ਲੋਹੜੀ ਵਾਲੇ ਦਿਨ ਸਵੇਰ ਤੋਂ ਲੈ ਕੇ ਦੇਰ ਸ਼ਾਮ ਤਕ ਭੱਠੀ ਵਾਲੀ ਆਪਣੀ ਭੱਠੀ ਉੱਪਰ ਦਾਣੇ ਭੁੰਨਦੀ ਰਹਿੰਦੀ ਸੀ ਤੇ ਭੱਠੀ ਉੱਪਰ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਸੀ। ਭੱਠੀ ਬਣਾਉਣ ਲਈ ਅਜਿਹੇ ਸਥਾਨ ਦੀ ਚੋਣ ਕੀਤੀ ਜਾਂਦੀ ਸੀ ਜੋ ਵਧੇਰੇ ਹਾਲਤਾਂ ਵਿੱਚ ਪਿੰਡ ਦਾ ਕੇਂਦਰੀ ਸਥਾਨ ਹੁੰਦਾ ਸੀ ਤੇ ਬਹੁਤੇ ਲੋਕਾਂ ਦੀ ਪਹੁੰਚ ਵਿੱਚ ਹੁੰਦਾ ਸੀ।

ਹੁਣ ਤਾਂ ਦਾਣੇ ਵੀ ਬਿਜਲੀ ਦੀਆਂ ਭੱਠੀਆਂ ਵਿਚ ਭੁੱਜਦੇ ਹਨ ਜਿਨ੍ਹਾਂ ਨੂੰ ਪੌਪ ਕੌਰਨ ਆਖਦੇ ਹਨ। ਇਨ੍ਹਾਂ ਦੇ ਲਿਫਾਫਿਆਂ ਵਿਚ ਪੈਕਟ ਬਣ ਕੇ ਸ਼ਹਿਰਾਂ ਦੀਆਂ ਦੁਕਾਨਾਂ, ਫੜੀ ਵਾਲਿਆਂ, ਰੇਹੜੀ ਵਾਲਿਆਂ ਕੋਲ ਤਾਂ ਮਿਲਦੇ ਹੀ ਹਨ, ਹੁਣ ਤਾਂ ਪਿੰਡਾਂ ਦੀਆਂ ਦੁਕਾਨਾਂ 'ਤੇ ਵੀ ਇਹ ਪੈਕਟ ਮਿਲਣ ਲੱਗ ਪਏ ਹਨ।ਭੱਠੀਆਂ ਦੇ ਦਾਣੇ ਭੁੰਨਣ ਤਾਂ ਲੋਕ ਭੁੱਲ ਹੀ ਚੁੱਕੇ ਹਨ, ਨਵੀਂ ਪੀੜੀ ਨੂੰ ਤਾਂ ਇਸ ਬਾਰੇ ਬਿਲਕੁਲ ਵੀ ਨਹੀਂ ਪਤਾ। ਪਰ ਹੁਣ ਵੀ ਕੀ ਪੁਰਾਣੇ ਬਜੁਰਗ ਸਰਦੀਆਂ ਦੇ ਦਿਨਾਂ ਵਿੱਚ ਭੱਠੀਆਂ 'ਤੇ ਲੱਗਣ ਵਾਲੀਆਂ ਰੌਣਕਾਂ ਨੂੰ ਅਜੇ ਵੀ ਯਾਦ ਕਰਦੇ ਹਨ? ਭੱਠੀਆਂ 'ਤੇ ਦਾਣੇ ਭੁੰਨਾਉਣੇ ਤਾਂ ਹੁਣ ਬੀਤੇ ਦੀ ਕਹਾਣੀ ਬਣ ਚੁੱਕੇ ਹਨ।

# ‘ਮੇਰੀ ਜੂਹ ਦਾ ਪ੍ਰੇਮ ਗੋਰਖੀ’



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਪ੍ਰਸਿੱਧ ਕਹਾਣੀਕਾਰ, ਸਾਹਿਤਕਾਰ ਅਤੇ ਪੱਤਰਕਾਰ ਪ੍ਰੇਮ ਗੋਰਖੀ ਮੇਰੀ ਜੂਹ ਲਾਡੋਵਾਲੀ, ਜਲੰਧਰ ਦਾ ਜੰਮਪਲ ਸੀ। ਉਹ ਮੇਰੇ ਨਾਲੋਂ ਉਮਰ ਵਿਚ ਵੱਡਾ ਹੋਣ ਕਰਕੇ ਮੇਰੇ ਹਾਣੀਆਂ ਦੇ ਬਚਪਨ ਦਾ ਸਾਥੀ ਨਹੀਂ ਸੀ। ਬਸ ਹਾਲ ਚਾਲ ਪੁੱਛਣ ਤੱਕ ਹੀ ਸੀਮਤ ਸੀ। ਪਰ ਲਗਾਤਾਰ ਮੇਰੀ ਨਜ਼ਰ ਵਿਚ ਵਿਚਰਦਾ ਰਿਹਾ। ਜਦੋਂ ਉਹ ਵਾਲ਼ ਰੱਖ ਰਿਹਾ ਸੀ, ਮੈਂ ਉਸ ਨੂੰ ਲੰਬੇ ਪਟਿਆਂ ਸਮੇਤ ਵੇਖਿਆ। ਜਦੋਂ ਉਹ ਸਰਦਾਰ ਬਣ ਕੇ ਦਸਤਾਰ ਸਜਾਉਣ ਲੱਗਾ ਤਾਂ ਸੋਹਣਾ ਸਰਦਾਰ ਗੱਭਰੂ ਜਚ ਚੁੱਕਾ ਸੀ। ਮੁਢਲੇ ਜੀਵਨ ਦੇ ਸੰਘਰਸ਼ ਵਿਚ ਉਸ ਨੇ ਵੱਖ ਵੱਖ ਹੇਠਲੇ ਪੱਧਰ ਦੀ ਮਜ਼ਦੂਰੀ ਕੀਤੀ। ਉਹ ਸੰਗਾਊਂ ਸੁਭਾਅ ਦਾ ਸਾਦਾ ਇਨਸਾਨ ਸੀ। ਉਸ ਦੇ ਗੰਭੀਰ ਚਿਹਰੇ ਵਿਚ ਆਪਣੇ ਆਪ ਅਤੇ ਆਪਣੇ ਹੇਠਲੇ ਵਰਗ ਦੀਆਂ ਗਰੀਬੀ ਮੁਸੀਬਤਾਂ ਛੁਪੀਆਂ ਹੋਈਆਂ ਸਨ। ਉਹ ਹੇਠਲੇ ਪੱਧਰ ਦਾ ਹੋਣ ਕਰਕੇ ਕੁਝ ਅਲੱਗ ਸੀ।

ਮੇਰੇ ਦੇਖਦਿਆਂ ਹੀ ਉਹ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਚਲਾ ਗਿਆ। ਮੈਂ ਸਰਕਾਰੀ ਨੌਕਰੀ ਤੇ ਵੱਖ ਵੱਖ ਜ਼ਿਲਿਆਂ ਵਿਚ ਰਿਹਾ। ਇਹ ਗੈਬ ਸੀ ਕਿ ਕਦੇ ਮੁਲਾਕਾਤ ਹੀ ਨਹੀਂ ਹੋਈ। ਸਾਡਾ ਘਰ ਲਾਡੋਵਾਲੀ ਰੋਡ ਤੇ ਸੀ। ਘਰ ਦੇ ਅੱਗੋਂ ਲੰਘਦਿਆਂ ਵੇਖਿਆ ਸੀ। ਸੰਨ 2001 ਵਿਚ ਮੈਂ ਚੰਡੀਗੜ੍ਹ ਗਿਆ। ਮੈਂ ਆਪਣੀ ਸਦਾ ਲਈ ਵਿਛੜੀ ਧੀ ਦੀ ਯਾਦ ਵਿਚ ਗਿੰਨੀ ਸਿਮ੍ਰਤੀ ਗ੍ਰੰਥ ਛਪਵਾਉਣਾ ਸੀ। ਚੰਡੀਗੜ੍ਹ ਵਿਚ ਉਦੋਂ ਮੇਰੀ ਸਾਹਿਤ ਖੇਤਰ ਵਿਚ ਕੋਈ ਵਾਕਫ਼ੀ ਨਹੀਂ ਸੀ। ਮੈਨੂੰ ਗੋਰਖੀ ਦਾ ਯਾਦ ਸੀ। ਮੈਨੂੰ ਉਸ ਦੇ ਘਰ ਦਾ ਪਤਾ ਨਹੀਂ ਸੀ। ਮੈਂ ਉਸ ਨੂੰ ਪੰਜਾਬੀ ਟ੍ਰਿਬਿਊਨ ਦੇ ਦਫ਼ਤਰ ਹੀ ਜਾ ਮਿਲਿਆ। ਉਸ ਨਾਲ ਪੁਸਤਕ ਛਪਵਾਉਣ ਦੀ ਗੱਲ ਕੀਤੀ। ਪਹਿਲਾਂ ਤਾਂ ਉਹ ਜਾਣ ਕੇ ਖੁਸ਼ ਹੋਇਆ ਕਿ ਲਾਡੋਵਾਲੀ ਦਾ ਪ੍ਰਮਿੰਦਰ ਵੀ ਸਾਹਿਤਕਾਰ ਹੈ। ਮੈਂ ਉਸ ਨੂੰ ਪੁਸਤਕ ਦਾ ਖਰਚਾ ਸੌਂਪ ਦਿੱਤਾ।

ਫਿਰ ਮੈਂ ਉਸ ਦੇ ਘਰ ਟ੍ਰਿਬਿਊਨ ਕਾਲੋਨੀ ਵੀ ਗਿਆ। ਫਿਰ ਅਸੀਂ ਰੇਸਤਰਾਂ ਅਤੇ ਇੰਡੀਅਨ ਕਾਫ਼ੀ ਹਾਊਸ ਸੈਕਟਰ 17 ਚੰਡੀਗੜ੍ਹ ਵੀ ਮਿਲ ਬੈਠਦੇ ਰਹੇ। ਲਾਡੋਵਾਲੀ ਦੀਆਂ ਗੱਲਾਂ, ਸਾਹਿਤ ਦੀਆਂ ਗੱਲਾਂ, ਹੱਡਬੀਤੀਆਂ ਸਾਂਝੀਆਂ ਕਰਦੇ ਰਹੇ। ਉਸ ਮੈਨੂੰ ਆਪਣਾ ਗੋਰਖੀ ਤਖਲਸ ਰੱਖਣ ਦਾ ਅਮਰ ਰਾਜ ਵੀ ਦੱਸਿਆ, ਜੋ ਉਸ ਦੇ ਤੁਰ ਜਾਣ ਤੇ ਵੀ ਨਾਲ ਹੀ ਗਿਆ। ਉਸ ਵਿਸਥਾਰ ਦਾ ਸਾਹਿਤ ਵਿਚ ਪੂਰਾ ਜ਼ਿਕਰ ਨਹੀਂ ਹੋਇਆ। ਇਹ ਇਕ ਵੱਖਰਾ ਵਿਸ਼ਾ ਹੈ।

ਸੰਨ 2001 ਵਿਚ ਮੇਰੀ ਵੱਡੀ ਬੇਟੀ ਦੀ ਸ਼ਾਦੀ ਜਲੰਧਰ ਵਿਖੇ ਹੋਈ। ਗੋਰਖੀ ਅਤੇ ਉਸ ਦੀ ਘਰਵਾਲੀ ਵੀ ਸ਼ਾਮਲ ਹੋਏ। ਪ੍ਰਸਿੱਧ ਗਜ਼ਲਗੋ ਡਾ. ਜਗਤਾਰ ਵੀ ਪਹੁੰਚੇ ਸਨ। ਗੋਰਖੀ ਅਤੇ ਡਾ. ਜਗਤਾਰ ਕਾਫ਼ੀ ਦੇਰ ਗੱਲਾਂ ਕਰਦੇ ਰਹੇ।

ਸੰਨ 2004 ਵਿਚ ਮੈਂ ਫਿਰ ਗਿੰਨੀ ਸਿਮ੍ਰਤੀ ਗ੍ਰੰਥ ਛਪਵਾਉਣ ਲਈ ਚੰਡੀਗੜ੍ਹ ਗਿਆ। ਗੋਰਖੀ ਨੇ ਪੁਸਤਕ ਤਿਆਰ ਕਰਨ ਵਿਚ ਪੂਰਾ ਸਹਿਯੋਗ ਦਿੱਤਾ। ਫਿਰ ਅਸੀਂ ਪੁਸਤਕ ਉਤਮ ਰੇਸਤਰਾਂ ਚੰਡੀਗੜ੍ਹ ਵਿਚ ਪ੍ਰਸਿੱਧ ਸਾਹਿਤਕਾਰ ਸੰਤੋਖ ਸਿੰਘ ਧੀਰ ਜੀ ਪਾਸੋਂ ਲੋਕ ਅਰਪਣ ਕਰਵਾਈ। ਗੋਰਖੀ ਨੇ ਮੁੱਖਬੰਦ ਲਿਖਿਆ। ਬੜੇ ਆਪਣੇਪਨ ਦੇ ਅਹਿਸਾਸ ਨਾਲ ਸਮਾਗਮ ਵਿਚ ਪਰਚਾ ਵੀ ਪੜ੍ਹਿਆ। ਗੋਰਖੀ ਯਾਰਾਂ ਦਾ ਯਾਰ ਸੀ। ਮਿਹਨਤੀ ਅਤੇ ਸੁਹਿਰਦ ਸੀ। ਮੇਰੀ ਜੂਹ ਦਾ ਸਾਥੀ ਪ੍ਰੇਮ ਗੋਰਖੀ ਹੁਣ ਨਹੀਂ ਮਿਲੇਗਾ। ਯਾਦਾਂ ਵਿਚ ਹਮੇਸ਼ਾ ਰਹੇਗਾ। ਉਹ ਕਹਾਣੀਕਾਰ ਅਤੇ ਪੱਤਰਕਾਰ ਵਜੋਂ ਸਥਾਪਤ ਹੋਇਆ। ਉਸ ਨੂੰ ਅੰਮ੍ਰਿਤਾ ਪ੍ਰੀਤਮ ਦੇ ਨਾਗਮਣੀ ਰਾਹੀਂ ਸਾਹਿਤ ਵਿਚ ਪ੍ਰਵੇਸ਼ ਕਰਨ ਦਾ ਸਦਾ ਮਾਣ ਸੀ। ਉਸ ਨੂੰ ਕਮਜ਼ੋਰ ਵਰਗ ਦੀਆਂ ਮੁਸੀਬਤਾਂ ਦੀ ਰਹਿਨੁਮਾਈ ਕਰਦੇ ਲੇਖਕ ਵਜੋਂ ਜਾਣਿਆ ਜਾਂਦਾ ਸੀ। ਉਸ ਨੇ 8 ਪੁਸਤਕਾਂ (ਕਹਾਣੀ, ਨਾਵਲ, ਸਵੈਜੀਵਨੀ) ਰਾਹੀਂ ਪੰਜਾਬ ਸਾਹਿਤ ਵਿਚ ਹਾਜ਼ਰੀ ਲੁਆਈ ਹੈ। ਉਹ ਖੁਦ ਕਮਜ਼ੋਰ ਵਰਗ ਨਾਲ ਸਬੰਧ ਰੱਖਦਾ ਸੀ। ਇਸ ਕਰਕੇ ਉਸ ਨੇ ਆਪਣੇ ਸੰਘਰਸ਼ ਜੀਵਨ ਵਿਚ ਜੋ ਮੁਸੀਬਤਾਂ ਹੰਢਾਈਆਂ ਉਨਾਂ ਨੂੰ ਆਪਣੇ ਵਰਗ ਨਾਲ ਜੋੜ ਕੇ ਇੰਨ ਬਿੰਨ ਆਪਣੀ ਲੇਖਣੀ ਵਿਚ ਪ੍ਰਕਾਸ਼ਮਾਨ ਕੀਤਾ ਹੈ। ਇਸ ਲਈ ਉਹ ਆਮ ਲੋਕਾਂ ਦਾ ਲੇਖਕ ਮੰਨਿਆ ਜਾਂਦਾ ਹੈ। ਉਸ ਕਹਾਣੀ ਗੋਸ਼ਟੀ ‘ਦੀਵਾ ਬਲੇ ਸਾਰੀ ਰਾਤ’ ਸ਼ੁਰੂ ਕੀਤਾ ਜੋ ਉਸ ਦੀ ਸਾਹਿਤਕ ਦੇਣ ਦਾ ਮੀਲ ਪੱਥਰ ਹੈ। ਭਾਵੇਂ ਅਕਾਦਮਿਕ ਕਸਵੱਟੀ ਤੇ ਪੂਰਾ ਨਾ ਉਤਰਕੇ ਉਹ ਸਾਹਿਤਕ ਸਨਮਾਨ ਤੋਂ ਵਾਂਝਾ ਰਿਹਾ। ਜਿਸ ਦਾ ਉਸ ਨੂੰ ਝੋਰਾ ਜ਼ਰੂਰ ਸੀ। ਇਸ ਪੱਖੋਂ ਉਹ ਜੋ ਹੋਰ ਪਿਆਰ ਸਤਿਕਾਰ ਲੋਚਦਾ ਸੀ, ਉਸ ਤੋਂ ਨਿਰਾਸ਼ ਹੀ ਤੁਰ ਗਿਆ। ਉਹ ਆਪਣੀ ਸਿਰਲੇਖ ਅਤੇ ਸੁਥਰੀ ਲੇਖਣ ਕਰਕੇ ਕਮਜ਼ੋਰ ਵਰਗ ਅਤੇ ਆਪਣੇ ਪਾਠਕ ਦਾਇਰੇ ਵਿਚ ਹਮੇਸ਼ਾ ਯਾਦ ਰਹੇਗਾ ਅਤੇ ਵਿਚ ਮੇਰੀ ਜੂਹ ਦੇ ਪ੍ਰੇਮ ਗੋਰਖੀ ਅਤੇ ਉਸ ਦੀ ਲੇਖਣੀ ਨੂੰ ਸਲਾਮ ਹੈ।

**‘ਗਿੰਨੀ ਸਿਮ੍ਰਤੀ ਗ੍ਰੰਥ’ ਵਿਚ ਲਿਖਿਆ ਉਸ ਦਾ ਮੁੱਖ ਬੰਦ ਸ਼ਾਮਲ ਹੈ :-**

*ਯਾਦ ਰਹੇਗੀ ਗਿੰਨੀ ਦੀ ਮੁਸਕਾਨ*

*ਗਿੰਨੀ ਬੜੀ ਛੋਟੀ ਉਮਰ ਵਿਚ ਚੱਲ ਵਸੀ। ਕੁਝ ਘੜੀਆਂ ਪਹਿਲਾਂ ਉਹ ਘਰ ਵਿਚ ਆਪਣੀ ਮਾਂ ਨਾਲ, ਆਪਣੇ ਪਿਤਾ ਨਾਲ, ਭੈਣ ਭਰਾ ਨਾਲ ਗੱਲਾਂ ਕਰ ਰਹੀ ਸੀ, ਸਕੂਲ ਜਾਣ ਲਈ ਤਿਆਰ ਹੋ ਰਹੀ ਸੀ, ਵੇਲੇ ਨਾਲ ਸਕੂਲ ਪਹੁੰਚਣ ਦੀ ਕਾਹਲੀ ਦਰਸਾ ਰਹੀ ਸੀ, ਹਸੂੰ ਹਸੂੰ ਕਰਦੀ ਘਰੋਂ ਤੁਰੀ ਸੀ, ਆਪਣੀ ਮਾਂ ਨੂੰ ਬਾਏ-ਬਾਏ ਕਰਦੀ, ਫੁੱਲਾਂ ਜਿਹੀ ਮੁਸਕਾਨ ਬਿਖੇਰਦੀ ਤੇ ਇਹ ਮੁਸਕਾਨ ਅਜੇ ਉਹਦੀਆਂ ਫੁੱਲ-ਪੱਤੀਆਂ ਜਿਹੀਆਂ ਬੁੱਲੀਆਂ ਤੇ ਪਸਰੀ ਹੋਈ ਹੀ ਹੋਣੀ ਸੀ ਕਿ ਸੜਕ ’ਤੇ ਜਾਂਦੇ ਇਕ ਵਾਹਨ ਨੇ ਉਸ ਨੂੰ ਆਪਣੀ ਲਪੇਟ ਵਿਚ ਲੈ ਲਿਆ।..... ਤੇ ਗਿੰਨੀ ਇਕ ਤਿੱਤਲੀ ਵਾਂਗ ਹੌਲੀ ਹੌਲੀ ਪਰ ਮਾਰਦੀ ਇਉਂ*



*ਅੰਬਰਾਂ ਵਿਚ ਉੱਡ ਗਈ ਕਿ ਮਾਂ-ਪਿਓ ਦੇ ਹੱਥਾਂ ਵਿਚ ਉਹ ਦੀ ਲਹੂ-ਭਿੱਜੀ ਦੇਹ ਹੀ ਰਹਿ ਗਈ। ਇਹ ਬੜਾ ਭਿਆਨਕ ਅਤੇ ਦੁਖਦਾਈ ਹਾਦਸਾ ਸੀ ਜਿਸ ਨੇ ਪੂਰੇ ਘਰ ਨੂੰ ਇਕ ਵਾਰੀ ਤਾਂ ਹਲੂਣ ਕੇ ਰੱਖ ਦਿੱਤਾ ਸੀ।*

*ਗਿੰਨੀ ਨਾਲ ਮੇਰੀ ਸਾਂਝ ਮਿੱਟੀ ਦੀ ਸਾਂਝ ਸੀ। ਉਹ ਓਸੇ ਮਿੱਟੀ ਵਿਚ ਜੰਮੀ ਸੀ ਜਿਸ ਵਿਚ ਨਾ ਮੈਂ ਸਿਰਫ਼ ਜਨਮਿਆ ਹੀ ਸੀ ਸਗੋਂ ਇਕ ਲੰਮੀ ਉਮਰ ਗੁਜ਼ਾਰਨ ਬਾਅਦ ਚੰਡੀਗੜ੍ਹ ਆ ਗਿਆ ਸੀ। ਉਦੋਂ ਗਿੰਨੀ ਬਹੁਤ ਛੋਟੀ ਸੀ ਜਦੋਂ ਮੈਂ ਲਾਡੋਵਾਲੀ ਵਾਲੇ ਘਰ ਨੂੰ ਅਲਵਿਦਾ ਕਹਿ ਆਇਆ ਸੀ। ਗਿੰਨੀ ਨੂੰ ਮੈਂ ਛੋਟੀ ਜਿਹੀ ਨੂੰ ਫਰਾਕ ਵਿਚ ਖੇਡਦਿਆਂ ਦੇਖਿਆ ਸੀ। ਪਰਮਿੰਦਰ ਸਿੰਘ ਜਦੋਂ ਦੋ ਸਾਲ ਪਹਿਲਾਂ ਵੱਡੀ ਧੀ ਦਾ ਵਿਆਹ ਕਰਨ ਚੰਡੀਗੜ੍ਹ ਆਏ ਤਾਂ ਉਹਨੇ ਮੈਨੂੰ ਗਿੰਨੀ ਦੇ ਤੁਰ ਜਾਣ ਬਾਰੇ ਦੱਸਿਆ। ਉਹ ਬਹੁਤ ਗਮਗੀਨ ਤੇ ਟੁੱਟਿਆ ਹੋਇਆ ਸੀ ਤੇ ਉਹਦੇ ਕੋਲੋਂ ਗਿੰਨੀ ਬਾਰੇ ਗੱਲ ਨਹੀਂ ਸੀ ਕੀਤੀ ਜਾ ਰਹੀ। ਮੈਨੂੰ ਗਿੰਨੀ ਦੀਆਂ ਫੋਟੋਆਂ ਦਿਖਾਉਂਦਾ ਉਹ ਕਈ ਵਾਰੀ ਛਲਕ ਪਿਆ। ਪਤਾ ਨਹੀਂ ਇਹ ਧੀਆਂ ਪਿਉਆਂ ਨੂੰ ਕਿਉਂ ਇੰਨੀਆਂ ਪਿਆਰੀਆਂ ਹੁੰਦੀਆਂ ਹਨ।*

*‘ਭਾਵੇਂ ਕਿੰਨਾ ਵੀ ਖਰਚ ਆ ਜਾਵੇ, ਆਪਾਂ ਗਿੰਨੀ ਦੀ ਯਾਦ ਵਿਚ ਇਕ ਯਾਦਗਾਰੀ ਕਿਤਾਬ ਜ਼ਰੂਰ ਛਪਾਉਣੀ ਆਂ।’ ਪਰਮਿੰਦਰ ਸਿੰਘ ਨੇ ਬਹੁਤ ਸਾਰੀਆਂ ਰਚਨਾਵਾਂ ਮੇਰੇ ਹਵਾਲੇ ਕਰਦਿਆਂ ਆਪਣੇ ਫੈਸਲਾ ਸੁਣਾਇਆ।*

*ਮੈਂ ਸਾਰੀਆਂ ਰਚਨਾਵਾਂ ਪੜ੍ਹੀਆਂ। ਗਿੰਨੀ ਦੀਆਂ ਸਾਰੀਆਂ ਫੋਟੋਆਂ ਦੇਖੀਆਂ। ਸਾਰਾ ਕੁਝ ਹੀ ਬਹੁਤ ਉਪਭਾਵੁਕ ਕਰਨ ਵਾਲਾ ਸੀ। ਲੇਖਕਾਂ ਨੇ ਵੀ ਆਪਣੀਆਂ ਰਚਨਾਵਾਂ ਵਿਚ ਇਕ ਮਾਸੂਮ ਧੀ ਦੇ ਤੁਰ ਜਾਣ ਤੇ ਬੜੇ ਦਰਦੀਲੇ ਸੁਰ ਨੂੰ ਅਪਣਾਇਆ ਸੀ। ਅਮਰੀਕਾ ਦੇ ਬਹੁਤ ਸਾਰੇ ਨਾਮਵਰ ਲੇਖਕਾਂ ਨੇ ਇਸ ਦੁੱਖ ਦੀ ਘੜੀ ਵਿਚ ਪਰਮਿੰਦਰ ਸਿੰਘ ਦੇ ਮੋਢੇ ’ਤੇ ਹੱਥ ਰੱਖਿਆ ਜਿਨਾਂ ਦੇ ਮਨੋਭਾਵਾਂ ਨੂੰ ਪਰਮਿੰਦਰ ਸਿੰਘ ਨੇ ਨਾ ਸਿਰਫ਼ ਆਪਣੇ ਮਨ ’ਚ ਹੀ ਵਿਸ਼ੇਸ਼ ਥਾਂ ਦਿੱਤੀ ਬਲਕਿ ਉਨਾਂ ਨੂੰ ਗਿੰਨੀ ਸਿਮ੍ਰਤੀ ਗ੍ਰੰਥ ਵਿਚ ਬਹੁਤ ਉਚੇਚ ਨਾਲ ਛਾਪਿਆ ਵੀ ਹੈ।*

*ਪਰਮਿੰਦਰ ਸਿੰਘ ਤੇ ਮੈਂ ਬਹੁਤ ਪੁਰਾਣੇ ਗੁਆਂਢੀ ਹਾਂ। ਮੈਂ ਬਹੁਤ ਛੋਟਾ ਸੀ ਜਦੋਂ ਪਰਮਿੰਦਰ ਸਿੰਘ ਦੇ ਪਿਤਾ ਜੀ ਪਾਕਿਸਤਾਨ ਤੋਂ ਆ ਕੇ ਲਾਡੋਵਾਲੀ ਵਸੇ। ਪਰਮਿੰਦਰ ਸਿੰਘ ਦੇ ਵੱਡੇ ਭਰਾ, ਭੈਣਾਂ ਮੇਰੇ ਹਾਣੀ ਰਹੇ। ਸਾਡੀ ਆਪਸ ਵਿਚ ਓਸੇ ਤਰਾਂ ਦੀ ਪੀਢੀ ਸਾਂਝ ਰਹੀ ਜਿਸ ਤਰਾਂ ਪੰਜਾਬ ਦੇ ਪਿੰਡਾਂ ਦੇ ਵਾਸ਼ਿੰਦਿਆਂ ਦੀ ਰਹਿੰਦੀ ਹੈ। ਪਹਿਲਾਂ ਪਹਿਲ ਮੈਨੂੰ ਕੋਈ ਖ਼ਬਰ ਨਹੀਂ ਸੀ ਕਿ ਪਰਮਿੰਦਰ ਸਿੰਘ ਵੀ ਸਾਹਿਤ ਨਾਲ ਮੱਸ ਰੱਖਦਾ ਹੈ ਪਰ ਉਨਾਂ ਨੂੰ ਮੇਰੇ ਲੇਖਕ ਹੋਣ ਬਾਰੇ ਪਤਾ ਸੀ। ਹੁਣ ਜਦੋਂ ਉਹਨੇ ਕਈ ਕਵਿਤਾਵਾਂ ਸੁਣਾਈਆਂ ਤਾਂ ਉਨਾਂ ਦਾ ਸਾਹਿਤ ਪ੍ਰਤੀ ਝੁਕਾਅ ਮੈਨੂੰ ਚੰਗਾ ਲੱਗਾ। ਇਹ ਜਾਣ ਕੇ ਵੀ ਖੁਸ਼ੀ ਹੋਈ ਕਿ ਉਹ ਕੈਲੀਫੋਰਨੀਆ ਦੀਆਂ ਸਾਹਿਤ ਸਭਾਵਾਂ ਵਿਚ ਵੀ ਸਰਗਰਮ ਭੂਮਿਕਾ ਨਿਭਆ ਰਿਹਾ ਹੈ। ਪਿਛਲੇ ਸਮੇਂ ਵਿਚ ਉਹਨੇ ਮੈਨੂੰ ਅਮਰੀਕਾ ਆਉਣ ਲਈ ਸੱਦਾ ਪੱਤਰ ਵੀ ਭੇਜਿਆ ਪਰ ਮੈਂ ਕਿਸੇ ਕਾਰਨ ਜਾ ਨਾ ਸਕਿਆ। ਇਸ ਸਮੇਂ ਮੈਂ ਗਿੰਨੀ ਸਿਮ੍ਰਤੀ ਗ੍ਰੰਥ ਨੂੰ ਤਿਆਰ ਕਰਨ ਵੱਲ ਰੁੱਝਾ ਹੋਇਆ ਸੀ। ਇਹ ਕਾਰਜ ਬੜਾ ਗੰਭੀਰ ਅਤੇ ਭਾਵਨਾਤਮਕ ਪਲਾਂ ਵਾਲਾ ਮਸਲਾ ਸੀ, ਇਸ ਨੂੰ ਕਿਸੇ ਵੀ ਤਰਾਂ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਸ ਨੂੰ ਅੰਤਿਮ ਛੋਹਾਂ ਪਰਮਿੰਦਰ ਸਿੰਘ ਨੇ ਹੀ ਦੇਣੀਆਂ ਸਨ, ਜਿਹਦੇ ਸਬੰਧੀ ਵੇਲੇ-ਵੇਲੇ ਉਹ ਫੋਨ ਉਪਰ ਪੁੱਛ-ਗਿੱਛ ਕਰਦਾ ਰਹਿੰਦਾ ਸੀ।*

*ਹਰਜਿੰਦਰ ਕੌਰ ਗਿੰਨੀ ਦੀਆਂ ਯਾਦਾਂ, ਫੋਟੋਆਂ ਵਿਚ ਸਮਾਈਆਂ ਉਹਦੀਆਂ ਚੁੱਪ-ਗੱਲਾਂ ਤੇ ਹੁੰਗਾਰੇ, ਉਹ ਦੀ ਵਿਦਾਇਗੀ ਤੇ ਉਹ ਦਾ ਹਰ ਥਾਂ ਵਿਚਰਨਾ ਸਾਰਾ ਕੁਝ ਹੀ ਬੜਾ ਤਕਲੀਫ਼ਦੇਹ ਹੈ। ਪਰ ਮੌਤ ਇਕ ਭਿਆਨਕ ਸੱਚ ਹੈ ਜਿਸ ਨੂੰ ਅੱਖਾਂ ਮੁੰਦ ਕੇ ਨਾ ਝੁਠਲਾਇਆ ਜਾ ਸਕਦਾ ਹੈ ਨਾ ਇਸ ਵੱਲੋਂ ਪਿੱਠ ਮੋੜ ਕੇ ਖੜਿਆ ਜਾ ਸਕਦਾ ਹੈ। ਮੌਤ ਸਾਹਵੇਂ ਬੰਦਾ ਬੇਵਸ ਹੈ, ਹਾਰਿਆ ਹੋਇਆ ਸੂਰਮਾ। ਪਰ ਤੁਰ ਗਏ ਦੀਆਂ ਯਾਦਾਂ ਨੂੰ ਆਪਣੀ ਸਿਮ੍ਰਤੀ ਵਿਚ ਸਾਂਭ ਕੇ ਸਦੀਆਂ ਜੀਵਿਆ ਜਾ ਸਕਦਾ ਹੈ, ਖਾਸ ਕਰਕੇ ਓਸ ਹਾਲਤ ਵਿਚ ਜਿਸ ਹਾਲਤ ਵਿਚ ਗਿੰਨੀ ਸਾਡੇ ਕੋਲੋਂ ਤੁਰ ਗਈ ਹੈ।*

*ਪ੍ਰੇਮ ਗੋਰਖੀ*

# ਕਰਮਾਂ ਦੇ ਲੇਖੇ, ਬਦਨਸੀਬੀ ਦੇ ਝਰੋਖੇ



**ਗੁਰਪ੍ਰੀਤ ਸਿੰਘ ‘ਆਫ਼ਤਾਬ’**

ਇੱਕ ਦਿਨ ਮੈਂ ਤੇ ਮੇਰਾ ਦੋਸਤ ਸਿੱਧੂ ਲਾਇਬ੍ਰੇਰੀ ਦੇ ਬਾਹਰ ਬੈਠ ਕੇ ਚਾਹ ਪੀ ਰਹੇ ਸਾਂ....ਚੰਗੇ ਭਲੇ ਅਸੀਂ ਹੱਸਦੇ ਹੋਏ ਗੱਲਾਂ ਕਰਦੇ ਪਏ ਸੀ ਤਾਂ ਅਚਾਨਕ ਸਿੱਧੂ ਦੇ ਫੋਨ ਦੀ ਰਿੰਗ ਵੱਜੀ। ਸਿੱਧੂ ਨੇ ਤੁਰੰਤ ਹੀ ਫੋਨ ਰਸੀਵ ਕੀਤਾ। ਪਰ ਜੋ ਚਿਹਰਾ ਕੁਝ ਦੇਰ ਪਹਿਲਾਂ ਬਹੁਤ ਮੁਸਕਰਾ ਰਿਹਾ ਸੀ ਓਹ ਚਿਹਰਾ ਫੋਨ ਸੁਣਦੇ ਸਾਰ ਹੀ ਉਦਾਸ ਹੋ ਗਿਆ।

ਮੈਂ ਸਿੱਧੂ ਨੂੰ ਪੁੱਛਿਆ..‘ਕੀ ਗੱਲ ਹੋਈ ਏ? ਕਿਸਦਾ ਫੋਨ ਸੀ? ਤੇਰਾ ਮੂੰਹ ਕਿਉਂ ਉਤਰ ਗਿਆ ਏ?’

ਤਾਂ ਉਹ ਕਹਿੰਦਾ... ‘ਕੁਝ ਨੀ ਬਸ ਘਰੋਂ ਸੀ ਫੋਨ.. ਤੇ ਦੱਸ ਰਹੇ ਸਨ ਕਿ ਅੱਜ ਤਾਇਆ ਪੂਰਾ ਹੋ ਗਿਆ ਏ।

ਮੈਂ ਵੀ ਸਿੱਧੂ ਨਾਲ ਅਫ਼ਸੋਸ ਕੀਤਾ ਕਿ ਹੋਇਆ ਤਾਂ ਬਹੁਤ ਬੁਰਾ ਏ ਪਰ ਉਸ ਰੱਬ ਦੀ ਰਜ਼ਾ ਅੱਗੇ ਕਿਸ ਦਾ ਜ਼ੋਰ ਏ ਕੋਈ ਨਹੀਂ ਟਾਲ ਸਕਦਾ ਹੋਣੀ ਨੂੰ।

ਫਿਰ ਸਿੱਧੂ ਕਾਫ਼ੀ ਸੋਚ ਵਿੱਚ ਪੈਣ ਉਪਰੰਤ ਕਹਿੰਦਾ....‘ਯਾਰ... ਦੇਖ ਰੱਬ ਦੀ ਰਜ਼ਾ ਵੀ ਕਮਾਲ ਦੀ ਏ।’






ਮੈਂ ਪੁੱਛਿਆ.. ‘ਓਹ ਕਿਵੇਂ?’

ਕਹਿੰਦਾ ਕਿ...

‘ਜਿਹੜੀ ਔਲ਼ਾਦ ਆਪਣੇ ਮਾਂ-ਪਿਓ ਦੀ ਸੇਵਾ ਕਰਨੀ ਚਾਹੁੰਦੀ ਏ ਰੱਬ ਉਹਨਾਂ ਕੋਲੋਂ ਸੇਵਾ ਕਰਵਾਉਣ ਵਾਲੇ ਮਾਂ-ਪਿਉ ਹੀ ਖੋਹ ਲੈਂਦਾ ਏ ਤੇ ਜਿਹੜੀ ਔਲ਼ਾਦ ਆਪਣੇ ਮਾਂ-ਪਿਓ ਦੀ ਸੇਵਾ ਦੇ ਫਰਜ਼ ਤੋਂ ਖਿਸਕ ਜਾਂਦੀ ਏ ਰੱਬ ਉਹਨਾਂ ਦੇ ਮਾਪਿਆਂ ਨੂੰ ਪੂਰੀ ਉਮਰ ਤੋਂ ਸੇਵਾ ਦੀ ਆਸ ਵਿੱਚ ਤਰਸਾਈ ਰੱਖਦਾ ਏ।’

‘ਮੈਂ ਕਿਹਾ’...‘ਗੱਲ ਤਾਂ ਤੇਰੀ ਬਿਲਕੁਲ ਸਹੀ ਏ, ਸਿੱਧੂ, ਪਰ ਇਹ ਗੱਲ ਤੂੰ ਕਿਸ ਤੇ ਢੁਕਾ ਕੇ ਕਹਿ ਰਿਹਾ ਏ?’

ਤਾਂ ਸਿੱਧੂ ਕਹਿੰਦਾ.... ‘ਮੈਂ ਆਪਣੇ ਤਾਏ ਦੇ ਮੁੰਡੇ ਦੀ ਗੱਲ ਕਰਦਾ ਪਿਆ ਹਾਂ।’

ਮੈਂ ਪੁੱਛਿਆ.. ‘ਓਹ ਕਿਵੇਂ?’

ਤਾਂ ਸਿੱਧੂ ਨੇ ਦੱਸਣਾ ਸ਼ੁਰੂ ਕੀਤਾ ਕਿ ‘ਮੇਰੇ ਤਾਏ ਦਾ ਇੱਕ ਮੁੰਡਾ ਫੌਜੀ ਏ।’

‘ਮੈਨੂੰ ਕਹਿੰਦਾ’... ਤੈਨੂੰ ਪਤਾ ਏ ਯਾਰ... ਉਹਨੇ 17 ਸਾਲ ਫ਼ੌਜ ਦੀ ਨੌਕਰੀ ਪੂਰੀ ਹੋਣ ਤੋਂ ਬਾਅਦ ਰਿਟਾਇਰਮੈਂਟ ਕਿਉਂ ਲੈ ਲਈ ਸੀ।

‘ਤਾਂ ਮੈਂ ਕਿਹਾ’...‘ਮੈਨੂੰ ਕੀ ਪਤਾ ਕਿਉਂ ਲੈ ਲਈ...ਹਾਂ ਤੂੰ ਹੀ ਦੱਸਦੇ ਯਾਰ ਕਿਉਂ ਲੈ ਲਈ ਰਿਟਾਇਰਮੈਂਟ? ਉਸਨੇ ਆਪਣੇ ਨੌਕਰੀ ਹੋਰ ਕਿਉਂ ਨਹੀਂ ਵਧਾਈ?’

ਤਾਂ ਸਿੱਧੂ ਕਹਿੰਦਾ, ‘ਮੇਰੇ ਤਾਏ ਦਾ ਮੁੰਡਾ ਇਸ ਕਰਕੇ 17 ਸਾਲ ਬਣਦੀ ਫੌਜ ਦੀ ਨੌਕਰੀ ਕਰਨ ਬਾਅਦ ਰਿਟਾਇਰਮੈਂਟ ਲੈ ਆਇਆ ਸੀ ਕਿ ਮੈਂ ਆਪਣੇ ਮਾਂ-ਪਿਓ ਦੀ ਸੇਵਾ ਸਕਾਂ....ਪਰ....।’

ਪਰ ਕੀ?..‘ਮੈਂ ਕਿਹਾ’

‘ਪਰ ਮੈਂ ਇਹ ਸੋਚ ਕਿ ਹੈਰਾਨ ਹਾਂ ਕਿ ਰੱਬ ਦੀ ਰਜ਼ਾ ਦੇਖ ਲੈ। ਪਿਛਲੇ ਸਾਲ ਦੀ ਸਤਾਈ ਮਈ ਨੂੰ ਤਾਈ ਪੂਰੀ ਹੋ ਗਈ ਸੀ ਤੇ ਪੂਰੇ ਸਾਲ ਬਾਅਦ ਅੱਜ ਇੱਕੀ ਮਈ ਨੂੰ ਤਾਇਆ ਪੂਰਾ ਹੋ ਗਿਆ।’

ਮੈਂ ਗਹਿਰੀ ਸੋਚੀਂ ਇਸ ਕਰਕੇ ਪੈ ਗਿਆ ਕਿ.....

‘ਰੱਬਾ ਜਿਹੜਾ ਪੁੱਤਰ ਆਪਣੇ ਮਾਂ-ਪਿਓ ਦੀ ਸੇਵਾ ਕਮਾਉਣ ਖਾਤਰ ਬਸ 17 ਸਾਲ ਹੀ ਨੌਕਰੀ ਕਰਕੇ ਇਸ ਕਰਕੇ ਰਿਟਾਇਰਮੈਂਟ ਲੈ ਕੇ ਆ ਗਿਆ ਕਿ ਮਾਪਿਆਂ ਦੀ ਸੇਵਾ ਕਰ ਸਕਾਂ, ਪਰ ਰੱਬ ਨੇ ਸੇਵਾ ਕਰਨ ਦਾ ਮੌਕਾ ਹੀ ਨਹੀਂ ਦਿੱਤਾ।’

‘ਦੇਖ ਯਰ’... ‘ਕਿੰਨੇ ਬਦਨਸੀਬ ਨੇ ਓਹ ਮਾਪੇ ਜੋ ਅਜਿਹੀ ਔਲ਼ਾਦ ਨੂੰ ਪੂਰੀ ਉਮਰ ਤਰਸਦੇ ਰਹਿੰਦੇ ਹਨ ਪਰ ਜੋ ਕਰਨਾ ਚਾਹੁੰਦੇ ਨੇ ਰੱਬ ਉਨਾਂ ਕੋਲੋਂ ਬਿਨਾਂ ਸੇਵਾ ਕਰਾਏ ਹੀ ਮਾਂ-ਪਿਓ ਖੋਹ ਲੈਂਦਾ ਏ।’

‘ਸਿੱਧੂ ਦੀ ਇਹ ਗੱਲ ਸੁਣ ਕੇ ਮੈਂ ਵੀ ਭਾਵੁਕ ਹੋ ਗਿਆ ਸੀ।’

ਫਿਰ ਮੈਂ ਤੇ ਸਿੱਧੂ ਚਾਹ ਬਿਨਾਂ ਪੀਤੇ ਹੀ ਓਥੋਂ ਉੱਠੇ......ਤੇ ਲਾਇਬ੍ਰੇਰੀ ਦੇ ਅੰਦਰ ਪੜ੍ਹਨ ਲਈ ਚਲੇ ਗਏ। ਪਰ...‘ਮੇਰੇ ਮੰਨ ’ਚ ਅਜੇ ਵੀ ਨਿਰੰਤਰ ਓਹੀ ਗੱਲ ਘੁੰਮ ਰਹੀ ਸੀ।’

## ਅੱਜ ਤੇ ਕੱਲ

**ਜਨਮੇਜਾ ਸਿੰਘ ਜੌਹਲ**

ਕਰੋਨਾ ਪਿੱਛੇ ਛੱਡ ਆਏ ਹਾਂ,

ਖੋਤਾ ਆਪਣਾ ਕੱਢ ਆਏ ਹਾਂ।

ਅੱਗੇ ਜੀਵਨ ਬੜਾ ਹੀ ਔਖਾ,

ਪਹਿਲੋਂ ਵੀ ਸੀ ਕਿਹੜਾ ਸੌਖਾ।

ਧੋਖਾ ਸਾਡੇ ਨਾਲ ਹੋਇਆ ਹੈ।

ਘਰ ਘਰ ਦੇ ਵਿਚ ਜੀਅ ਮੋਇਆ ਹੈ।

ਅੱਗ ਦੀਆਂ ਲਾਟਾਂ ਅੰਬਰੋਂ ਉੱਚੀਆਂ,

ਲੀਡਰਾਂ ਦੀਆਂ ਜਿਵੇਂ ਨੀਤਾਂ ਲੁੱਚੀਆਂ।

ਹੁਣ ਘਰਾਂ ਨੂੰ ਪਰਤ ਨੀ ਹੋਣਾ,

ਡਿੱਗਿਆ ਹੰਝੂ ਵਰਤ ਨੀ ਹੋਣਾ।

ਪੜ੍ਹ ਲੈ ‘ਮੇਜਰਾ’ ਕੰਧ ਤੇ ਲਿਖਿਆ,

ਕੱਲ ਨੂੰ ਤੇਰਾ ਧਰਤ ਨੀ ਹੋਣਾ।

# ਦਿੱਤੀ ਜ਼ੁਬਾਨ ਨਿਭਾਉਣ ਦਾ ਰਿਵਾਜ

ਹਰਪ੍ਰੀਤ ਸਿੰਘ ਜਵੰਦਾ

ਕਣਕ ਦੀ ਗਹਾਈ ਕਰਦਿਆਂ ਸੁਨੇਹਾ ਮਿਲਿਆ ਕਿ ਮੇਰਾ ਰਿਸ਼ਤਾ ਪੱਕਾ ਕਰ ਦਿੱਤਾ ਗਿਆ ਏ। ਆਥਣ ਵੇਲੇ ਲੋਹ 'ਤੇ ਰੋਟੀਆਂ ਲਾਹੁੰਦੀ ਬੀਜੀ ਨਾਲ ਗਿਲਾ ਕੀਤਾ ਕਿ ਜੇ ਇੱਕ ਵਾਰ ਝਾਤੀ ਹੀ ਮਰਵਾ ਦਿੰਨੇ..।

ਅਜੇ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਕੋਲ ਪਿਆ ਵੇਲਣਾ ਚੱਕ ਲਿਆ..ਆਖਣ ਲੱਗੀ ਆਵਦੇ ਪਿਓ ਨਾਲ ਗੱਲ ਕਰ ਲੈ..।

ਬਾਪੂ ਜੀ ਦਾ ਜ਼ਿਕਰ ਆਉਂਦਿਆਂ ਹੀ ਸਾਰੀ ਗਰਮੀ ਠੰਡੀ ਪੈ ਗਈ ਤੇ ਸਬਰ ਦਾ ਘੁੱਟ ਭਰ ਕੇ ਰਹਿ ਗਿਆ। ਨਾਮ ਸੀ ਰੇਸ਼ਮ ਕੌਰ.. ਉਸਦੀ ਸੂਰਤ ਬਾਰੇ ਸੋਚਦਿਆਂ ਹੀ ਨਾਮ ਨਾਲ ਇਸ਼ਕ ਜਿਹਾ ਹੋ ਗਿਆ..।

ਇੱਕ ਦਿਨ ਪਤਾ ਨੀ ਕੀ ਸੁਝਿਆ.. ਲੋਰ ਵਿੱਚ ਆਏ ਨੇ ਵੱਟ ਤੇ ਲੱਗੇ ਸਫੈਦੇ ਦੇ ਮੋਟੇ ਤਣੇ ਤੇ ਦਾਤਰੀ ਦੀ ਨੋਕ ਨਾਲ ਲਿਖ ਦਿੱਤਾ..'ਰੇਸ਼ਮ ਕੌਰ'।

ਬੇਲੀਆਂ ਨੂੰ ਪਤਾ ਲੱਗ ਗਿਆ..ਅਗਲੇ ਦਿਨ ਹਰ ਪਾਸੇ ਬੱਸ ਰੇਸ਼ਮ ਕੌਰ ਹੀ ਛਾਈ ਪਈ ਸੀ.. ਹਰ ਥਾਂ ਰੇਸ਼ਮ ਕੌਰ ਦਾ ਹੀ ਨਾਮ ਲਿਖਿਆ ਸੀ..।

ਇੱਕ ਵਾਰ ਭਾਂਡੇ ਕਲੀ ਕਰਨ ਵਾਲੇ ਦੇ ਨਾਲ ਉਸਦੇ ਪਿੰਡ ਵੀ ਗਿਆ। ਪਾਣੀ ਦਾ ਘੜਾ ਚੁੱਕੀ ਤੁਰੀ ਜਾਂਦੀ ਦੇ ਮਗਰ ਨੂੰ ਹੋ ਤੁਰੇ ਨੂੰ ਸਿਵਾਏ ਗਲ਼ ਪਾਏ ਸੂਟ ਤੋਂ ਹੋਰ ਕੁਝ ਵੀ ਨਾ ਦਿਸਿਆ।

ਹਾਲਤ ਇਹ ਹੋ ਗਈ ਕਿ ਰੇਸ਼ਮ ਦਾ ਵੈਸੇ ਹੀ ਕਿਧਰੇ ਜਿਕਰ ਆਉਂਦਾ ਤਾਂ ਮੇਰੇ ਲੂ-ਕੰਢੇ ਖੜੇ ਹੋ ਜਾਂਦੇ।

ਫੇਰ ਇੱਕ ਦਿਨ ਸੁਨੇਹਾ ਆ ਗਿਆ। ਚੀਰਨੀ ਲਾਉਂਦੀ ਦਾ ਸੱਜਾ ਹੱਥ ਟੋਕੇ ਵਿਚ ਆ ਗਿਆ।

ਬਾਪੂ ਜੀ ਵੱਲੋਂ ਕੀਤੀ ਜਾਣ ਵਾਲੀ ਨਾਂਹ ਬਾਰੇ ਸੋਚ ਇੰਝ ਲੱਗਾ ਜਿੱਦਾਂ ਮੇਰੇ ਸੁਫਨਿਆਂ ਦੇ ਮਹਿਲ ਢਹਿ ਢੇਰੀ ਹੋਣ ਹੀ ਵਾਲੇ ਹਨ। ਅਗਲੇ ਦਿਨ ਵਾਕਿਆ ਹੀ ਨਾਂਹ ਦਾ ਸੁਨੇਹਾ ਘੱਲ ਦਿੱਤਾ।

ਮੇਰਾ ਵੱਡਾ ਤਾਇਆ ਜੀ ਅਸੂਲਾਂ ਦਾ ਪੱਕਾ ਇਨਸਾਨ ਸੀ। ਉਨਾਂ ਨੂੰ ਗੱਲ ਦਾ ਪਤਾ ਲੱਗਾ ਤਾਂ ਸਾਨੂੰ ਦੋਹਾਂ ਪਿਓ ਪੁੱਤਾਂ ਨੂੰ ਪੈਲੀਆਂ ਵਿਚ ਲੈ ਗਿਆ।

ਬਾਪੂ ਹੁਰਾਂ ਨੂੰ ਹਰ ਰੁੱਖ ਤੇ ਲਿਖਿਆ ਹੋਇਆ ਰੇਸ਼ਮ ਕੌਰ ਦਾ ਨਾਮ ਵਿਖਾਇਆ..। ਫੇਰ ਪੁੱਛਿਆ ਬਲਕਾਰ ਸਿਆਂ ਮੰਨ ਲੈ ਜੇ ਇਹੋ ਕੰਮ ਵਿਆਹ ਮਗਰੋਂ ਸਾਡੇ ਘਰੇ ਆਈ ਨਾਲ ਹੋ ਗਿਆ ਹੁੰਦਾ ਤਾਂ ਫੇਰ ਵੀ ਵਾਪਿਸ ਘੱਲ ਦਿੰਨਾ..?

ਬਾਪੂ ਜੀ ਨੂੰ ਜੁਆਬ ਨਾ ਅਹੁੜੇ। ਖਹਿੜਾ ਛੁਡਾਉਣ ਖਾਤਿਰ ਸਾਰੀ ਗੱਲ ਮੇਰੇ ਸਿਰ ਪਾ ਦਿੱਤੀ ਗਈ। ਮੈਂ ਮਨ ਵਿਚ ਰੇਸ਼ਮ ਕੌਰ ਦਾ ਸਿਰਜਿਆ ਹੋਇਆ ਸਰੂਪ ਮਹਿਸੂਸ ਕਰ ਓਸੇ ਵੇਲੇ ਆਖ ਦਿੱਤਾ ਮੈਨੂੰ ਕੋਈ ਇਤਰਾਜ ਨੀ।

ਫੇਰ ਚੜਦੇ ਸਿਆਲ ਸਾਡੇ ਵੇਹੜੇ ਦਾ ਸ਼ਿੰਗਾਰ ਬਣ ਘਰੇ ਲੈ ਆਂਦੀ ਗਈ।

ਵਿਆਹ ਵਾਲੇ ਦਿਨ ਆਥਣ ਵੇਲੇ ਪਹਿਲੀ ਵਾਰ ਘੁੰਡ ਚੁੱਕ ਵੇਖਿਆ ਤਾਂ ਨਿਰਾ ਪੂਰਾ ਪੁੰਨਿਆ ਦਾ ਚੰਨ ਹੀ ਦਿਸਿਆ। ਕਣਕਵੰਨੇ ਰੰਗ ਅਤੇ ਬਿੱਲੀਆਂ ਅੱਖਾਂ ਦਾ ਬੜਾ ਹੀ ਸੁਖਦ ਜਿਹਾਸੁਮੇਲਸੀ,ਵਚਿੱਤਰਜਿਹੀਕਸ਼ਿਸ਼ਸੀਸ਼ਖਸੀਅਤਵਿਚ। ਮੈਂ ਠੋਡੀ ਹੇਠਾਂ ਹੱਥ ਪਾ ਮੂੰਹ ਉਤਾਂਹ ਨੂੰ ਚੁੱਕਾਂ..ਪਰ ਉਹ ਨਜਰਾਂ ਨਾ ਮਿਲਾਵੈ। ਰੋਂਦੀ ਹੋਈ ਅਖੀਰ ਮੇਰੇ ਪੈਰੀਂ ਪੈ ਗਈ।

ਆਖਣ ਲੱਗੀ ਰੱਬ ਦਾ ਰੂਪ ਓ ਤੁਸੀਂ ਮੇਰੇ ਲਈ ਵੀ ਤੇ ਮੇਰੀਆਂ ਨਿੱਕੀਆਂ ਭੈਣਾਂ ਦੇ ਲਈ ਵੀ। ਮੇਰੇ ਵਜੂਦ ਵਿਚ ਏਡਾ ਵੱਡਾ




ਵਿਗਾੜ ਹੁੰਦਿਆਂ ਹੋਇਆ ਤੁਸਾਂ ਆਸਰਾ ਦਿੱਤਾ, ਨਹੀਂ ਤੇ ਹਮਾਤੜ ਜਿਹੇ ਜੱਟ ਦੀ ਵੱਡੀ ਧੀ ਬਿਨਾ ਵਿਆਹ ਤੋਂ ਰਹਿ ਜਾਵੇ ਤਾਂ ਨਿੱਕੀਆਂ ਵਾਸਤੇ ਕਿੱਡਾ ਔਖਾ ਹੁੰਦਾ ਏ!

ਮੈਂ ਅੱਗੋਂ ਉਸਦੇ ਸੱਜੇ ਹੱਥ ਦਾ ਓਹੀ ਗੁੱਟ ਚੁੰਮ ਲਿਆ। ਫੇਰ ਸਾਰੀ ਉਮਰ ਮਾਲੀ ਬਣ ਉਸਦੀ ਰਾਖੀ ਕੀਤੀ। ਕੋਈ ਉਸਦੇ ਸੱਜੇ ਹੱਥ ਬਾਰੇ ਗੱਲ ਛੇੜਦਾ ਤਾਂ ਉਸ ਨੂੰ ਉਸਦੇ ਘਰ ਤੱਕ ਪੁਚਾ ਕੇ ਹੀ ਸਾਹ ਲੈਂਦਾ।

ਅੱਜ ਏਨੇ ਵਰਿਆਂ ਮਗਰੋਂ ਸੱਤ ਸਮੁੰਦਰੋਂ ਪਾਰ ਬੈਠੇ ਦੋਹਤੇ ਪੋਤਰੇ ਖਹਿੜੇ ਪੈ ਗਏ, ਅਖ਼ੇ ਬਾਪੂ ਤੇ ਬੇਬੇ ਜੀ ਦੇ ਵਿਆਹ ਦੇ ਪਚਵੰਜਾ ਵਰੇ ਪੂਰੇ ਹੋਏ ਨੇ। ਕੇਕ ਕੱਟਣਾ, ਆਖਿਆ ਕੱਟ ਲਵੋ ਭਾਈ, ਪਰ ਦੁੱਖ ਸੀ ਕਿ ਕੋਲ ਹੀ ਮੰਜੇ 'ਤੇ ਪਈ ਰੇਸ਼ਮ ਕੌਰ ਨੂੰ ਅੱਜ ਕੋਈ ਹੋਸ਼ ਨਹੀਂ ਸੀ। ਵੱਡੀ ਜਿਹੀ ਪਾਰਟੀ ਮਗਰੋਂ ਕੇਕ ਦੀ ਵਾਰੀ ਆਈ ਤਾਂ ਉਹ ਡੱਬੇ ਨਾਲ ਢਕਿਆ ਸੀ।

ਢੱਕਣ ਚੁੱਕਿਆ ਤਾਂ ਅੱਖਾਂ ਵਿਚੋਂ ਨੀਰ ਵਹਿ ਤੁਰੇ। ਨਾਲ ਹੀ ਪੰਜ ਦਹਾਕੇ ਪਹਿਲਾਂ ਖੇਤਾਂ ਵਿਚ ਉੱਗੇ ਸਫੈਦਿਆਂ 'ਤੇ ਲਿਖਿਆ ਕਿੰਨਾ ਕੁਝ ਅੱਖਾਂ ਅੱਗੇ ਘੁੰਮਣ ਲੱਗਾ।

ਕੇਕ ਦੀ ਸਿਖਰਲੀ ਤਹਿ ਤੇ ਮੋਟੇ ਮੋਟੇ ਅੱਖਰਾਂ ਵਿਚ ਲਿਖਿਆ ਸੀ। ਬੇਬੇ ਰੇਸ਼ਮ ਕੌਰ ਤੇ ਬਾਪੂ ਸ੍ਰਵਨ ਸਿੰਘ।

ਪਿਛਲੇ ਹਫਤੇ ਹੀ ਨਾਲ ਦੀ ਨਾਲ ਤਲਾਕ ਵਾਲੇ ਚੱਕਰਾਂ ਤੋਂ ਵੇਹਲਾ ਹੋਇਆ ਨਿੱਕਾ ਪੋਤਰਾ ਖਹਿੜੇ ਪੈ ਗਿਆ। ਬਾਪੂ ਜੀ ਇਕ ਗੱਲ ਤਾਂ ਦੱਸੋ, ਤੁਸੀਂ ਏਨੇ ਵਰੇ ਇਕੱਠਿਆਂ ਨੇ ਕਿੱਦਾਂ ਕੱਢ ਲਏ?

ਬੇਸੁੱਧ ਪਈ ਰੇਸ਼ਮ ਕੌਰ ਵੱਲ ਵੇਖਿਆ ਤੇ ਆਖਿਆ 'ਪੁੱਤਰ ਸਾਡੇ ਵੇਲੇ ਜੇ ਕਦੀ ਦੂਜੇ ਤੇ ਗੁੱਸਾ ਆਉਂਦਾ ਤੇ 'ਪੀ' ਲਿਆ ਜਾਂਦਾ ਤੇ ਜੇ ਕੋਈ ਲੀੜਾ ਕੱਪੜਾ ਉੱਧੜ ਜਾਂਦਾ ਤਾਂ 'ਸੀ' ਲਿਆ ਜਾਂਦਾ। ਉਨਾਂ ਵੇਲਿਆਂ ਵਿਚ ਚੰਗੇ ਭਲੇ ਨੂੰ ਬਿਨਾ ਵਜਾ ਕੂੜੇ-ਦਾਨ ਵਿਚ ਸੁੱਟਣ ਦਾ ਰਿਵਾਜ ਨਹੀਂ ਸੀ ਹੋਇਆ ਕਰਦਾ।

# ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ



- ਹਰਕੀਰਤ ਕੌਰ ਸਭਰਾ
9779118066

ਇਹ ਕੋਈ ਨਵੀਂ ਗੱਲ ਨਹੀਂ ਕਿ ਪੰਜਾਬ ਤੇ ਪੰਜਾਬੀਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੋਵੇ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਦੇ ਹਿੱਸੇ ਮੁੱਢ ਕਦੀਮੀ ਤੋਂ ਮੁਹਿੰਮਾਂ ਹੀ ਆਈਆਂ ਹਨ। ਏਵੇਂ ਨਹੀਂ ਪੂਰੀ ਦੁਨੀਆ ਪੰਜਾਬੀਆਂ ਦੀ ਅਣਖ ਅਤੇ ਸਾਹਸ ਦਾ ਲੋਹਾ ਮੰਨਦੀ। ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਜਦ ਵੀ ਪੰਜਾਬ ਉੱਤੇ ਭੀੜ ਬਣੀ ਹੈ, ਉਸਦਾ ਕਾਰਣ ਸਮੇਂ ਦੀਆਂ ਸਰਕਾਰਾਂ ਦੀਆਂ ਦੋਗਲੀਆਂ ਨੀਤੀਆਂ ਰਹੀਆਂ ਹਨ। ਪੰਜਾਬੀਆਂ ਨਾਲ ਵਧੀਕੀਆਂ ਦਾ ਸਿਲਸਿਲਾ ਕੋਈ ਨਵਾਂ ਨਹੀਂ, ਬਲਕਿ ਬਹੁਤ ਪੁਰਾਣਾ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਐਮਰਜੈਂਸੀ ਦੇ ਦੌਰ ਤੋਂ ਬਾਅਦ ਸਿੱਖਾਂ ਨੂੰ ਸਬਕ ਸਿਖਾਉਣ ਲਈ ਭਜਨ ਲਾਲ ਸਰਕਾਰ ਨੇ ਇਹ ਨੀਤੀ ਬਣਾਈ ਸੀ ਕਿ ਹੋਣ ਵਾਲੀਆਂ ਏਸ਼ੀਅਨ ਗੇਮਜ਼ ਵਿੱਚ ਪੰਜਾਬੀਆਂ ਨੂੰ ਸ਼ਾਮਿਲ ਨਹੀਂ ਹੋਣ ਦਿੱਤਾ ਜਾਵੇਗਾ। ਇਸੇ ਨੀਤੀ ਤਹਿਤ ਹਰਿਆਣੇ ਰਾਹੀ ਦਿੱਲੀ ਪਹੁੰਚ ਰਹੇ ਪੰਜਾਬੀਆਂ ਨੂੰ ਬਹੁਤ ਜ਼ਲਾਲਤ ਦਾ ਸਾਹਮਣਾ ਕਰਨਾ ਪਿਆ ਸੀ। ਬਿਲਕੁਲ ਮੌਜੂਦਾ ਸਮੇਂ ਦੀ ਤਰਾਂ ਹਰਿਆਣੇ ਤੋਂ ਦਿੱਲੀ ਜਾਣ ਵਾਲਾ ਜੀ. ਟੀ ਰੋਡ ਬੰਦ ਕਰ ਦਿੱਤਾ ਗਿਆ, ਨਿੱਕੀਆਂ ਮੋਟੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ। ਉਸ ਸਮੇਂ ਜਸਟਿਸ ਆਰ. ਐੱਸ ਸੋਢੀ ਜੀ ਨੇ ਹਰਿਆਣਾ ਸਰਕਾਰ ਵਿਰੁੱਧ ਇੱਕ ਪਟੀਸ਼ਨ ਦਾਇਰ ਕੀਤੀ ਕਿ ਇਹ ਜੋ ਹਾਈਵੇ ਹਨ ਇਹ ਪੂਰੇ ਰਾਸ਼ਟਰ ਲਈ ਹਨ, ਇਹ ਕਿਸੇ ਇੱਕ ਸਟੇਟ ਦੀ ਮਲਕੀਅਤ ਨਹੀਂ ਹਨ। ਭਜਨ ਲਾਲ ਵੱਲੋਂ ਇਹ ਵੀ ਹੁਕਮ ਦਿੱਤਾ ਗਿਆ ਕਿ ਪੰਜਾਬੀਆਂ ਨੂੰ ਜੀ. ਟੀ ਰੋਡ 'ਤੇ ਹੀ ਰੋਕ ਲਿਆ ਜਾਵੇ, ਕਹਿੰਦੇ ਨੇ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਬਿਲਕੁਲ ਉਸ ਸਮੇਂ ਦੀ ਤਰਾਂ ਅੱਜ ਭਾਵੇਂ ਮਸਲੇ ਅਲੱਗ ਹਨ ਪਰ ਪੰਜਾਬੀਆਂ ਨਾਲ ਵਿਤਕਰੇ ਦੀ ਭਾਵਨਾ, ਈਰਖਾਬਾਜ਼ੀ ਦੀ ਭਾਵਨਾ ਹੂਬਹੂ ਪੁਰਾਣੀ ਹੈ। ਖ਼ੈਰ ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਹਰਿਆਣਾ ਜਾਂ ਦਿੱਲੀ ਸਰਕਾਰ ਏਨੀ ਬੇਸਮਝ ਹੈ ਕਿ ਉਸ ਨੂੰ ਨੈਸ਼ਨਲ ਹਾਈਵੇ ਦੀ ਵਰਤੋਂ ਦਾ ਨਹੀਂ ਪਤਾ! ਕਿਸੇ ਕੋਲ ਇਸ ਗੱਲ ਦਾ ਜਵਾਬ ਹੈ ਕਿ ਹਰਿਆਣਾ ਸਰਕਾਰ ਨੇ ਹਾਈਵੇ ਤਾਂ ਬੰਦ ਕੀਤਾ, ਪਰ ਕਿਸ ਕਾਨੂੰਨ ਤਹਿਤ ਕੀਤਾ? ਸਾਡੇ ਸੰਵਿਧਾਨ ਦੇ ਕਿਸ ਪੰਨੇ ਉੱਪਰ ਲਿਖਿਆ ਹੈ ਕਿ ਕੋਈ ਸਰਕਾਰ ਰਾਸ਼ਟਰੀ ਸੜਕਾਂ ਉੱਪਰ ਬੈਰੀਗੇਡ ਲਗਾ ਕੇ, ਚੰਗੀਆਂ, ਭਲੀਆਂ ਪੱਕੀਆਂ ਸੜਕਾਂ ਵਿੱਚ ਟੋਏ ਪੁੱਟ ਕੇ ਕਿਸੇ ਨੂੰ ਦੂਸਰੇ ਰਾਜ ਵਿੱਚ ਜਾਣ ਤੋਂ ਰੋਕਿਆ ਜਾਵੇ। ਪਰ ਜਿਵੇਂ ਸਿਆਣੇ ਕਹਿੰਦੇ ਹਨ ਕਿ ਜੋ ਦੂਸਰਿਆਂ ਲਈ ਟੋਏ ਪੁੱਟਦੇ ਹਨ, ਆਪ ਮੂਹਾਰੇ ਮੂਧੜੇ ਮੂੰਹ ਵਿੱਚ ਡਿਗਦੇ ਹਨ। ਬਿਲਕੁਲ ਏਸੇ ਤਰਾਂ ਦੇਸ਼ ਵਿੱਚ ਅਣਸੁਖਾਵੇਂ ਹਾਲਾਤ ਪੈਦਾ ਕਰਨ ਵਾਲਿਆਂ ਦਾ ਵੀ ਹਾਲ ਇਸੇ ਤਰਾਂ ਹੀ ਹੋਵੇਗਾ। ਖੱਟਰ ਸਰਕਾਰ ਨੂੰ ਆਪਣੇ ਵੱਲੋਂ ਕੀਤੀ ਇਸ ਭੁੱਲ ਦਾ ਖ਼ਮਿਆਜ਼ਾ ਭਵਿੱਖ ਵਿੱਚ ਭੁਗਤਣਾ ਪਵੇਗਾ।

ਇੱਕ ਪਾਸੇ ਤਾਂ ਮਨੋਹਰ ਲਾਲ ਖੱਟਰ ਅਤੇ ਇਨਾਂ ਦੇ ਰਾਜਨੀਤਕ ਭਾਈਬੰਧ ਕਿਸਾਨਾਂ ਨੂੰ ਸੋਸ਼ਲ ਡਿਸਟੈਂਸ ਬਣਾ ਕੇ ਰੱਖਣ ਲਈ ਆਪਣੇ ਚੇਲੇ ਮੀਡੀਆ ਰਾਹੀਂ ਸੁਨੇਹੇ ਦੇ ਰਹੇ ਹਨ, ਦੂਸਰੇ ਪਾਸੇ ਗੁਜਰਾਤ ਵਿੱਚ ਮਿਊਂਸਪਲ ਚੋਣਾਂ ਦੇ ਪ੍ਰਚਾਰ ਵਿੱਚ ਰੈਲੀਆਂ ਕੱਢੀਆਂ ਜਾ ਰਹੀਆਂ ਹਨ ਜੋ ਕਿਸਾਨਾਂ ਪ੍ਰਤੀ ਸੌੜੀ ਸੋਚ ਦਾ ਸਿੱਧਾ ਨਮੂਨਾ ਪੇਸ਼ ਕਰਦਾ ਹੈ।

ਕਿਸਾਨੀ ਸੰਘਰਸ਼ ਦੀ ਗੱਲ ਕਰੀਏ ਤਾਂ ਜਿਵੇਂ ਜਿਵੇਂ ਖ਼ਬਰਾਂ, ਰਿਪੋਰਟਾਂ ਦੇਖ ਰਹੇ ਹਾਂ, ਹਰ ਪੰਜਾਬੀ ਦਾ ਜੋਸ਼ ਸਿਖਰ ਉੱਪਰ ਹੈ, ਜੋਸ਼ ਉਬਾਲੇ ਖਾ ਰਿਹਾ ਹੈ। ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਕਿਤੇ ਵੀ ਪੰਜਾਬੀ ਬੈਠਾ ਹੋਇਆ ਹੈ ਤਾਂ ਉਸਦੀ ਟਿਕਟਿਕੀ ਲੱਗੀ ਹੋਈ ਹੈ ਕਿ ਸਾਡੇ ਕਿਸਾਨ ਭੈਣਾਂ, ਵੀਰ ਕੀ ਕਰ ਰਹੇ ਹਨ? ਕਾਫ਼ਲੇ ਕਿੱਥੋਂ, ਕਿੱਥੇ ਪਹੁੰਚੇ ਹਨ? ਦਿੱਲੀ ਵਾਲਿਆਂ ਦਾ ਕੀ ਹਾਲ ਹੋ ਰਿਹਾ ਹੈ ਅਤੇ ਪੂਰੇ ਭਾਰਤ ਦੇ ਕਿਸਾਨ ਮਿਲ ਕੇ ਕਿਹੜਾ ਨਵਾਂ ਹੰਭਲਾ ਮਾਰ ਰਹੇ ਹਨ? ਅਸਲ ਵਿੱਚ ਇਸ ਨੂੰ ਹੀ ਕਹਿੰਦੇ ਹਨ, ਮਿੱਟੀ ਦੀ ਸਾਂਝ, ਖ਼ੂਨ ਦਾ ਰਿਸ਼ਤਾ। ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਸਾਡੇ ਬਹੁਤ ਸਾਰੇ ਬਜ਼ੁਰਗਾਂ, ਜਵਾਨਾਂ ਨੂੰ ਆਪਣੀ ਮਿੱਟੀ ਲਈ ਸਰੀਰ ਤੇ ਜ਼ਖਮ ਸਹਿਣੇ ਪੈ ਰਹੇ ਹਨ। ਪਰ ਖ਼ੁਸ਼ੀ ਇਸ ਗੱਲ ਦੀ ਹੈ ਕਿ ਸਾਡੇ ਪੰਜਾਬੀਆਂ ਵਿੱਚ ਅਣਖ, ਜੋਸ਼ ਤੇ ਜਜ਼ਬਾ ਜਿਊਂਦਾ ਹੈ।

ਇਤਿਹਾਸ ਗਵਾਹ ਹੈ ਕਿ ਜੰਗਜੂ ਕੌਮਾਂ ਕਦੇ ਵੀ ਟਿਕ ਕੇ ਨਹੀਂ ਬੈਠਦੀਆਂ ਹੁੰਦੀਆਂ। ਫਿਰ ਪੰਜਾਬ ਦੀ ਧਰਤੀ ਤਾਂ ਹੋਈ ਹੀ ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ। ਸਾਨੂੰ ਮਾਣ ਹੈ ਆਪਣੇ ਪੰਜਾਬੀ ਕਿਸਾਨ ਭਰਾਵਾਂ ਉੱਤੇ ਜੋ ਇਸ ਮੁਹਿੰਮ ਵਿੱਚ ਵੱਧ ਚੜ ਕੇ ਹਿੱਸਾ ਲੈ ਰਹੇ ਹਨ ਅਤੇ ਪੰਜਾਬ ਦੀ ਇੱਜ਼ਤ ਅਤੇ ਹੋਂਦ ਨੂੰ ਬਰਕਰਾਰ ਰੱਖਣ ਲਈ ਜੱਦੋ-ਜਹਿਦ ਕਰ ਰਹੇ ਹਨ। ਲੇਖ ਦੇ ਸਿਰਲੇਖ ਅਨੁਸਾਰ ਪੰਜਾਬੀਆਂ ਦੇ ਹਿੱਸੇ ਆਈਆਂ ਹੀ ਮੁਹਿੰਮਾਂ ਅਤੇ ਚਣੌਤੀਆਂ ਹਨ। ਪਰ ਸਿਆਣੇ ਕਹਿੰਦੇ ਹਨ ਕਿ ਚਣੌਤੀਆਂ ਵੀ ਉਨਾਂ ਦੇ ਹਿੱਸੇ ਆਉਂਦੀਆਂ ਹਨ ਜੋ ਉਨਾਂ ਨੂੰ ਸਵੀਕਾਰ ਕਰਨ ਅਤੇ ਉਨਾਂ ਨਾਲ ਟਾਕਰਾ ਕਰਨ ਦੀ ਹਿੰਮਤ ਰੱਖਦਾ ਹੈ। ਸੋ ਆਸ ਕਰਦੇ ਹਾਂ ਹਰ ਵਾਰ ਦੀ ਤਰਾਂ ਇਸ ਵਾਰ ਪੰਜਾਬ ਇਹ ਮੈਦਾਨ ਫ਼ਤਿਹ ਕਰੇਗਾ....।




# 'ਟੁੱਟਦੇ ਤਾਰੇ'

ਕੁਲਵੰਤ ਘੋਲੀਆ
95172-90006

ਪੁੱਤ ਕਦ ਤੱਕ ਸੱਚਾਈ ਤੋਂ ਮੂੰਹ ਮੋੜੇਂਗਾ, ਉਹ ਚਲੀ ਗਈ, ਕਦੇ ਵਾਪਿਸ ਨਹੀਂ ਆਵੇਗੀ। ਆਪਣਾ ਨਹੀਂ, ਪਰ ਇਸ ਮਾਸੂਮ ਬਾਰੇ ਤਾਂ ਸੋਚ, ਬਿਨ ਮਾਵਾਂ ਤੋਂ ਧੀਆਂ ਅਧੂਰੀਆਂ ਹੀ ਹੁੰਦੀਆਂ ਨੇ, ਇੱਕ ਮਾਂ ਹੀ ਹੈ ਜੋ ਆਪਣੀ ਧੀ ਲਈ ਮਾਂ, ਬਾਪ, ਸਹੇਲੀ, ਬਣ ਹਰ ਫਰਜ਼ ਪੂਰਾ ਕਰਦੀ ਏ।ਅੱਜ ਤਾਂ ਇਹ ਨਿਆਣੀ ਏ, ਕੱਲ ਨੂੰ ਵੱਡੀ ਹੋਵੇਗੀ। ਸਵਾਲ ਕਰੇਗੀ ਪਰ ਉਸ ਸਮੇਂ ਤੇਰੇ ਕੋਲ ਇਸ ਦੇ ਸਵਾਲਾਂ ਦੇ ਜਵਾਬ ਨਹੀਂ ਹੋਣੇ।ਆਪਣੇ ਅਤੇ ਆਪਣੀ ਧੀ ਦੇ ਭਲੇ ਲਈ ਮੇਰੀ ਮਨ ਤੂੰ ਦੂਜਾ ਵਿਆਹ ਕਰਵਾ ਲੈ।ਦੂਜੇ ਵਿਆਹ ਦਾ ਨਾਮ ਸੁਣਦੇ ਹੀ ਹਰਜੀਤ ਅੱਖਾਂ ਭਰ ਆਇਆ, ਨਹੀਂ ਮਾਂ, ਸੀਮਾ ਚਾਹੇ ਇਸ ਦੁਨੀਆਂ 'ਚ ਨਾ ਹੋਵੇ, ਪਰ ਮੇਰੇ ਲਈ ਅੱਜ ਵੀ ਉਹ ਮੇਰੇ ਕੋਲ ਹੀ ਹੈ।ਦੋ ਕੁ ਸਾਲ ਦੀ ਹੀ ਹੋਈ ਸੀ ਪਰੀ, ਜਦੋਂ ਕੈਂਸਰ ਦੀ ਬਿਮਾਰੀ ਨਾਲ ਸੀਮਾ ਦੀ ਮੌਤ ਹੋ ਗਈ। ਅੱਜ ਤਿੰਨ ਸਾਲ ਹੋ ਗਏ ਇਸ ਗੱਲ ਨੂੰ ਹਰਜੀਤ ਦੇ ਘਰ ਵਾਲੇ ਜ਼ੋਰ ਪਾਉਂਦੇ ਕੇ ਦੂਜਾ ਵਿਆਹ ਕਰਵਾ ਲੈ ਪਰ ਹਰਜੀਤ ਨਾ ਮੰਨਿਆ, ਪਰੀ ਵੀ ਹੋਰ ਬੱਚਿਆਂ ਨੂੰ ਵੇਖ ਵੇਖ ਮਾਂ ਮਾਂ ਆਖਦੀ ਫਿਰਦੀ ਰਹਿੰਦੀ।ਆਖਰ ਇੱਕ ਧੀ ਲਈ ਮਾਂ ਦੀ ਕਮੀ ਮਹਿਸੂਸ ਹੋਣਾ ਲਾਜ਼ਮੀ ਸੀ। ਪਰੀ ਰਾਤ ਨੂੰ ਆਪਣੇ ਪਾਪਾ ਨਾਲ ਹੀ ਸੌਂਦੀ ਤੇ ਅਕਸਰ ਪੁੱਛਦੀ?

ਪਾਪਾ ਮੰਮੀ ਕਿੱਥੇ ਏ?

ਪੁੱਤ ਮੰਮੀ ਉਹ ਰੱਬ ਕੋਲ ਗਈ ਏ, ਹਰਜੀਤ ਹੱਥ ਅਸਮਾਨ ਵੱਲ ਕਰ ਦਿੰਦਾ, ਪਾਪਾ ਮੰਮੀ ਉੱਥੇ ਕੀ ਕਰਦੀ ਏ? ਪੁੱਤ ਮੰਮੀ ਉੱਥੇ ਤਾਰਾ ਬਣ ਗਈ ਏ ਅਤੇ ਜਲਦੀ ਵਾਪਸ ਆ ਜਾਵੇਗੀ। ਮਾਸੂਮ ਜਿਹੀ ਪਰੀ ਸੱਚਮੁੱਚ ਤਾਰਿਆਂ ਵਿੱਚੋਂ ਆਪਣੀ ਮੰਮੀ ਨੂੰ ਲੱਭਦੀ ਰਹਿੰਦੀ। ਧੀ ਨੂੰ ਝੂਠਾ ਦਿਲਾਸਾ ਦੇ ਹਰਜੀਤ ਵੀ ਤਾਰਿਆਂ ਦੀ ਦੁਨੀਆਂ ਵਿੱਚ ਗਵਾਚ ਜਾਂਦਾ।

ਅਕਸਰ ਹੀ ਪਰੀ ਰਾਤ ਨੂੰ ਉੱਠ ਕੇ ਵਿਹੜੇ ਵਿਚਕਾਰ ਜਾ ਖੜਦੀ, ਆਵਾਜ਼ਾਂ ਮਾਰਦੀ, ਮੰਮੀ-ਮੰਮੀ ਮੈਂ ਇਧਰ ਖੜੀ ਆਂ, ਆਹ ਵੇਖ ਤੇਰੀ ਪਰੀ, ਕਦੇ ਕਦੇ ਪਰੀ ਤਰਲਾ ਜਿਹਾ ਕਰਦੀ ਅਤੇ ਕਦੇ ਕਦੇ ਮੰਮੀ ਨੂੰ ਗੁੱਸੇ ਨਾਲ ਕਹਿੰਦੀ, 'ਤੈਨੂੰ ਪਤਾ ਨਹੀਂ ਲੱਭਦਾ।

ਅਚਾਨਕ ਹਰਜੀਤ ਦੀ ਅੱਖ ਖੁੱਲੀ, ਦੇਖਿਆ ਪਰੀ ਇਕੱਲੀ ਹੀ ਵਿਹੜੇ ਵਿੱਚ ਖੜੀ ਏ, ਪੁੱਤ ਕੀ ਗੱਲ ਹੈ, ਕਿਸ ਨੂੰ ਆਵਾਜ਼ਾਂ ਮਾਰ ਰਹੀ ਏ।ਪਾਪਾ ਮੰਮੀ ਆਈ ਸੀ? ਤੁਸੀਂ ਕਿਹਾ ਸੀ ਨਾ ਮੰਮੀ ਤਾਰਾ ਬਣ ਗਈ ਏ ਅਤੇ ਇੱਕ ਦਿਨ ਵਾਪਿਸ ਆਵੇਗੀ। ਅੱਜ ਸੱਚੀਂ ਮੰਮੀ ਤਾਰਾ ਬਣੀ ਰੱਬ ਕੋਲੋਂ ਵਾਪਸ ਆ ਰਹੀ ਸੀ, ਪਰ ਫਿਰ ਪਤਾ ਨਹੀਂ ਕਿੱਧਰ ਗੁਆਚ ਗਈ, ਮੈਨੂੰ ਪਤਾ ਏ ਮੰਮੀ ਘਰ ਭੁੱਲ ਗਈ ਤਾਂ ਹੀ ਤਾਂ ਮੈਂ ਆਵਾਜ਼ਾਂ ਮਾਰਦੀ ਆਂ। ਧੀ ਦੀ ਮਾਸੂਮੀਅਤ ਨੇ ਹਰਜੀਤ ਦਾ ਤ੍ਰਾਹ ਕੱਢ ਦਿੱਤਾ, ਹਉਕੇ, ਹੰਝੂ ਬੱਸ ਅੱਜ ਸਬਰ ਦਾ ਬੰਨ ਟੁੱਟ ਗਿਆ। ਕਿੰਨਾ ਚਿਰ ਹਰਜੀਤ ਧੀ ਨੂੰ ਗੱਲ ਲਾ ਰੋਈ ਗਿਆ। ਧੀਏ ਆਖਰ ਕਦ ਤੱਕ ਝੂਠ ਦਾ ਸਹਾਰਾ ਲਵਾਂਗੇ।

ਕਦੇ ਮਰੇ ਅਤੇ 'ਟੁੱਟਦੇ ਤਾਰੇ' ਦੀ ਘਰ ਵਾਪਸੀ ਨਹੀਂ ਹੁੰਦੀ।ਆਪਣੇ ਪਾਪਾ ਨੂੰ ਇਸ ਤਰਾਂ ਰੋਂਦੇ ਵੇਖ ਪਰੀ ਵੀ ਸਮਝ ਗਈ ਕਿ ਮੰਮੀ ਕਦੇ ਵਾਪਸ ਨਹੀਂ ਆਵੇਗੀ ਅਤੇ ਅੱਜ ਉਹ ਮਾਸੂਮ ਬਿਨ ਮਾਂ ਦੀ ਧੀ ਵੀ ਵਿਲਕ ਉੱਠੀ, ਸ਼ਾਇਦ ਉਹ ਵੀ 'ਟੁੱਟਦੇ ਤਾਰੇ' ਦੀ ਸੱਚਾਈ ਜਾਣ ਗਈ ਸੀ।

## ਟੋਕੀਓ ਓਲੰਪਿਕ 2021

# ਭਾਰਤੀ ਹਾਕੀ ਟੀਮ ਤਮਗਾ ਜਿੱਤਣ ਦੇ ਕਿੰਨੇ ਕੁ ਦਮ਼ਖ਼ਮ ਵਿੱਚ ?

## ਤਜਰਬੇਕਾਰ ਖਿਡਾਰੀਆਂ ਨੂੰ ਅਣਗੌਲਿਆ ਕਰਨਾ ਪੈ ਸਕਦਾ ਮਹਿੰਗਾ



**ਜਗਰੂਪ ਸਿੰਘ ਜਰਖੜ**
+91-9814300722

ਟੋਕੀਓ ਓਲੰਪਿਕ 2021 ਲਈ ਭਾਰਤ ਦੀਆਂ ਮਰਦਾਂ ਅਤੇ ਇਸਤਰੀਆਂ ਦੀਆਂ ਹਾਕੀ ਟੀਮਾਂ ਦਾ ਹਾਕੀ ਇੰਡੀਆ ਨੇ ਐਲਾਨ ਕਰ ਦਿੱਤਾ ਹੈ। ਦੋਵੇਂ ਟੀਮਾਂ ਸੀਨੀਅਰ ਅਤੇ ਜੂਨੀਅਰ ਖਿਡਾਰੀਆਂ ਦੇ ਸੁਮੇਲ ਦੀਆਂ ਬਣੀਆਂ ਹਨ, ਜਿੱਥੋਂ ਤੱਕ ਇਸਤਰੀਆਂ ਦੀ ਹਾਕੀ ਟੀਮ ਦਾ ਸਵਾਲ ਹੈ ਕਿ ਰਾਣੀ ਰਾਮਪਾਲ ਦੀ ਅਗਵਾਈ ਹੇਠ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਨਵਾਂ ਇਤਿਹਾਸ ਸਿਰਜਣ ਲਈ ਨਿੱਤਰੇਗੀ, ਪਰ ਕਿਸੇ ਤਮਗੇ ਦਾ ਜਿਸ ਤਰਾਂ ਸੂਰਜ ਤੋਂ ਤਾਰਾ ਤੋੜਨ ਦੇ ਬਰਾਬਰ ਹੈ, ਕਿਉਂਕਿ ਇਸਤਰੀਆਂ ਦੇ ਵਰਗ ਵਿੱਚ ਆਸਟ੍ਰੇਲੀਆ, ਅਰਜਨਟੀਨਾ, ਹਾਲੈਂਡ, ਜਰਮਨ, ਇੰਗਲੈਂਡ, ਸਪੇਨ ਸਾਡੇ ਨਾਲੋਂ ਤਜਰਬੇ ਪੱਖੋਂ ਕੋਹਾਂ ਅੱਗੇ ਹਨ। ਜੇਕਰ ਭਾਰਤ ਦੀ ਇਸਤਰੀਆਂ ਦੀ ਹਾਕੀ ਟੀਮ ਪਹਿਲੇ ਅੱਠਾਂ ਵਿਚ ਆਪਣੀ ਪਹਿਚਾਣ ਬਣਾ ਲੈਂਦੀ ਹੈ ਤਾਂ ਭਾਰਤੀ ਹਾਕੀ ਟੀਮ ਦੀ ਵੱਡੀ ਪ੍ਰਾਪਤੀ ਹੋਵੇਗੀ। ਚੁਣੀ ਗਈ ਮਹਿਲਾ ਹਾਕੀ ਟੀਮ ਵਿੱਚ 9 ਖਿਡਾਰਨਾਂ ਹਰਿਆਣਾ ਸਟੇਟ ਨਾਲ ਸਬੰਧਤ ਹਨ ਜਦਕਿ ਇੱਕ ਖਿਡਾਰਨ ਗੁਰਜੀਤ ਕੌਰ ਪੰਜਾਬ ਨਾਲ ਸਬੰਧਤ ਹੈ। ਪੰਜਾਬ ਨੂੰ ਇੱਥੇ ਹੀ ਸੋਚ ਲੈਣਾ ਚਾਹੀਦਾ ਹੈ ਕਿ ਅਸੀਂ ਕੁੜੀਆਂ ਦੀ ਹਾਕੀ ਵਿੱਚ ਕਿੱਥੇ ਖੜੇ ਹਾਂ ?

ਜਿੱਥੋਂ ਤੱਕ ਮਰਦਾਂ ਦੀ ਹਾਕੀ ਟੀਮ ਦਾ ਸਵਾਲ ਹੈ ਕਿ ਇਸ ਵਾਰ ਭਾਰਤੀ ਹਾਕੀ ਟੀਮ ਤੋਂ ਤ਼ਗਮਾ ਜਿੱਤਣ ਦੀਆਂ ਵੱਡੀਆਂ ਆਸਾਂ ਹਨ ਕਿਉਂਕਿ ਭਾਰਤੀ ਹਾਕੀ ਟੀਮ ਨੇ ਪਿਛਲੇ 2 ਕੁ ਸਾਲਾਂ ਤੋਂ ਖਾਸ ਕਰਕੇ ਪ੍ਰੋ ਹਾਕੀ ਲੀਗ ਦੇ ਮੈਚ ਵਿੱਚ ਕਾਫੀ ਚੰਗਾ ਪ੍ਰਦਰਸ਼ਨ ਕੀਤਾ ਹੈ। ਭਾਰਤੀ ਟੀਮ ਦੀ ਚੋਣ ਹੋਈ ਹੈ ਉਹ ਸੀਨੀਅਰ ਅਤੇ ਜੂਨੀਅਰ ਖਿਡਾਰੀਆਂ ਦੇ ਤਾਲਮੇਲ ਦੀ ਟੀਮ ਬਣੀ ਹੈ। ਚੁਣੀ ਗਈ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 8 ਖਿਡਾਰੀ ਹਨ। ਭਾਰਤ ਕੋਲ ਰੱਖਿਆ ਪੰਕਤੀ ਵਿੱਚ ਅਤੇ ਪੈਨਲਟੀ ਕਾਰਨਰ ਦੀ ਮੁਹਾਰਤ ਰੱਖਣ ਵਾਲੇ ਤਜਰਬੇਕਾਰ ਰੁਪਿੰਦਰਪਾਲ ਸਿੰਘ ਅਤੇ ਹਰਮਨਪ੍ਰੀਤ ਸਿੰਘ ਭਲਵਾਨ ਮੌਜੂਦ ਹਨ। ਜਦਕਿ ਗੋਲਕੀਪਰ ਪੀਆਰ ਸ੍ਰੀਜੇਸ਼ ਤੋਂ ਕਾਫ਼ੀ ਆਸਾਂ ਹਨ। ਇਸ ਤੋਂ ਇਲਾਵਾ ਵੀਰੇਂਦਰ ਲਾਕੜਾ, ਅਮਿਤ ਰੋਹਿਦਾਸ, ਸੁਰਿੰਦਰ ਕੁਮਾਰ, ਕਪਤਾਨ ਮਨਪ੍ਰੀਤ ਸਿੰਘ ਵੀ ਰੱਖਿਆ ਅਤੇ ਮੱਧ ਪੰਕਤੀ ਵਿੱਚ ਵਧੀਆ ਭੂਮਿਕਾ ਨਿਭਾਉਣਗੇ ਜਦਕਿ ਫਾਰਵਰਡ ਲਾਈਨ ਵਿੱਚ ਮਨਦੀਪ ਸਿੰਘ, ਗੁਰਜੰਟ ਸਿੰਘ ਵਿਰਕ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਲਲਿਤ ਉਪਾਧਿਆ ਸਾਰੇ ਹੀ ਤੇਜ਼ ਤਰਾਰ ਫਾਰਵਰਡ ਹਨ। ਆਸ ਕਰਦੇ ਹਾਂ ਕਿ 1980 ਮਾਸਕੋ ਓਲੰਪਿਕ ਤੋਂ ਵੱਧ ਤਮਗੇ ਜਿੱਤਣ ਦਾ ਪਿਆ ਸੋਕਾ ਇਹ ਭਾਰਤੀ ਹਾਕੀ ਖਿਡਾਰੀ ਦੂਰ ਕਰ ਦੇਣਗੇ। ਪੂਰੇ ਭਾਰਤ ਵਾਸੀਆਂ ਅਤੇ ਹਾਕੀ ਪ੍ਰੇਮੀਆਂ ਦੀਆਂ ਸ਼ੁਭ ਇਛਾਵਾਂ ਭਾਰਤੀ ਹਾਕੀ ਟੀਮ ਦੇ ਨਾਲ ਹਨ।

ਪਰ ਦੂਜੇ ਪਾਸੇ ਇਹ ਵੀ ਦਿਸ ਰਿਹਾ ਹੈ ਕਿ ਭਾਰਤੀ ਹਾਕੀ ਦੇ ਚੋਣਕਰਤਾਵਾਂ ਨੇ ਪਿਛਲੇ ਇਤਿਹਾਸ ਤੋਂ ਅਤੇ ਪਿਛਲੇ ਤਜਰਬਿਆਂ ਤੋਂ ਕੋਈ ਸਬਕ ਨਹੀਂ ਲਿਆ ਲੱਗਦਾ, ਕਿਉਂਕਿ ਓਲੰਪਿਕ ਖੇਡਾਂ ਅਤੇ ਵਿਸ਼ਵ ਕੱਪ ਹਾਕੀ



ਮੁਕਾਬਲਾ ਸਿਰਫ਼ ਤੇ ਸਿਰਫ਼ ਤਜਰਬੇਕਾਰ ਖਿਡਾਰੀਆਂ ਨਾਲ ਹੀ ਖੇਡਿਆ ਜਾਣਾ ਚਾਹੀਦਾ ਹੈ ਤੇ ਜਦੋਂ ਵੀ ਅਸੀਂ ਕਿਸੇ ਵੀ ਵਕਤ ਓਲੰਪਿਕ ਖੇਡਾਂ ਜਾਂ ਵਿਸ਼ਵ ਕੱਪ ਵਿੱਚ ਨਵੇਂ ਤਜਰਬੇ ਕੀਤੇ ਜਾਂ ਨਵੇਂ ਖਿਡਾਰੀਆਂ ਨੂੰ ਖਿਡਾਉਣ ਦਾ ਦਾਅ ਖੇਡਿਆ ਤਾਂ ਸਾਨੂੰ ਹਾਰ ਦਾ ਹੀ ਖਮਿਆਜ਼ਾ ਭੁਗਤਣਾ ਪਿਆ ਹੈ। ਇਹ ਪਿਛਲੇ 30 ਸਾਲ ਦਾ ਇਤਿਹਾਸ ਦੱਸਦਾ ਹੈ ਬਹੁਤਾ ਦੂਰ ਨਾ ਜਾਈਏ, ਭੁਵਨੇਸ਼ਵਰ ਵਿਸ਼ਵ ਕੱਪ ਵਿੱਚ ਸਰਦਾਰਾ ਸਿੰਘ ਅਤੇ ਰੁਪਿੰਦਰਪਾਲ ਟੀਮ ਵਿਚ ਹੋਣੇ ਚਾਹੀਦੇ ਸੀ। ਅਸੀਂ ਉਸ ਵਕਤ ਹਾਲੈਂਡ ਹੱਥੋਂ ਕੁਆਰਟਰ ਫਾਈਨਲ ਮੁਕਾਬਲਾ 2 ਨਵੇਂ ਖਿਡਾਰੀਆਂ ਦੀਆਂ ਅੰਤਿਮ ਸਮੇਂ ਵਿਚ ਕੀਤੀਆਂ ਗ਼ਲਤੀਆਂ ਦੇ ਕਾਰਨ ਹਾਰੇ ਸੀ ਇਸੇ ਤਰਾਂ ਟੋਕੀਓ ਓਲੰਪਿਕ 2021 ਲਈ ਚੁਣੀ ਟੀਮ ਵਿੱਚ ਤਜ਼ਰਬੇਕਾਰ ਆਕਾਸ਼ਦੀਪ ਸਿੰਘ, ਰਮਨਦੀਪ ਸਿੰਘ, ਐਸ ਵੀ ਸੁਨੀਲ ਚਿੰਗਸਿੰਗਲਾਨਾ ਸਿੰਘ, ਕੋਠਾਜੀਤ ਸਿੰਘ ਆਦਿ ਖਿਡਾਰੀਆਂ ਦਾ ਹੋਣਾ ਬੇਹੱਦ ਜ਼ਰੂਰੀ ਸੀ, ਕਿਉਂਕਿ ਇਹ ਖਿਡਾਰੀ ਲੰਬੇ ਸਮੇਂ ਤੋਂ ਭਾਰਤੀ ਹਾਕੀ ਟੀਮ ਨਾਲ ਜੁੜੇ ਹੋਏ ਹਨ, ਆਪਣੇ ਹੁਨਰ ਅਤੇ ਤਜਰਬੇ ਦੇ ਆਧਾਰ 'ਤੇ ਇਨਾਂ ਨੇ ਸਮੇਂ ਸਮੇਂ ਤੇ ਵਧੀਆ ਨਤੀਜੇ ਵੀ ਦਿੱਤੇ ਹਨ। ਚੋਣਕਰਤਾਵਾਂ ਅਤੇ ਭਾਰਤੀ ਹਾਕੀ ਨੂੰ ਇਨਾਂ ਗਲਤੀਆਂ ਦਾ ਖਮਿਆਜ਼ਾ ਵੱਡੇ ਰੂਪ ਵਿੱਚ ਭੁਗਤਣਾ ਪੈ ਸਕਦਾ ਹੈ। ਪਰ ਰੱਬ ਖ਼ੈਰ ਕਰੇ, ਇਹ ਮਾੜਾ ਵਕਤ ਭਾਰਤੀ ਹਾਕੀ ਟੀਮ ਨੂੰ ਦੇਖਣਾ ਨਾ ਪਵੇ, ਹੁਣ ਇਹ ਸਮਾਂ ਦੱਸੇਗਾ ਕਿ ਓਲੰਪਿਕ ਵਿੱਚ ਤਮਗਾ ਜਿੱਤਣ ਲਈ ਚੁਣੀ ਗਈ ਟੀਮ ਦੇ ਖਿਡਾਰੀ ਕਿੰਨਾ ਕੁ ਜੋਸ਼ ਅਤੇ ਹੋਸ਼ ਨਾਲ ਖੇਡਦੇ ਹਨ ਅਤੇ ਕੋਚ ਗਰਾਹਡ ਰੀਕ ਕਿਸ ਤਰਾਂ ਦੀ ਮੈਚ ਦਰ ਮੈਚ ਰਣਨੀਤੀ ਬਣਾਉਂਦਾ ਹੈ ਅਤੇ ਖਿਡਾਰੀਆਂ ਦੇ ਵਿਚ ਕਿੰਨੀ ਕਿੰਨਾ ਕੁ ਜੁਝਾਰੂਪਨ ਭਰਦਾ ਹੈ ? ਬਿਨਾਂ ਸ਼ੱਕ, ਜੋ ਭਾਰਤੀ ਹਾਕੀ ਟੀਮ ਦੇ ਕੋਚਿੰਗ ਕੈਂਪ ਵਿਚ 33 ਖਿਡਾਰੀ ਸਨ ਉਨਾਂ ਦੇ ਹੁਨਰ ਵਿੱਚ ਉੱਨੀ ਇੱਕੀ ਦਾ ਵੀ ਫ਼ਰਕ ਨਹੀਂ ਹੈ, ਕੋਚ ਅਤੇ ਚੋਣਕਰਤਾਵਾਂ ਨੂੰ ਖਿਡਾਰੀਆਂ ਦੀ ਚੋਣ ਕਰਨ ਵਿੱਚ ਬਹੁਤ ਸਖ਼ਤ ਮੁਸ਼ਕਲ ਪੇਸ਼ ਆਈ ਹੋਵੇਗੀ, ਕਿਉਂਕਿ ਚੋਣ ਮੌਕੇ ਬਰਾਬਰ ਦੇ ਹੁਨਰ ਨਾਲ ਬੇਇਨਸਾਫ਼ੀ ਕਰਨੀ ਮੁਸ਼ਕਲ ਹੋ ਜਾਂਦੀ ਹੈ। ਕੋਚ ਗਰਾਹਡ ਰੀਕ ਨੇ ਪ੍ਰੋ ਹਾਕੀ ਲੀਗ ਵਿੱਚ ਹਾਲੈਂਡ ਆਸਟ੍ਰੇਲੀਆ ਬੈਲਜੀਅਮ ਅਰਜਨਟੀਨਾ ਅਤੇ ਜਰਮਨੀ ਅਤੇ ਬੈਲਜੀਅਮ ਟੂਰ ਦੌਰਾਨ ਆਪਣੀ ਬਣਾਈ ਰਣਨੀਤੀ ਤਹਿਤ ਜਿਸ ਤਰਾਂ ਵਿਰੋਧੀ ਟੀਮਾਂ ਨੂੰ ਪਛਾੜਿਆ ਸੀ ਉਹ ਬਹੁਤ ਹੀ ਕਾਬਲੇ ਤਾਰੀਫ਼ ਸੀ। ਟੋਕੀਓ ਓਲੰਪਿਕ 2021 ਵਿੱਚ ਵੀ ਭਾਰਤੀ ਹਾਕੀ ਟੀਮ ਦੇ ਹਰ ਮੈਚ ਵਿੱਚ ਕੋਚ ਗਰਾਹਡ ਰੀਕ ਦੀ ਠੋਸ ਰਣਨੀਤੀ ਹੋਣੀ ਚਾਹੀਦੀ ਹੈ। ਅਗਰ ਉਸਦਾ ਦਾਅ ਢੁੱਕਵਾਂ ਖੇਡਿਆ ਗਿਆ ਤਾਂ ਯਕੀਨਨ ਭਾਰਤੀ ਹਾਕੀ ਟੀਮ 4 ਦਹਾਕੇ ਬਾਅਦ ਓਲੰਪਿਕ ਖੇਡਾਂ ਵਿੱਚ ਤਮਗਾ ਜਿੱਤਣ ਦਾ ਇਤਿਹਾਸ ਦੁਹਰਾਏਗੀ, ਪ੍ਰਮਾਤਮਾ ਭਲੀ ਕਰੇ।

# ਮਸ਼ਹੂਰ ਹਾਕੀ ਵੈਟਰਨ ਮੁਹੰਮਦ ਸ਼ਾਹਿਦ

**ਪ੍ਰੋਫੈਸਰ ਪਰਮਜੀਤ ਸਿੰਘ**

1980 ਮਾਸਕੋ, 1984 ਲਾਸ ਏਂਜਲਸ, 1988 ਸਿਓਲ ਉਲੰਪਿਕ ਹਾਕੀ ਖੇਡਣ ਵਾਲੇ ਏਸ਼ੀਅਨ ਖੇਡਾਂ, ਵਿਸ਼ਵ ਕੱਪ ਹਾਕੀ, ਏਸ਼ੀਆ ਕੱਪ 'ਚ ਭਾਰਤ ਦੀ ਪ੍ਰਤੀਨਿਧਤਾ ਕਰਨ ਵਾਲੇ ਮੁਹੰਮਦ ਸ਼ਾਹਿਦ, 1960 'ਚ ਵਾਰਾਨਸੀ ਵਿਖੇ ਪੈਦਾ ਹੋਏ। ਇਹ ਉਹੀ ਸਾਲ ਸੀ ਜਦੋਂ ਭਾਰਤ ਪਹਿਲੀ ਵਾਰ ਉਲੰਪਿਕ ਹਾਕੀ ਵਿਚ ਗੋਲਡ ਮੈਡਲ ਤੋਂ ਬਗੈਰ ਮੁੜਿਆ ਸੀ। ਸਕੂਲ ਦੇ ਦਿਨਾਂ 'ਚ ਛੇਤੀ ਉਨਾਂ ਨੇ ਹਾਕੀ ਨੂੰ ਚੁਣ ਲਿਆ। ਲਖਨਊ ਸਪੋਰਟਸ ਹੋਸਟਲ ਨੇ ਉਨਾਂ ਦੇ ਕੈਰੀਅਰ 'ਚ ਇਕ ਅਹਿਮ ਰੋਲ ਅਦਾ ਕੀਤਾ। 1979 ਵਿਚ ਆਗਾ ਖ਼ਾਨ ਕੱਪ ਟੂਰਨਾਮੈਂਟ ਵਿਚ ਸ਼ਾਹਿਦ ਲਖਨਊ ਸਪੋਰਟਸ ਹੋਸਟਲ ਵਲੋਂ ਖੇਡੇ। ਉਨਾਂ ਦਿਨਾਂ ਵਿਚ ਇਸ ਨੌਨਿਹਾਲ ਹਾਕੀ ਖਿਡਾਰੀ ਨੇ ਭਾਰਤੀ ਹਾਕੀ ਵਿਚ ਇਕ ਤਹਿਲਕਾ ਜਿਹਾ ਮਚਾਇਆ ਹੋਇਆ ਸੀ। ਹਾਕੀ ਪੰਡਿਤ, ਹਾਕੀ ਸਮੀਖਿਅਕਾਂ ਨੇ ਉਸ ਨੂੰ ਭਾਰਤੀ ਹਾਕੀ ਦੇ ਸੁਨਹਿਰੇ ਭਵਿੱਖ ਲਈ ਇਕ ਬਹੁਤ ਵੱਡੀ ਆਸ ਮੰਨਿਆ। ਇਥੋਂ ਹੀ ਉਸ ਨੂੰ ਭਾਰਤੀ ਟੀਮ ਲਈ ਪ੍ਰਵਾਨ ਕਰ ਲਿਆ ਗਿਆ। ਕੁਝ ਜੂਨੀਅਰ ਪੱਧਰ ਦੇ ਕੌਮਾਂਤਰੀ ਟੂਰਨਾਮੈਂਟਾਂ 'ਚ ਉਸ ਦੀ ਖੇਡ ਕਲਾ ਹੋਰ ਚਮਕੀ। ਜ਼ਿਕਰਯੋਗ ਹੈ ਕਿ ਉਹ ਅਜੇ 19 ਸਾਲਾਂ ਤੋਂ ਵੀ ਘੱਟ ਉਮਰ ਦੇ ਸੀ ਕਿ ਉਸ ਦੀ ਸੀਨੀਅਰ ਟੀਮ ਵਿਚ ਚੋਣ ਹੋ ਗਈ।

1980 ਵਾਲੇ ਦਹਾਕੇ ਦਾ ਭਾਰਤੀ ਹਾਕੀ ਦੇ ਇਸ ਮਹਾਨ 'ਇਨਸਾਈਡ ਲੈਫਟ ਫਾਰਵਰਡ' ਖਿਡਾਰੀ ਵਿਚ ਇਕ ਉੱਤਮ ਖਿਡਾਰੀ ਦੇ ਬਹੁਤ ਸਾਰੇ ਗੁਣ ਮੌਜੂਦ ਸਨ। ਇਹ ਮੁਹੰਮਦ ਸ਼ਾਹਿਦ ਵਰਗੇ ਖਿਡਾਰੀਆਂ ਦੀ ਬਦੌਲਤ ਹੀ ਹੈ ਕਿ ਹਾਕੀ ਇਕ ਲੋਕਪ੍ਰਿਯ ਖੇਡ ਬਣੀ ਰਹੀ। ਮੰਨਿਆ ਜਾਂਦਾ ਕਿ ਜਦੋਂ ਵੀ ਉਹ ਵਿਰੋਧੀ ਟੀਮ ਦੇ ਡਿਫੈਂਡਰਾਂ ਦਾ ਸਾਹ ਸੁੱਕ ਜਾਂਦਾ ਸੀ ਕਿਉਂਕਿ ਉਨਾਂ ਲਈ ਉਸ ਨੂੰ ਰੋਕਣਾ ਮੁਸ਼ਕਿਲ ਹੋ ਜਾਂਦਾ ਸੀ। ਉਸ ਦਾ ਹਮਲਾ ਹਮੇਸ਼ਾ ਭਾਰਤੀ ਝੋਲੀ ਵਿਚ ਜਾਂ ਤਾਂ ਗੋਲ




ਪਾ ਦਿੰਦਾ ਜਾਂ ਪੈਨਲਟੀ ਕਾਰਨਰਜ਼ ਜਾਂ ਸਟਰੋਕ। ਟੀਮ ਦੇ ਸੈਂਟਰ ਫਾਰਵਰਡ ਲਈ ਬਹੁਤ ਖ਼ੂਬਸੂਰਤ ਮੂਵ ਬਣਾਉਂਦੇ ਰਹੇ। ਉਨਾਂ ਦੀ ਖੇਡ ਨੇ ਬੇਸ਼ੁਮਾਰ ਲੋਕਾਂ ਨੂੰ ਹਾਕੀ ਵੱਲ ਖਿੱਚਿਆ ਵੀ। ਸੱਚ ਤਾਂ ਇਹ ਹੈ ਕਿ 80 ਦੇ ਦਹਾਕੇ ਵਿਚ ਭਾਰਤੀ ਹਾਕੀ 'ਚ ਵਾਪਰੀ ਸਭ ਤੋਂ ਅਹਿਮ ਚੀਜ਼ ਹੀ ਸ਼ਾਹਿਦ ਸੀ। 1976 ਮਾਂਟਰੀਅਲ ਉਲੰਪਿਕ ਹਾਕੀ ਜਦੋਂ ਪਹਿਲੀ ਵਾਰ ਐਸਟਰੋਟਰਫ਼ ਮੈਦਾਨ ਵਿਚ ਸਫਲਤਾਪੂਰਵਕ ਕਰਵਾਈ ਤਾਂ ਹਾਕੀ ਸਮੀਖਿਅਕਾਂ ਨੇ ਮੰਨਿਆ ਕਿ ਭਾਰਤ ਤੇ ਪਾਕਿਸਤਾਨ ਜਿਸ ਸ਼ਾਨਦਾਰ ਏਸ਼ੀਅਨ ਸ਼ੈਲੀ ਲਈ ਸਾਰੀ ਦੁਨੀਆ ਵਿਚ ਜਾਣੇ ਜਾਂਦੇ ਰਹੇ ਹਨ ਤੇ ਜਿਸ ਸਦਕਾ ਉਹ ਹਾਕੀ ਦੀ ਦੁਨੀਆ ਦੇ ਬਾਦਸ਼ਾਹ ਬਣੇ ਰਹੇ, ਉਸ ਨੂੰ ਜ਼ਰੂਰ ਝਟਕਾ ਲੱਗੇਗਾ। ਪਰ ਮੁਹੰਮਦ ਦੇ ਸੰਦਰਭ ਵਿਚ ਇਹ ਗੱਲ ਠੀਕ ਸਾਬਤ ਨਾ ਹੋਈ। ਉਨਾਂ ਨੇ ਸਿੰਥੈਟਿਕ ਟਰਫ 'ਤੇ ਵੀ ਆਪਣੀ ਕਲਾ ਦੇ ਜਾਦੂ ਨਾਲ, ਆਪਣੀ ਠਾਠਦਾਰ ਸ਼ੈਲੀ ਨੂੰ ਬਰਕਰਾਰ ਰੱਖਿਆ। ਇਹ ਵੀ ਉਸ ਦੀ ਇਸ ਖੇਡ ਖੇਤਰ ਵਿਚ ਇਕ ਮਹਾਨ ਦੇਣ ਹੈ। ਉਨਾਂ ਨੇ ਇਹੀ ਸਾਬਤ ਕਰਨ ਦੀ ਉਦੋਂ ਕੋਸ਼ਿਸ਼ ਕੀਤੀ ਕਿ ਧਿਆਨ ਚੰਦ ਦੇ ਵਾਰਿਸ ਐਸਟਰੋਟਰਫ ਮੈਦਾਨ 'ਤੇ ਵੀ ਕਿਸੇ ਨਾਲੋਂ ਘੱਟ ਨਹੀਂ।

ਦੁਨੀਆ ਦਾ ਕੋਈ ਵੀ ਖਿਡਾਰੀ ਚਾਹੇ ਕਿੰਨਾ ਹੀ ਮਹਾਨ ਕਿਉਂ ਨਾ ਹੋਵੇ, ਉਹ ਆਲੋਚਨਾ ਤੋਂ ਬਚ ਨਹੀਂ ਸਕਦਾ। ਸ਼ਾਇਦ ਇਹ ਟੈਕਸ ਹੈ, ਜਿਹੜਾ ਉਸ ਨੂੰ ਆਪਣੀ ਮਹਾਨਤਾ ਦੇ ਬਦਲੇ ਜ਼ਰੂਰ ਹੀ ਤਾਰਨਾ ਪੈਂਦਾ ਹੈ। ਮੁਹੰਮਦ ਸ਼ਾਹਿਦ ਨੂੰ ਵੀ ਆਪਣੇ ਹਿੱਸੇ ਦੀ ਆਲੋਚਨਾ ਬਰਦਾਸ਼ਤ ਕਰਨੀ ਪਈ। ਉਹ ਇਹ ਸੀ ਕਿ ਉਸ ਦਾ ਡਰਿਬਲਿੰਗ ਸਟਾਈਲ ਸਮਝਿਆ ਜਾਂਦਾ ਸੀ ਕਿ ਸਿੰਥੈਟਿਕ ਟਰਫ ਲਈ ਯੋਗ ਨਹੀਂ, ਜਦੋਂ ਵੀ ਕਦੇ ਦੇਸ਼ ਹਾਰਦਾ, ਉਨਾਂ ਵੱਲ ਹੀ ਉਂਗਲਾਂ ਉਠਦੀਆਂ ਪਰ ਮੁਹੰਮਦ ਸ਼ਾਹਿਦ ਹੁਰਾਂ ਹਮੇਸ਼ਾ ਆਪਣੀ ਸ਼ੈਲੀ ਦੀ ਤਰਫ਼ਦਾਰੀ ਕੀਤੀ, ਇਹ ਕਹਿੰਦਿਆਂ 'ਰੱਬ ਨੇ ਮੈਨੂੰ ਇਸ ਡਰਿਬਲਿੰਗ ਸਟਾਈਲ ਦੀ ਕਲਾ ਨਾਲ ਨਿਵਾਜਿਆ ਹੈ, ਮੈਂ ਕਿਸੇ ਵੀ ਟ੍ਰੇਨਿੰਗ ਅਤੇ ਅਭਿਆਸ ਤੋਂ ਬਗੈਰ ਹੀ ਸਭ ਕੁਝ ਕਰਦਾ ਹਾਂ। ਮੈਂ ਹਾਕੀ ਨੂੰ ਕਿਸੇ ਤਰਾਂ ਹੀ ਖੇਡ ਕੇ ਅਨੰਦਿਤ ਹੁੰਦਾ ਹਾਂ। ਫਿਰ ਵੀ ਇਸ ਜੁਝਾਰੂ ਖਿਡਾਰੀ ਨੇ ਸਿੰਥੈਟਿਕ ਟਰਫ ਦੀ ਲੋੜ ਮੁਤਾਬਿਕ ਕੁਝ ਹੋਰ ਪ੍ਰਭਾਵਸ਼ਾਲੀ ਤੇ ਯੋਗ ਤਕਨੀਕ ਸਿੱਖੀ। ਸ਼ਾਹਿਦ ਦੀ ਖੇਡ ਦੀ ਮਹੱਤਤਾ ਨੂੰ, ਉਸ ਵਲੋਂ ਸਕੋਰ ਕੀਤੇ ਗੋਲਾਂ ਦੇ ਆਧਾਰ 'ਤੇ ਨਹੀਂ ਜਾਣਿਆ ਜਾ ਸਕਦਾ, ਬਲਕਿ ਹਰ ਮੈਚ ਵਿਚ ਉਸ ਵਲੋਂ ਕੀਤੇ ਗਏ ਯਤਨਾਂ ਦੇ ਫਲਸਰੂਪ ਮਿਲੇ ਵੱਧ ਤੋਂ ਵੱਧ ਪੈਲਨਟੀ ਕਾਰਨਰ ਅਤੇ ਸਟਰੋਕਾਂ ਦੀ ਗਿਣਤੀ ਵਿਚ ਲੱਭਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਸ਼ਾਹਿਦ ਦਾ ਆਪਣੇ ਖੇਡ ਕੈਰੀਅਰ ਦੌਰਾਨ ਮਹਿੰਦਰਪਾਲ ਸਿੰਘ ਨਾਲ ਕਾਫੀ ਵਧੀਆ ਤਾਲ-ਮੇਲ ਸੀ।

# ਕੈਨੇਡਾ ਦਾ ਪੰਜਾਬੀ ਭਲਵਾਨ-ਅਮਰ ਢੇਸੀ

**ਇਕਬਾਲ ਸਿੰਘ**




2021 ਦੀ 23 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਟੋਕੀਓ-ਉਲੰਪਿਕ ਲਈ ਕੈਨੇਡਾ ਦਾ ਪੱਚੀ-ਸਾਲਾ ਪੰਜਾਬੀ ਪਹਿਲਵਾਨ ਅਮਰ ਢੇਸੀ ਹਿੱਸਾ ਲੈਣ ਜਾ ਰਿਹੈ। ਕੈਨੇਡਾ ਦਾ ਜੰਮਪਲ ਹੋਣ ਕਰਕੇ ਪ੍ਰਤੀਨਿਧਤਾ ਉਹ ਕੈਨੇਡਾ ਵਲੋਂ ਕਰੇਗਾ ਪਰ ਉਹਦੀ ਸਾਰੀ ਦੀ ਸਾਰੀ ਤਿਆਰੀ ਅਮਰੀਕਾ ਮੁਲਕ ਕਰਵਾ ਰਿਹੈ। ਉਹਦੀ ਕੋਚਿੰਗ, ਖ਼ੁਰਾਕ, ਰਿਹਾਇਸ਼, ਮਾਇਆ ਦੇ ਗੱਫ਼ੇ ਤੇ ਹਰ ਤਰਾਂ ਦੀਆਂ ਸਹੂਲਤਾਂ ਅਮਰੀਕਾ ਨੇ ਪ੍ਰਦਾਨ ਕੀਤੀਆਂ ਹੋਈਆਂ ਨੇ। ਅਮਰ ਢੇਸੀ ਪਹਿਲਵਾਨੀ ਵਿਚ ਦੁਆਬੇ ਦੇ ਮਸ਼ਹੂਰ ਪਿੰਡ ਸੰਘਵਾਲ ਦੇ ਪ੍ਰਸਿੱਧ ਪਹਿਲਵਾਨ ਅਤੇ ਵੈਨਕੂਵਰ 'ਖਾਲਸਾ ਰੈਸਲਿੰਗ ਕਲੱਬ' ਦੇ ਸੰਚਾਲਕ ਬਲਵੀਰ ਸਿੰਘ ਸ਼ੀਰੀ ਦਾ ਬੇਟਾ ਹੈ। ਤਿੰਨ ਸਾਲ ਦੀ ਉਮਰੇ ਅਮਰ ਢੇਸੀ ਪਿਤਾ ਸ਼ੀਰੀ ਨਾਲ 'ਖਾਲਸਾ ਰੈਸਲਿੰਗ ਕਲੱਬ' ਨਾਲ ਜੁੜ ਗਿਆ ਸੀ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੁਕਾਬਲੇ ਲੜਦੇ ਨੇ ਉਹਨੇ ਕੈਨੇਡਾ ਦੇ ਵੱਖ ਵੱਖ ਮੁਕਾਬਲਿਆਂ ਵਿਚ ਸੱਤ ਗੁਰਜਾਂ ਜਿੱਤੀਆਂ। ਜਿਵੇਂ-ਬਾਲ-ਕੇਸਰੀ, ਕੈਨੇਡਾ-ਕੁਮਾਰ, ਕੈਨੇਡਾ-ਕੇਸਰੀ (ਤਿੰਨ ਗੁਰਜ਼ਾਂ), ਰੁਸਤਮ ਕੈਨੇਡਾ ਅਤੇ ਕੈਨੇਡਾ ਮੱਲ-ਸਮਰਾਟ।

ਅਮਰ ਢੇਸੀ ਪੜਾਈ ਕਰਨ ਅਮਰੀਕਾ ਆਇਆ ਸੀ ਤੇ ਅਮਰੀਕਾ ਦੀ ਔਰਗਿਨ ਸਟੇਟ ਯੂਨੀਵਰਸਿਟੀ ਵਿੱਚ ਪੜਾਈ ਦੇ ਨਾਲ ਨਾਲ ਕੁਸ਼ਤੀਆਂ ਲੜੀਆਂ। ਉਹਨੇ ਦੋ ਸੌ ਤੋਂ ਵੱਧ ਪਹਿਲਵਾਨਾਂ ਨਾਲ ਕੁਸ਼ਤੀਆਂ ਕੀਤੀਆਂ। ਉਹਦੀ ਪੜਾਈ, ਲਿਆਕਤ ਤੇ ਕੁਸ਼ਤੀ ਦੇ ਦਾਉ-ਪੇਚ, ਰੰਗ-ਢੰਗ ਤੇ ਚੁਸਤੀ-ਫ਼ੁਰਤੀ ਵੇਖਦੇ ਕੋਚਾਂ ਦੇ ਨਜ਼ਰੀਂ ਚੜ ਗਿਆ। ਇਸ ਵੇਲੇ ਉਹ ਅਮਰੀਕਾ ਦੀ ਉਹਾਇਉ ਸਟੇਟ ਦੇ 'ਖੇਤਰੀ ਸਿਖਲਾਈ ਕੇਂਦਰ' ਵਿਖੇ ਇਕ ਸਾਲ ਤੋਂ ਉਪਰ ਕੋਚਾਂ ਕੋਲੋਂ ਸਿਖਲਾਈ ਲੈ ਰਿਹੈ। ਨਿਊਯਾਰਕ ਵਿਖੇ 'ਨਿਊਯਾਰਕ ਐਥਲੈਟਿਕਸ ਕਲੱਬ' ਵਲੋਂ ਕਰਵਾਏ ਗਏ ਮੁਕਾਬਲਿਆਂ ਵਿਚ ਚਾਰ ਕੁਸ਼ਤੀਆਂ ਜਿੱਤਿਆ ਤੇ ਇਕ ਹਾਰਿਆ ਤੇ ਕਾਂਸਾ ਮੈਡਲ ਪ੍ਰਾਪਤ ਕੀਤਾ। ਇਸੇ ਤਰਾਂ ਹੀ ਰੋਮ ਇਟਲੀ ਦੇ ਸੈਮੀਫ਼ਾਈਨਲ ਮੁਕਾਬਲਿਆਂ ਵਿਚ ਰਸ਼ੀਆ ਦੇ ਦੋ ਪਹਿਲਵਾਨਾਂ ਨੂੰ ਹਰਾਇਆ ਤੇ ਆਖਰੀ ਕੁਸ਼ਤੀ ਵਿੱਚ ਤਿੰਨ ਵਾਰ ਦੇ ਵਰਲਡ-ਚੈਪੀਂਅਨ ਨੂੰ ਹਰਾ ਕੇ ਗੋਲਡ-ਮੈਡਲ ਜਿੱਤਿਆ।

ਔਟਵਾ ਮੁਕਾਬਲਿਆਂ ਵਿਚ ਅਮਰੀਕਾ ਵਲੋਂ ਟੋਕੀਓ-ਉਲੰਪਿਕ ਲਈ ਸਖਤ ਮੁਕਾਬਲਾ ਸੀ। ਪੈਨ-ਅਮਰੀਕਨ ਵਲੋਂ ਕਰਵਾਈਆਂ ਇਨਾਂ ਗੇਮਾਂ ਵਿਚ ਤਿੰਨਾਂ ਪਹਿਲਵਾਨਾਂ ਨੂੰ ਦਸ-ਜ਼ੀਰੋ ਦੇ ਫ਼ਰਕ ਨਾਲ ਹਰਾ ਕੇ ਟਾਪ ਦੇ ਆਖਰੀ ਦੋ ਪਹਿਲਵਾਨਾਂ ਦੇ ਸਖਤ ਮੁਕਾਬਲੇ ਵਿੱਚੋਂ ਜੇਤੂ ਰਿਹਾ ਤੇ ਓਪਨ-ਵੇਟ ਦੀ ਸੀਨੀਅਰ ਕੁਸ਼ਤੀ ਲਈ ਉਲੰਪਿਕ ਵਾਸਤੇ ਚੁਣਿਆ ਗਿਆ।ਅਮਰੀਕਾ ਨੂੰ ਹੁਣ ਉਸ 'ਤੇ ਬੜੀਆਂ ਆਸਾਂ ਹਨ। ਅਮਰੀਕਾ ਉਸ ਲਈ ਦਿਲ ਦੇ ਸਾਰੇ ਦਰਵਾਜ਼ੇ ਖੋਲ ਕੇ ਨਾਲ ਖੜਾ ਹੈ।

ਬਾਕੀ ਸਫ਼ਾ 30 'ਤੇ

## ਅਦਾਕਾਰ ਚੇਤਨ ਕੁਮਾਰ...

ਇੱਕ ਨੇ ਕਿਹਾ, 'ਮੈਂ ਇਸ ਬਾਰੇ ਗੱਲ ਨਹੀਂ ਕਰਨਾ ਚਾਹੰਦਾ।' ਚੇਤਨ ਕੁਮਾਰ ਮਾਮਲੇ ਉਤੇ ਕੋਈ ਵੀ ਹਸਤੀ ਬੋਲਣ ਨੂੰ ਤਿਆਰ ਨਹੀਂ।

ਦੂਜੇ ਨੇ ਕਿਹਾ, 'ਉਸ ਮੁੰਡੇ ਬਾਰੇ ਬੋਲਣ ਲਈ ਮੇਰੇ ਕੋਲ ਕੁਝ ਨਹੀਂ ਹੈ।'

ਤੀਜੇ ਨੇ ਕਿਹਾ, 'ਇਸ ਤਰਾਂ ਦੇ ਵਿਵਾਦਾਂ ਵਿੱਚ ਪੈ ਕੇ ਉਹ ਆਪਣੀ ਹੋਂਦ ਸਾਬਿਤ ਕਰਨਾ ਚਾਹੁੰਦਾ ਹੈ।'

ਮੰਸੋਰ ਕਹਿੰਦੇ ਹਨ, 'ਸਾਡੇ ਉਦਯੋਗ ਵਿੱਚ ਲੋਕ ਵਿਵਾਦ ਵਿੱਚ ਪੈਣਾ ਪਸੰਦ ਨਹੀਂ ਕਰਦੇ। ਕੋਈ ਵੀ ਐਕਟਰ ਆਦੀਵਾਸੀਆਂ ਨੂੰ ਕੱਢੇ ਜਾਣ 'ਤੇ ਜਾਂ **Me Too** ਮੁਹਿੰਮ ਵਿੱਚ ਉਨਾਂ ਵਾਂਗ ਪੱਖ ਨਹੀਂ ਲਵੇਗਾ। **Me Too** ਮਾਮਲਿਆਂ ਵਿੱਚ ਸ਼ਰੁਤੀ ਹਰੀਹਰਨ ਦਾ ਸਾਥ ਦੇਣ 'ਤੇ ਲੋਕਾਂ ਨੇ ਉਨਾਂ ਨੂੰ ਵਿਲੇਨ ਬਣਾ ਦਿੱਤਾ।'

ਮੰਸੋਰ ਨੂੰ ਕੋਡਗੁ ਵਿੱਚ ਧਰਨੇ ਦੌਰਾਨ ਚੇਤਨ ਦੇ ਸਮਾਜਿਕ ਵਰਕਰ ਹੋਣ ਦਾ ਪਤਾ ਲੱਗਾ ਸੀ। ਉਹ ਕਹਿੰਦੇ ਹਨ ਕਿ ਮੁੱਦਿਆਂ ਨੂੰ ਲੈ ਕੇ ਉਨਾਂ ਦੀਆਂ ਅਸਲ ਹੁੰਦੀਆਂ ਹਨ।

ਸ਼ਰੁਤੀ ਹਰੀਹਰਨ ਕਈ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੀ ਦੱਖਣੀ ਭਾਰਤੀ ਅਦਾਕਾਰਾ ਹੈ। ਉਨਾਂ ਨੇ **Me Too** ਮੁਹਿੰਮ ਦੌਰਾਨ ਫਿਲਮ ਜਗਤ ਦੀ ਪ੍ਰਸਿੱਧ ਹਸਤੀ ਅਰਜੁਨ ਸਰਜਾ ਦੇ ਖ਼ਿਲਾਫ਼ 'ਅਣਉਚਿਤ' ਵਿਹਾਰ ਦਾ ਇਲਜ਼ਾਮ ਲਗਾਇਆ ਸੀ।

ਸ਼ਰੁਤੀ ਹਰੀਹਰਨ ਕਈ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੀ ਦੱਖਣੀ ਭਾਰਤੀ ਅਦਾਕਾਰਾ ਹੈ। ਉਦੋਂ ਚੇਤਨ ਨੇ 'ਫਿਲਮ ਇੰਡਸਟਰੀ ਫਾਰ ਰਾਈਟਸ ਐਂਡ ਇਕਵੈਲਿਟੀ (ਐੱਫਆਈਆਰਈ) ਨਾਲ ਨਾਲ ਇੱਕ ਮੰਚ ਬਣਾਇਆ ਸੀ, ਜੋ ਫਿਲਮਾਂ ਵਿੱਚ ਕੰਮ ਕਰ ਵਾਲੇ ਲੋਕਾਂ ਦੇ ਆਰਥਿਕ ਅਤੇ ਸਰੀਰਕ ਸ਼ੋਸ਼ਣ ਵਰਗੇ ਮਸਲਿਆਂ 'ਤੇ ਕੰਮ ਕਰਦਾ ਹੈ।

ਪਰ ਮੰਸੋਰ ਦੱਸਦੇ ਹਨ, 'ਉਦੋਂ ਤੋਂ ਫਿਲਮ ਜਗਤ ਦੇ ਲੋਕਾਂ ਨੇ ਉਨਾਂ ਨੇ ਗੰਭੀਰਤਾ ਨਾਲ ਦੇਖਣਾ ਬੰਦ ਕਰ ਦਿੱਤਾ।'

ਸ਼ਰੁਤੀ ਹਰੀਹਰਨ ਕਹਿੰਦੀ ਹੈ, 'ਚੇਤਨ ਅਜਿਹੇ ਸ਼ਖ਼ਸ ਹਨ, ਜਿਨਾਂ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਹੈ ਕਿ ਉਹ ਜੋ ਕਰ ਰਹੇ ਹਨ ਉਸ ਨਾਲ ਉਨਾਂ ਨੂੰ ਕਿੰਨਾ ਨਾਮ ਜਾਂ ਪ੍ਰਸਿੱਧੀ ਮਿਲੇਗੀ। ਫਿਲਮ ਉਦਯੋਗ ਵਿੱਚ ਜੋ ਲੋਕ ਅਧਿਕਾਰ ਵਿਹੂਣੇ ਹਨ ਉਹ ਉਨਾਂ ਦੀ ਮਦਦ ਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ। ਉਹ ਸਿਰਫ਼ ਕਹਿੰਦੇ ਨਹੀਂ ਹਨ ਬਲਕਿ ਕਰ ਕੇ ਵੀ ਦਿਖਾਉਂਦੇ ਹਨ।'

**ਚੇਤਨ ਦਾ ਬਚਾਅ**

ਮੰਸੋਰ ਅਤੇ ਸ਼ਰੁਤੀ ਦੋਵਾਂ ਨੇ ਚੇਤਨ ਦੇ ਬ੍ਰਾਹਮਣਵਾਦ ਵਾਲੇ ਬਿਆਨ ਦਾ ਬਚਾਅ ਕੀਤਾ।

ਮੰਸੋਰ ਕਹਿੰਦੇ ਹਨ, 'ਉਨਾਂ ਨੇ ਬ੍ਰਾਹਮਣਵਾਦ ਦੇ ਖ਼ਿਲਾਫ਼ ਕੁਝ ਨਹੀਂ ਕਿਹਾ ਹੈ। ਉਨਾਂ ਨੇ ਬ੍ਰਾਹਮਣਵਾਦੀ ਸੱਭਿਆਚਾਰ ਦੀ ਗੱਲ ਕੀਤੀ ਹੈ, ਜੋ ਫਿਲਮ ਜਗਤ ਵਿੱਚ ਆਪਣੀ ਜੜ ਗੱਡੇ ਹੋਏ ਹੈ। ਉਨਾਂ ਨੇ ਸਿਰਫ਼ ਬ੍ਰਾਹਮਣਵਾਦੀ ਮਾਨਸਿਕਤਾ ਦੀ ਗੱਲ ਕੀਤੀ ਹੈ।'

ਸ਼ਰੁਤੀ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਉਹ ਇੱਕ ਬ੍ਰਾਹਮਣ ਪਰਿਵਾਰ ਤੋਂ ਹਨ ਪਰ ਅਜਿਹੀਆਂ ਕੁਝ ਧਾਰਮਿਕ ਪ੍ਰਥਾਵਾਂ ਸਨ, ਜਿਨਾਂ ਦਾ ਉਨਾਂ ਨੇ ਪਾਲਣ ਨਹੀਂ ਕੀਤਾ।

ਉਹ ਕਹਿੰਦੀ ਹੈ, 'ਮੈਂ ਚੇਤਨ ਨਾਲ ਸਹਿਮਤ ਹਾਂ ਕਿ ਬ੍ਰਾਹਮਣਵਾਦ ਸਮਾਨਤਾ ਨੂੰ ਸਵੀਕਾਰ ਨਹੀਂ ਕਰਦਾ। ਮਾਹਵਾਰੀ ਵਰਗੇ ਮਸਲਿਆਂ 'ਤੇ ਇਹ ਬੇਹੱਦ ਪਿੱਤਰਸੱਤਾਮਕ ਹੈ। ਮੈਨੂੰ ਨਹੀਂ ਲਗਦਾ ਹੈ ਉਨਾਂ ਨੇ ਕਿਸੇ ਨੂੰ ਠੇਸ ਪਹੁੰਚਾਈ ਹੈ।'

## ਬਗਾਵਤ ਭਾਰਤੀ...

ਲਈ ਵਿਦੇਸ਼ੀ ਸ਼ਾਸਕਾਂ ਦੇ ਕਾਨੂੰਨਾਂ ਨੂੰ ਹਥਿਆਰ ਬਣਾ ਰਹੀ ਹੈ।

ਵਿਨੋਦ ਦੂਆ ਮਾਮਲੇ ਵਿਚ ਸੁਪਰੀਮ ਕੋਰਟ ਦਾ ਹਾਲੀਆ ਫੈਸਲਾ ਸਰਕਾਰ ਲਈ ਅੱਖਾਂ ਖੋਲਣ ਵਾਲਾ ਹੋਣਾ ਚਾਹੀਦਾ ਹੈ। ਇਕ ਵਾਰ ਫਿਰ, ਜੇ.ਐਨ.ਯੂ.-ਜਾਮੀਆ ਦੇ ਵਿਦਿਆਰਥੀਆਂ ਦੇ ਬਹੁਚਰਚਿਤ ਮਾਮਲੇ ਵਿਚ ਦਿੱਲੀ ਉੱਚ ਅਦਾਲਤ ਨੇ ਸਪੱਸ਼ਟ ਰੂਪ ਵਿਚ ਕਿਹਾ ਕਿ, 'ਅਸਹਿਮਤੀ ਨੂੰ ਦਬਾਉਣ ਦੀ ਚਿੰਤਾ ਵਿਚ ਅਤੇ ਇਸ ਡਰ ਨਾਲ ਕਿ ਮਾਮਲਾ ਹੱਥ ਤੋਂ ਨਿਕਲ ਨਾ ਜਾਵੇ, ਰਾਜ ਨੇ ਵਿਚ ਦੀ ਰੇਖਾ ਨੂੰ ਧੁੰਦਲਾ ਕਰ ਦਿੱਤਾ ਹੈ। ਵਿਰੋਧ ਅਤੇ ਅੱਤਵਾਦੀ ਸਰਗਰਮੀ ਦੇ ਸੰਵਿਧਾਨਕ ਰੂਪ ਨਾਲ ਗਾਰੰਟੀਸ਼ੁਦਾ ਅਧਿਕਾਰ ਹਨ। ਜੇਕਰ ਸਰਕਾਰ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਨਿਆਇਕ ਗਿਆਨ ਪ੍ਰਤੀ ਕੋਈ ਸਤਿਕਾਰ ਹੈ ਤਾਂ ਇਹ ਠੀਕ ਸਮਾਂ ਹੈ ਕਿ ਉਨਾਂ ਨੂੰ 124 ਏ ਨੂੰ ਖਤਮ ਕਰਨਾ ਚਾਹੀਦਾ ਹੈ।'

124ਏ ਦੀ ਪਰਿਭਾਸ਼ਾ 'ਤੇ ਇਕ ਨਜ਼ਰ ਮਾਰਨ ਨਾਲ ਹੀ ਸਾਨੂੰ ਦੇਸ਼ਧ੍ਰੋਹ ਕਾਨੂੰਨ ਬਣਾਉਣ ਵਾਲਿਆਂ ਦੀ ਅਪਰਾਧਿਕ ਮਨਸ਼ਾ ਨੂੰ ਸਮਝਣ ਵਿਚ ਮਦਦ ਮਿਲੇਗੀ। 124ਏ ਵਿਚ ਲਿਖਿਆ ਹੈ ਕਿ, 'ਜੋ ਕੋਈ ਵੀ ਸ਼ਬਦਾਂ ਨਾਲ, ਜਾਂ ਤਾਂ ਬੋਲੇ ਜਾਂ ਲਿਖੇ, ਜਾਂ ਸੰਕੇਤਾਂ ਜਾਂ ਨਫਰਤ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਜਾਂ ਭਾਰਤ ਵਿਚ ਕਾਨੂੰਨ ਵਲੋਂ ਸਥਾਪਿਤ ਸਰਕਾਰ ਪ੍ਰਤੀ ਅਸੰਤੋਖ ਨੂੰ ਭੜਕਾਉਣ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਜੀਵਨ ਭਰ ਕੈਦਖਾਨੇ ਵਿਚ, ਜਿਸ ਵਿਚ ਜੁਰਮਾਨਾ ਜੋੜਿਆ ਜਾ ਸਕੇਗਾ ਜਾਂ ਕੈਦਖਾਨੇ ਵਿਚ, ਜੋ ਤਿੰਨ ਸਾਲ ਤੱਕ ਵਧਾਇਆ ਜਾ ਸਕੇਗਾ, ਜਿਸ ਵਿਚ ਜੁਰਮਾਨਾ ਵੀ ਜੋੜਿਆ ਜਾ ਸਕੇਗਾ, ਸਜ਼ਾ ਦਿੱਤੀ ਜਾਵੇਗੀ।'

ਇਸ ਕਾਨੂੰਨ ਨੂੰ ਲਾਗੂ ਕਰਕੇ ਬਰਤਾਨਵੀ ਸ਼ਾਸਕਾਂ ਦਾ ਉਦੇਸ਼ ਲੋਕਾਂ ਦੀ ਉਨਾਂ ਪ੍ਰਤੀ ਭੜਕਾਹਟ ਨੂੰ ਰੋਕਣਾ ਸੀ। ਆਜ਼ਾਦ ਭਾਰਤ ਦੀ ਸਰਕਾਰ 71 ਸਾਲ ਬਾਅਦ ਉਸੇ ਕਾਨੂੰਨ ਦੀ ਵਰਤੋਂ ਕਰ ਰਹੀ ਹੈ। ਇਹ ਸ਼ਰਮਨਾਕ ਹੈ। ਲੋਕ ਆਪਣੇ ਦੇਸ਼ ਨਾਲ ਪਿਆਰ ਕਰਨ ਲਈ ਤਿਆਰ ਹਨ ਪਰ ਉਨਾਂ ਤੋਂ ਅਜਿਹੀ ਸਰਕਾਰ ਨਾਲ ਪਿਆਰ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਜੋ ਉਨਾਂ 'ਤੇ ਬੋਝ, ਮੁਸ਼ਕਿਲਾਂ ਅਤੇ ਨਫਰਤ ਲਿਆਉਂਦੀ।

## ਸਿੱਧੂ ਤੇ ਹੋਰਾਂ ਦੇ ਬਾਗੀ...

ਕਿਉਂਕਿ ਜਿਵੇਂ-ਜਿਵੇਂ ਚੋਣਾਂ ਨੇੜੇ ਆਉਣਗੀਆਂ ਪਾਰਟੀ ਦੀਆਂ ਅੰਦਰੂਨੀ ਬਾਗ਼ੀ ਸੁਰਾਂ ਹੋਰ ਤੇਜ਼ ਹੋਣਗੀਆਂ।'

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਕਹਿੰਦੇ ਹਨ ਕਿ ਕੈਪਟਨ ਨੇ ਸੂਬੇ ਵਿੱਚ ਸਰਕਾਰ ਅਫ਼ਸਰਾਂ ਦੇ ਹਵਾਲੇ ਕੀਤੀ ਹੋਈ ਹੈ। ਉਨਾਂ ਕਿਹਾ ਕਿ ਇਸ ਕਰ ਕੇ ਕਾਂਗਰਸੀ ਕੈਪਟਨ ਦੇ ਕੰਮ ਕਰਨ ਦੇ ਤਰੀਕੇ ਤੋਂ ਜ਼ਿਆਦਾ ਪ੍ਰੇਸ਼ਾਨ ਹਨ। ਇਸ ਦੇ ਨਾਲ ਹੀ ਉਹ ਕਹਿੰਦੇ ਹਨ, 'ਅਮਰਿੰਦਰ ਸਿੰਘ ਲਈ ਨਵਜੋਤ ਸਿੰਘ ਸਿੱਧੂ ਚੁਣੌਤੀ ਨਹੀਂ ਹੈ ਕਿਉਂਕਿ ਉਨਾਂ ਦੇ ਨਾਲ ਕੋਈ ਵੀ ਵਿਧਾਇਕ ਨਹੀਂ ਹੈ। ਪੰਜਾਬ ਕਾਂਗਰਸ ਦੀ ਇਸ ਸਮੇਂ ਲੜਾਈ ਮੁੱਦਿਆਂ ਦੀ ਹੈ ਕਿਉਂਕਿ ਕੋਈ ਮਸਲਾ ਹੱਲ ਨਹੀਂ ਹੋਇਆ ਇਸ ਕਰਕੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਡਰ ਹੈ ਕਿ ਉਹ ਕਿਵੇਂ ਲੋਕਾਂ ਤੋਂ ਵੋਟਾਂ ਮੰਗਣਗੇ।'

ਬੇਅਦਬੀ ਦੇ ਮੁੱਦੇ ਉੱਤੇ ਕੁਝ ਨਹੀਂ ਹੋਇਆ ਇਸ ਕਰ ਕੇ ਵਿਧਾਇਕ ਡਰ ਹੈ ਕਿ ਕਾਂਗਰਸ ਸੂਬੇ ਵਿੱਚ ਹਾਰ ਸਕਦੀ ਹੈ। ਇਸ ਕਰਕੇ ਦਿੱਲੀ ਹਾਈ ਕਮਾਨ ਅੱਗੇ ਸਾਰੇ ਹੀ ਵਿਧਾਇਕਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੋ ਚਾਹੇ ਉਹ ਕੈਪਟਨ ਕਰੇ ਜਾਂ ਫਿਰ ਕੋਈ ਹੋਰ।

**ਸਿੱਧੂ ਨੂੰ ਉਪ ਮੁੱਖ ਮੰਤਰੀ ਬਣਾਉਣ ਲਈ ਰਾਜ਼ੀ ਨਹੀਂ ਕੈਪਟਨ**

ਨਵੀਂ ਦਿੱਲੀ/ਏ.ਟੀ.ਨਿਊਜ਼ : ਪੰਜਾਬ ਕਾਂਗਰਸ ਵਿਚਲੇ ਸੰਕਟ ਕਾਰਨ ਪਾਰਟੀ ਹਾਈ ਕਮਾਂਡ ਵੱਲੋਂ ਕਾਇਮ ਕੀਤੇ ਖੜਗੇ ਪੈਨਲ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਉਹ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਡਿਪਟੀ ਸੀਐੱਮ ਬਣਾਉਣ ਲਈ ਤਿਆਰ ਨਹੀਂ ਹਨ ਪਰ ਸਿੱਧੂ ਨੂੰ ਮੰਤਰੀ ਬਣਾਉਣ 'ਤੇ ਕੋਈ ਇਤਰਾਜ਼ ਨਹੀਂ ਹੈ।

## ਵਿਦੇਸ਼ਾਂ ਵੱਲ ਕਿਉਂ ਭੱਜ...

ਟਿਊਬਵੈੱਲ ਜਿਹਾ ਹੋ ਗਿਆ ਹੈ, ਜੋ ਦੇਸ਼ ਦੀ ਪੂੰਜੀ ਨੂੰ ਪੰਪ ਕਰ ਕੇ ਵਿਦੇਸ਼ ਪਹੁੰਚਾ ਰਿਹਾ ਹੈ। ਇਸ ਕਾਰਨ ਸਾਡੀ ਆਪਣੀ ਵਿਕਾਸ ਦਰ ਲਗਾਤਾਰ ਡਿੱਗਦੀ ਜਾ ਰਹੀ ਹੈ। ਇਸ ਸੂਰਤ 'ਚ ਸੁਝਾਅ ਹੈ ਕਿ ਸੁਰੱਖਿਆ ਢਾਂਚੇ 'ਚ ਸੁਧਾਰ ਲਈ ਸਰਕਾਰ ਨੂੰ ਪੁਲਿਸ ਅਧਿਕਾਰੀਆਂ ਦਾ ਆਜ਼ਾਦਾਨਾ ਬਾਹਰੀ ਮੁਲਾਂਕਣ ਕਰਵਾਉਣਾ ਚਾਹੀਦਾ ਹੈ। ਪੰਜਵੇਂ ਤਨਖ਼ਾਹ ਕਮਿਸ਼ਨ ਨੇ ਸੁਝਾਅ ਦਿੱਤਾ ਸੀ ਕਿ ਸਰਕਾਰ ਦੇ ਸਾਰੇ ਕਲਾਸ-ਏ ਅਧਿਕਾਰੀਆਂ ਦਾ ਬਾਹਰੀ ਮੁਲਾਂਕਣ ਕਰਵਾਇਆ ਜਾਵੇ ਪਰ ਨੌਕਰਸ਼ਾਹੀ ਦੇ ਦਬਾਅ 'ਚ ਸਰਕਾਰ ਨੇ ਇਸ ਸੁਝਾਅ ਨੂੰ ਠੰਢੇ ਬਸਤੇ 'ਚ ਪਾ ਦਿੱਤਾ। ਇਸ ਸੁਝਾਅ ਨੂੰ ਲਾਗੂ ਕਰਨਾ ਚਾਹੀਦਾ ਹੈ, ਜਿਸ ਨਾਲ ਸਰਕਾਰ ਨੂੰ ਪਤਾ ਲੱਗੇ ਕਿ ਕਿਹੜਾ ਅਧਿਕਾਰੀ ਭ੍ਰਿਸ਼ਟ ਹੈ। ਇਸ ਨਾਲ ਹੀ ਸੁਰੱਖਿਆ ਦੇ ਹਾਲਾਤ ਸੁਧਰ ਸਕਦੇ ਹਨ। ਸਮਾਜਿਕ ਮਾਹੌਲ ਸੁਧਾਰਨ ਲਈ ਹਰ ਸੂਬੇ 'ਚ ਆਈਆਈਟੀ ਤੇ ਆਈਆਈਐੱਮ ਦੀ ਤਰਾਂ ਇੰਡੀਅਨ ਇੰਸਟੀਚਿਊਟ ਆਫ ਰਿਲੀਜ਼ਨਜ਼ ਯਾਨੀ ਆਈਆਈਆਰ ਬਣਾਉਣੇ ਚਾਹੀਦੇ ਹਨ, ਜਿਸ 'ਚ ਤਮਾਮ ਧਰਮਾਂ ਦਰਮਿਆਨ ਚਰਚਾ ਹੋਵੇ ਤਾਂ ਕਿ ਸਾਰੇ ਧਰਮਾਂ ਦਰਮਿਆਨ ਇਕ ਸਾਂਝਾ ਰਸਤਾ ਲੱਭਿਆ ਜਾ ਸਕੇ ਤੇ ਸਦਭਾਵਨਾ ਸਥਾਪਿਤ ਹੋ ਸਕੇ। ਤੀਜਾ ਬਿੰਦੂ ਮੀਡੀਆ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਆਪਣੀ ਪ੍ਰੰਪਰਾ 'ਚ ਕਿਹਾ ਗਿਆ ਹੈ ਕਿ 'ਨਿੰਦਕ ਨੀਅਰੇ ਰਾਖੀਏ, ਆਂਗਨ ਕੁਟੀ ਛਵਾਏ, ਬਿਨ ਪਾਨੀ ਸਾਬੁਨ ਬਿਨਾਂ, ਨਿਰਮਲ ਕਰੇ ਸੁਭਾਏ।' ਸਾਨੂੰ ਇਸ ਵਿਚਾਰਧਾਰਾ ਨੂੰ ਵਧਾਉਣਾ ਚਾਹੀਦਾ ਹੈ। ਆਲੋਚਨਾ ਨਾਲ ਸਰਕਾਰੀ ਕੰਮ ਦੀ ਦਿਸ਼ਾ 'ਚ ਸੁਧਾਰ ਹੋਵੇਗਾ। ਚੌਥਾ ਬਿੰਦੂ ਆਰਥਿਕ ਵਿਕਾਸ ਦਾ ਹੈ। ਇਸ 'ਚ ਫ਼ਿਲਹਾਲ ਦੋ ਆਪਸੀ ਵਿਰੋਧੀ ਚਾਲਾਂ ਦਿਸ ਰਹੀਆਂ ਹਨ। ਸਾਡੀ ਜੀਡੀਪੀ ਵਿਕਾਸ ਦਰ ਲਗਾਤਾਰ ਘਟ ਰਹੀ ਹੈ ਜਦਕਿ ਸ਼ੇਅਰ ਬਾਜ਼ਾਰ ਉੱਚਾ ਉੱਠ ਰਿਹਾ ਹੈ। ਇਸ ਆਪਸੀ ਵਿਰੋਧੀ ਚਾਲ ਦਾ ਕਾਰਨ ਇਹ ਹੈ ਕਿ ਸਾਡੀਆਂ ਆਰਥਿਕ ਨੀਤੀਆਂ ਵੱਡੇ ਅਤੇ ਸੰਗਠਿਤ ਖੇਤਰ ਦੀਆਂ ਸਨਅਤਾਂ ਨੂੰ ਬੜਾਵਾ ਦੇ ਰਹੀਆਂ ਹਨ। ਇਹ ਛੋਟੀਆਂ ਤੇ ਅਸੰਗਠਿਤ ਸਨਅਤਾਂ ਤੇ ਕੰਮਾਂ ਦੇ ਅਨੁਕੂਲ ਨਹੀਂ ਹੈ। ਇਨਾਂ ਨੀਤੀਆਂ ਨੂੰ ਬਦਲਣਾ ਚਾਹੀਦਾ ਹੈ। ਇਕ ਹੋਰ ਕੰਮ ਸਰਕਾਰ ਵੱਲੋਂ ਕੀਤਾ ਜਾ ਸਕਦਾ ਹੈ। ਅਮਰੀਕਾ 'ਚ ਵਿਵਸਥਾ ਹੈ ਕਿ ਜੇ ਕੋਈ ਵਿਅਕਤੀ ਉਸ ਦੀ ਨਾਗਰਿਕਤਾ ਛੱਡਦਾ ਹੈ ਤਾਂ ਉਸ ਨੂੰ ਭਾਰੀ ਟੈਕਸ ਦੇਣਾ ਪੈਂਦਾ ਹੈ, ਜਿਸ ਨੂੰ ਐਗਜ਼ਿਟ ਟੈਕਸ ਕਿਹਾ ਜਾਂਦਾ ਹੈ। ਇਸ ਪਿੱਛੇ ਵਿਚਾਰ ਇਹ ਹੈ ਕਿ ਉਸ ਨਾਗਰਿਕ ਨੇ ਪਹਿਲਾਂ ਆਪਣੇ ਦੇਸ਼ ਦੇ ਅਰਥਚਾਰੇ ਤੋਂ ਕੁਝ ਲਾਭ ਲਏ ਹਨ, ਜੋ ਵਾਪਸ ਕੀਤੇ ਜਾਣੇ ਚਾਹੀਦੇ ਹਨ। ਆਪਣੇ ਦੇਸ਼ ਤੋਂ ਭਾਰੀ ਗਿਣਤੀ 'ਚ ਵਿਦਿਆਰਥੀਆਂ ਤੇ ਅਮੀਰਾਂ ਦਾ ਪਲਾਇਨ ਹੋ ਰਿਹਾ ਹੈ ਤੇ ਉਹ ਦੂਜੇ ਦੇਸ਼ਾਂ ਦੀ ਨਾਗਰਿਕਤਾ ਹਾਸਲ ਕਰਦੇ ਹਨ। ਉਨਾਂ 'ਤੇ ਭਾਰੀ ਐਗਜ਼ਿਟ ਟੈਕਸ ਲਾ ਦੇਣਾ ਚਾਹੀਦਾ ਹੈ, ਜਿਸ ਨਾਲ ਉਨਾਂ ਨੇ ਭਾਰਤੀ ਅਰਥਚਾਰੇ ਤੋਂ ਜੋ ਲਾਭ ਲਏ ਹਨ, ਉਨਾਂ ਦੀ ਭਰਪਾਈ ਭਾਰਤ ਨੂੰ ਕਰਨ। ਇਨਾਂ ਨੀਤੀਆਂ ਨੂੰ ਲਾਗੂ ਕਰਨ ਨਾਲ ਅਸੀਂ ਆਪਣੇ ਅਮੀਰਾਂ ਨੂੰ ਪਲਾਇਨ ਕਰਨ ਤੋਂ ਰੋਕ ਸਕਾਂਗੇ। ਇਸ ਦੇ ਨਾਲ ਹੀ ਦੂਜੇ ਦੇਸ਼ਾਂ ਤੋਂ ਵੀ ਅਮੀਰਾਂ ਨੂੰ ਆਕਰਸ਼ਿਤ ਕਰਨ 'ਚ ਕਾਮਯਾਬ ਹੋਵਾਂਗੇ।

## ਖੇਤੀ ਆਧਾਰਤ ਸਨਅਤਾਂ ...

ਦੂਜੇ ਪਾਸੇ ਉਦਮੀਆਂ ਦੀ ਵੱਡੀ ਸ਼ਿਕਾਇਤ ਕੱਚੇ ਮਾਲ ਦਾ ਲਗਾਤਾਰ ਅਤੇ ਯੋਗ ਪੂਰਤੀ ਵਿਚ ਨਾ ਮਿਲਣਾ ਹੈ। ਖੰਡ ਮਿੱਲਾਂ ਲਈ ਗੰਨੇ ਦੀ ਮਾਤਰਾ ਵੀ ਅਨਿਸਚਿਤ ਹੈ ਜਿਸ ਦਾ ਕਈ ਕਾਰਨ ਹਨ ਜਿਨਾਂ ਵਿਚ ਇਕ ਇਹ ਵੀ ਹੈ ਕਿ ਕਿਸਾਨਾਂ ਨੂੰ ਗੰਨਾ ਵੇਚਣ ਤੋਂ ਬਾਅਦ ਵੀ ਭੁਗਤਾਨ ਨਾ ਹੋਣਾ। ਇਸ ਤਰਾਂ ਦੀ ਅਨਿਸਚਿਤਤਾ ਹੀ ਹੋਰ ਫ਼ਸਲਾਂ ਜਿਨਾਂ ਵਿਚ ਸਬਜ਼ੀਆਂ, ਫਲ, ਦਾਲਾਂ, ਤੇਲ ਬੀਜਾਂ ਆਦਿ ਵਿਚ ਹੈ। ਪਹਿਲਾਂ ਹੀ ਕੇਰਲਾ ਤੋਂ ਬਾਅਦ ਪੰਜਾਬ ਦੇ ਸਭ ਤੋਂ ਵੱਧ ਲੋਕ ਵਿਦੇਸ਼ਾਂ ਵਿਚ ਗਏ ਹੋਏ ਹਨ। ਆਰਥਿਕ ਵਿਭਿੰਨਤਾ ਨੂੰ ਖੇਤੀ ਵਿਭਿੰਨਤਾ ਤੋਂ ਸ਼ੁਰੂ ਕਰਕੇ ਉਦਯੋਗਿਕ ਵਿਭਿੰਨਤਾ ਅਤੇ ਉਸ ਨਾਲ ਜੁੜੇ ਪੇਸ਼ਿਆਂ ਦੀ ਵਿਭਿੰਨਤਾ, ਜਿਸ ਦਾ ਉਦੇਸ਼ ਪੂਰਨ ਰੁਜ਼ਗਾਰ ਹੋਵੇ, ਤੋਂ ਬਗੈਰ ਪੰਜਾਬ ਦੀ ਖ਼ੁਸ਼ਹਾਲ ਆਰਥਿਕਤਾ ਨਹੀਂ ਬਣ ਸਕਦੀ, ਨਾ ਹੀ ਬਗੈਰ ਪੰਜਾਬ ਦੀ ਖ਼ੁਸ਼ਹਾਲ ਆਰਥਿਕਤਾ ਨਹੀਂ ਬਣ ਸਕਦੀ, ਨਾ ਹੀ ਵਿਅਕਤੀਗਤ ਅਤੇ ਸਰਕਾਰੀ ਕਰਜ਼ੇ ਦਾ ਹੱਲ ਸੰਭਵ ਹੈ।

## ਮਾਤਾ ਕੌਲਾਂ ਜੀ

ਸੰਗਤ ਦੇ ਦਰਸ਼ਨ ਕਰਕੇ ਤੇਰੇ ਸੁਆਸ ਪੂਰੇ ਹੋਣਗੇ । ਇਸ਼ਨਾਨ ਕਰ ਆਣ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਬੇਨਤੀ ਕੀਤੀ, 'ਮਹਾਰਾਜਾ ਆਪਣੇ ਚਰਨਾਂ ਦੀ ਦਾਸੀ ਨੂੰ ਨਾਮ ਦਾਨ ਦੀ ਕਰੋ ਬਖਸ਼ਿਸ਼ ਕਰੋ ਭਉਜਲ ਦੇ ਸਮੁੰਦਰ ਤੋਂ ਪਾਰ। ਅੱਖਾਂ 'ਚੋਂ ਨੀਰ ਬਹਿ ਰਿਹਾ ਹੈ । ਗੁਰੂ ਜੀ ਨੇ ਬਚਨ ਕੀਤਾ, 'ਬੀਬੀ ਕੌਲਾਂ ਤੇਰਾ ਰਹਿੰਦੀ ਦੁਨੀਆਂ ਤਕ ਨਾਮ ਰਹੇਗਾ । ਤੇਰੀ ਢਾਬ ਜਿਥੇ ਤੂੰ ਰਹਿੰਦੀ ਹੈ ਤੇਰੇ ਨਾਮ ਦਾ ਸਰੋਵਰ ਕੌਲਸਰ ਬਣੇਗਾ । ਤੇਰਾ ਨਾਮ ਸਦਾ ਲਈ ਰਹੇਗਾ ।' 'ਸੋ ਕੌਲਸਰ ਜਿਸ ਦੇ ਕੰਢੇ ਤੇ ਬਾਬਾ ਅਟਲ ਰਾਇ ਜੀ ਦਾ ਨੌ ਛੱਤਾ ਬੁਰਜ਼ ਹੈ ਸੰਗਤ ਇਸ਼ਨਾਨ ਕਰਕੇ ਬੀਬੀ ਕੌਲਾਂ ਦਾ ਨਾਮ ਲੈਂਦੀਆਂ ਹਨ। ਬੀਬੀ ਨੇ ਸਾਰਾ ਦਿਨ ਸੰਗਤ ਕੀਤੀ ਫਿਰ ਰਾਤ ਆਪਣੇ ਟਿਕਣ ਵਾਲੇ ਅਸਥਾਨ ਚਲੀ ਗਈ । ਅਗਲੇ ਦਿਨ ਗੁਰੂ ਜੀ ਖੁਦ ਸਿੱਖਾਂ ਨੂੰ ਨਾਲ ਲੈ ਕੇ ਕੌਲਾਂ ਨੂੰ ਮਿਲਣ ਗਏ। ਉਠ ਕੇ ਗੁਰੂ ਜੀ ਦੇ ਚਰਨਾਂ ਨੂੰ ਲਪਟ ਹੰਝੂਆਂ ਨਾਲ ਚਰਨ ਗਿਲੇ ਕਰ ਦਿੱਤੇ। ਹੁਣ ਗੁਰੂ ਜੀ ਨੇ ਬਚਨ ਕੀਤਾ, 'ਬੀਬੀ ਹੁਣ ਤੇਰਾ ਅੰਤਿਮ ਵੇਲਾ ਆ ਗਿਆ ਹੈ ਹੁਣ ਵਾਹਿਗੁਰੂ ਨਾਲ ਬਿਰਤੀ ਜੋੜ । ਬੀਬੀ ਦੀ ਸਮਾਧੀ ਲਗ ਗਈ, ਕੁਝ ਚਿਰ ਬਾਅਦ ਸੱਚਖੰਡ ਜਾ ਵਸੀ । ਕਿੰਨੇ ਚੰਗੇ ਕਰਮ ਕੀਤੇ ਹੋਣਗੇ ਇਸ ਨੇ, ਜਿਸ ਨੂੰ ਗੁਰੂ ਜੀ ਹੋਰਾਂ ਆਪਣੇ ਬਾਗ ਵਿਚ ਬੜੇ ਆਦਰ ਤੇ ਸਤਿਕਾਰ ਨਾਲ ਦਬਾ ਦਿੱਤਾ । ਇਥੇ ਅੱਜ ਵੀ ਬੀਬੀ ਕੌਲਾਂ ਦੀ ਕਬਰ ਵੇਖੀ ਜਾ ਸਕਦੀ ਹੈ । ਦਫਨਾਉਣ ਉਪਰੰਤ ਸਾਰੀ ਸੰਗਤ ਤੇ ਗੁਰੂ ਜੀ ਨੇ ਥੰਮ ਸਾਹਿਬ ਜਾ ਕੜਾਹ ਪ੍ਰਸ਼ਾਦਿ ਕਰਾ ਰਾਮਕਲੀ ਦੀ ਸਦ ਪੜ ਉਸ ਦੀ ਰੂਹ ਲਈ ਅਰਦਾਸ ਕਰਕੇ ਪ੍ਰਸ਼ਾਦਿ ਵੰਡਿਆ ਗਿਆ । ਇਸ ਦਾ ਦਿਹਾਂਤ 1629 ਵਿਚ ਹੋਇਆ ਲਿਖਿਆ ਹੈ ।

## ਕੈਨੇਡਾ ਦਾ ਪੰਜਾਬੀ...

ਤਿੰਨ ਵਾਰ ਦਾ ਗੋਲਡ-ਮੈਡਲਿਸਟ ਬਲਗਾਰੀਅਨ ਕੋਚ ਉਹਦੀ ਪੂਰੀ ਤਿਆਰੀ ਕਰਵਾ ਰਿਹੈ। ਦਿਨ ਵਿਚ ਦੋ ਜਾਂ ਤਿੰਨ ਵਾਰ ਉਹਦੀ ਮਿਹਨਤ ਹੁੰਦੀ ਹੈ। ਐਤਵਾਰ ਸਿਰਫ਼ ਆਰਾਮ, ਮੁਸਾਜ਼ ਜਾਂ ਥਰੈਪੀ ਵਾਸਤੇ ਹੈ।

ਦੁਆ ਕਰਦੇ ਹਾਂ ਕਿ ਅਮਰ ਢੇਸੀ ਹਰ ਮੈਦਾਨ ਫ਼ਤਹਿ ਕਰੇ ਤੇ ਅਮਰੀਕਾ ਵਲੋਂ ਤਿਆਰ ਕੀਤਾ ਜਾ ਰਿਹਾ ਪਹਿਲਵਾਨ ਕੈਨੇਡਾ ਲਈ ਮੱਲਾਂ ਮਾਰ ਕੇ ਆਵੇ। ਅਮਰੀਕਾ ਅਤੇ ਕੈਨੇਡਾ ਮੁਲਕਾਂ ਦੀਆਂ ਸਰਕਾਰਾਂ ਦਾ ਨਾਂ ਰੌਸ਼ਨ ਕਰੇ ਅਤੇ ਦੁਨੀਆਂ ਵਿਚ ਵਸਦੇ ਕਰੋੜਾਂ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਕਰੇ।

## ਸੁਕਰਾਤ ਦਾ ਪ੍ਰੇਮ ਬਿਰਤਾਂਤ

ਉਹ ਬੋਲਿਆ, 'ਪਿਆਰੀ ਜਾਨਥਿਪ! ਬੜਾ ਪੁੰਨ ਦਾ ਕੰਮ ਕੀਤੈ ਤੂੰ। ਰੱਬ ਤੇਰਾ ਭਲਾ ਕਰੇ .... ਸਾਰੀ ਰਾਤ, ਮੇਰਾ ਦਿਮਾਗ ਉੱਬਲ-ਉੱਬਲ ਕੇ ਗਰਮ ਹੁੰਦਾ ਰਿਹੈ.... ਠੰਢੇ-ਠਾਰ ਪਾਣੀ ਨੇ, ਇਹਦਾ ਸੇਕ ਘਟਾ ਦਿੱਤੈ ਤੇ ਹੁਣ... ਮੈਨੂੰ ਮਹਿਸੂਸ ਹੋ ਰਿਹੈ... ਜਿਵੇਂ ਇਹ ਕਾਫ਼ੀ ਠੰਢਾ ਹੋ ਗਿਆ ਹੋਵੇ.... ਜੇ ਥੋੜਾ ਜਿਹਾ ਹੋਰ ਪਾਣੀ ਲਿਆ ਕੇ ਮੇਰੇ ਸਿਰ 'ਚ ਪਾਵੇਂ ..ਤਾਂ ਸ਼ਾਇਦ .... ਪੂਰੀ ਤਰਾਂ ਠੰਢ ਵਰਤ ਜਾਵੇ।'

ਕੜਾਕੇ ਦੀ ਠੰਢ ਵਿਚ, ਖੁੱਲੇ ਆਸਮਾਨ ਹੇਠਾਂ ਬੈਠੇ ਸੁਕਰਾਤ ਦਾ, ਪਹਿਲਾਂ ਹੀ ਬੁਰਾ ਹਾਲ ਸੀ ਪਰ ਠੰਢੇ-ਠਾਰ ਪਾਣੀ ਨੇ ਤਾਂ ਉਹਦੀਆਂ ਹੱਡੀਆਂ ਕੜਕਾ ਦਿੱਤੀਆਂ ਸਨ।

ਇਕ ਬਿਜਲੀ ਫਿਰ ਚਮਕੀ... ਤੇ ਭੂਏ ਹੋਈ ਪਤਨੀ ਦਾ ਮਨ, ਆਪਣੇ ਕੰਬਦੇ ਹੋਏ ਪਤੀ ਵੱਲ ਵੇਖ, ਤਰਸ ਨਾਲ ਭਰ ਗਿਆ।

ਉਹਦੇ ਦਿਲ ਨੇ ਗਵਾਹੀ ਭਰੀ, 'ਜੇ ਕੋਈ ਹੋਰ ਮਰਦ ਹੁੰਦਾ ਤਾਂ ਉਹਨੂੰ ਵਾਲਾਂ ਤੋਂ ਫੜ ਕੇ ਘੜੀਸਦਾ... ਠੁੱਡੇ ਮਾਰ-ਮਾਰ, ਉਹਦਾ ਬੁਰਾ ਹਾਲ ਕਰ ਦਿੰਦਾ ਤੇ... ਉਹਦੇ ਹੱਡਾਂ ਦੇ ਜੋੜ ਖੋਲ ਦਿੰਦਾ.... ਪਰ.... ਉਹਦਾ ਪਤੀ ....ਉਹਦਾ ਸਭ ਕੁਝ... ਉਹਦੀ ਦੁਨੀਆ... ਭੋਰਾ-ਭਰ ਵੀ ਗੁੱਸਾ ਨਹੀਂ ਵਿਖਾਇਆ ਉਨੇ ... ਮੈਂ ਸੜੀ ਬਲੀ... ਨਾ ਸ਼ੁਕਰੀ ਨੇ... ਡਾਢਾ ਪਾਪ ਕਮਾਇਐ.... ਨਰਕਾਂ ਦਾ ਭਾਗੀ ਬਣਾਂ ਮੈਂ... ਆਪਣੇ ਦਰਵੇਸ਼ ਪਤੀ ਨੂੰ, ਸਤਾਉਣ ਵਾਲੀ' ਸੋਚਦਿਆਂ- ਸੋਚਦਿਆਂ ਉਹਦਾ ਸਾਹ ਫੁੱਲਣ ਲੱਗਾ ਤੇ ਉਹਦੀਆਂ ਲੱਤਾਂ ਕੰਬਣ ਲੱਗੀਆਂ। ਸੁਕਰਾਤ ਦੇ ਮੋਢੇ ਦਾ ਸਹਾਰਾ ਲੈ, ਉਹ ਉਹਦੇ ਕੋਲ ਹੀ ਬੈਠ ਗਈ ਤੇ ਉਹਦੇ ਗਲ਼ ਲੱਗ ਕੇ ਰੋਣ ਲੱਗੀ। ਉਹ ਧਾਹਾਂ ਮਾਰ ਰੋ ਰਹੀ ਸੀ ਤੇ ਉਹਦਾ ਪਤੀ ਸ਼ਾਂਤ ਬੈਠਾ, ਉਹਨੂੰ ਧੀਰਜ ਬੰਨਾ ਰਿਹਾ ਸੀ। ਜਦ ਜਾਨਥਿਪ ਦਾ ਰੋਣਾ ਥੰਮਿਆਂ ਤੇ ਉਹਨੇ ਆਪਣੇ-ਆਪ ਨੂੰ ਕੁਝ ਹੌਲੀ ਮਹਿਸੂਸ ਕੀਤਾ ਤਾਂ ਪਤੀ ਦੀ ਗੋਦੀ ਵਿਚ ਸਿਰ ਰੱਖ, ਆਪਣੇ ਕੀਤੇ ਗੁਨਾਹਾਂ ਦੀ ਮਾਫ਼ੀ ਮੰਗਣ ਲੱਗੀ।

ਸੁਕਰਾਤ ਨੇ ਉਹਦਾ ਮੱਥਾ ਚੁੰਮਿਆ ਤੇ ਕਹਿਣ ਲੱਗਾ, 'ਤੈਥੋਂ ਕੋਈ ਗ਼ਲਤੀ ਨਹੀਂ ਹੋਈ, ਮੇਰੀ ਪਿਆਰੀ ਪਤਨੀ! ਗੁਨਾਹਗਾਰ ਤਾਂ ਮੈਂ ਹਾਂ, ਜਿਹੜਾ ਤੈਨੂੰ ਤੇ ਬੱਚਿਆਂ ਨੂੰ, ਕੋਈ ਵੀ ਖ਼ੁਸ਼ੀ ਨਹੀਂ ਦੇ ਸਕਿਆ... ਤੁਹਾਡੀਆਂ ਲੋੜਾਂ ਪੂਰੀਆਂ ਕਰਨੋਂ ਅਸਮਰੱਥ ਹਾਂ ਮੈਂ... ਪਰ ਮਜਬੂਰ ਹਾਂ ਮੈਂ ਵੀ.... ਕਿਸੇ ਅੱਗੇ ਹੱਥ ਅੱਡਣ ਲਈ... ਮੇਰੀ ਜ਼ਮੀਰ, ਮੈਨੂੰ ਇਜ਼ਾਜ਼ਤ ਨਹੀਂ ਦਿੰਦੀ.... ਦੱਸ ਕੀ ਕਰਾਂ ਮੈਂ ?' ਕਹਿੰਦਿਆਂ ਸੁਕਰਾਤ ਦੀਆਂ ਅੱਖਾਂ ਭਰ ਆਈਆਂ। ਜਾਨਥਿਪ ਨੂੰ ਉਹਦਾ ਏਨਾ ਮੋਹ ਆਇਆ ਕਿ ਉਹਨੇ ਪਤੀ ਨਾਲ ਲਿਪਟ ਕੇ, ਉਹਦੇ ਗਿੱਲੇ ਮੂੰਹ ਉੱਪਰ, ਚੁੰਮਣਾਂ ਦੀ ਝੜੀ ਲਾ ਦਿੱਤੀ ਅਤੇ ਉਹਨੂੰ ਪਿਆਰ ਨਾਲ ਉਠਾ ਕੇ, ਨਿੱਘੇ ਅੰਦਰ ਲੈ ਗਈ.... ਉਹਨੇ ਆਪਣੇ ਹੱਥੀਂ, ਉਹਦੇ ਗਿੱਲੇ ਕੱਪੜੇ ਬਦਲੇ ... ਉਹਨੂੰ ਗਰਮਾ-ਗਰਮ ਚਾਹ ਬਣਾ ਕੇ ਪਿਆਈ ਅਤੇ ਆਪਣੇ ਭਖਦੇ ਤੇ ਪੀੜ-ਪਰੁੰਨੇ ਜਿਸਮ ਦਾ ਦੁੱਖ ਭੁੱਲ, ਘਰ ਦੇ ਕੰਮਾਂ-ਕਾਰਾਂ ਵਿਚ ਮਸਰੂਫ਼ ਹੋ ਗਈ।

ਉਸ ਦਿਨ ਤੋਂ ਬਾਅਦ, ਜ਼ਿੰਦਗੀ ਭਰ, ਨਾ ਕਦੇ ਉਹਦੀ ਪਤੀ ਨਾਲ ਲੜਾਈ ਹੋਈ ਤੇ ਨਾ ਹੀ ਕਦੇ ਕੋਈ ਕੌੜਾ ਬੋਲ ਉਹਦੀ ਜ਼ੁਬਾਨ 'ਚੋਂ ਨਿਕਲਿਆ। ਸਾਰੀ ਉਮਰ ਨੂੰ ਉਨਾਂ ਦਾ ਹਰ ਦਿਨ ਇਸ ਤਰਾਂ ਬੀਤਿਆ, ਜਿਵੇਂ ਉਨਾਂ ਦੇ ਵਿਆਹ ਦਾ ਪਹਿਲਾ ਦਿਨ ਹੋਵੇ।

ਆਪਣਾ ਤਨ-ਮਨ, ਪਤੀ ਨੂੰ ਸਮਰਪਿਤ ਕਰ, ਉਹ ਕਿਸੇ ਅਗੰਮੀ ਖ਼ੁਸ਼ੀ ਵਿਚ ਖੀਵੀ ਹੋਈ ਰਹਿੰਦੀ। ਉਹ, ਆਪਣੇ ਪਤੀ ਉੱਪਰ ਮਾਣ ਕਰਦੀ। ਉਸ ਪਤੀ 'ਤੇ ਜਿਹੜਾ ਦੁਨੀਆ ਦਾ ਉੱਘਾ ਦਾਰਸ਼ਨਿਕ ਸੀ ਤੇ ਜਿਹਦੀ ਲੋਕ ਇੱਜ਼ਤ ਕਰਦੇ ਸਨ।

ਕਦੇ-ਕਦੇ, ਸੁਕਰਾਤ ਦੇ ਸ਼ਾਗਿਰਦਾਂ ਨੂੰ ਭੁਲੇਖਾ ਪੈਂਦਾ ਜਿਵੇਂ ਪਹਿਲਾਂ ਵਾਲੀ ਵੱਢਖਾਣੀ ਜਾਨਥਿਪ ਦੇ ਸਰੀਰ ਅੰਦਰ, ਕਿਸੇ ਸ਼ਾਂਤ-ਚਿੱਤ ਦੇਵੀ ਦੀ ਰੂਹ ਦਾ ਵਾਸਾ ਹੋ ਗਿਆ ਹੋਵੇ।

ਉਹ ਆਪਣੇ ਗੁਰੂ ਦੀ ਕਿਸਮਤ ਉੱਪਰ ਰਸ਼ਕ ਕਰਦੇ ਤੇ ਜਾਨਥਿਪ ਦੇ ਪੈਰਾਂ ਵਿਚ ਝੁਕ, ਉਹਦਾ ਅਸ਼ੀਰਵਾਦ ਲੈਣਾ, ਆਪਣਾ ਸੁਭਾਗ ਸਮਝਦੇ।

## ਜੈਵਿਕ ਹਥਿਆਰਾਂ ਦਾ...

ਵਾਸਤੇ ਰੱਬੀ ਦਾਤ ਬਣ ਕੇ ਬਹੁੜਿਆ ਹੈ। ਇਹ ਵੀ ਇਕ ਵਿਬੰਡਨਾ ਹੈ ਵੂਹਾਨ ਦੀ ਪ੍ਰਯੋਗਸ਼ਾਲਾ ਵਿਚ ਮਾਰੂ ਵਾਇਰਸਾਂ ਨੂੰ ਵਿਕਸਤ ਕਰਨ ਲਈ ਵਰਤੀਆਂ ਜਾ ਰਹੀਆਂ ਜ਼ਿਆਦਤਰ ਮਸ਼ੀਨਾਂ ਅਤੇ ਸਾਜ਼ੋ-ਸਾਮਾਨ ਚੀਨ ਵੱਲੋਂ ਅਮਰੀਕਾ ਸਮੇਤ ਕਈ ਪੱਛਮੀ ਦੇਸ਼ਾਂ ਤੋਂ ਦਰਾਮਦ ਕੀਤਾ ਗਿਆ ਹੈ। ਇਕ ਤਰਾਂ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਪੱਛਮੀ ਦੇਸ਼ਾਂ ਨੇ ਵੀ ਅਨਜਾਣੇ ਵਿਚ ਦੁਨੀਆ ਨੂੰ ਤਬਾਹ ਕਰ ਕੇ ਰੱਖ ਦੇਣ ਵਾਲੇ ਇਸ ਵਾਇਰਸ ਨੂੰ ਵਿਕਸਤ ਕਰਨ 'ਚ ਆਪਣਾ ਯੋਗਦਾਨ ਪਾਇਆ ਹੈ। ਇਸ ਵੇਲੇ ਸਾਰੇ ਦੇਸ਼ ਕੋਰੋਨਾ ਵਾਇਰਸ ਦੇ ਫੈਲਾਅ ਲਈ ਚੀਨ ਨੂੰ ਦੋਸ਼ੀ ਮੰਨ ਰਹੇ ਹਨ ਪਰ ਉਹ ਕਿਸੇ ਦੀ ਵੀ ਪ੍ਰਵਾਹ ਨਹੀਂ ਕਰ ਰਿਹਾ।

ਕੋਰੋਨਾ ਫੈਲਣ ਤੋਂ ਦਸ ਮਹੀਨੇ ਬਾਅਦ ਚੀਨ ਨੇ ਡਬਲਯੂਐੱਚਓ ਦੀ ਟੀਮ ਨੂੰ ਜਾਂਚ ਕਰਨ ਲਈ ਦੇਸ਼ 'ਚ ਆਉਣ ਦੀ ਆਗਿਆ ਦਿੱਤੀ ਸੀ ਪਰ ਉਸ ਨੂੰ ਵੂਹਾਨ ਪ੍ਰਯੋਗਸ਼ਾਲਾ ਦੀ ਜਾਂਚ ਨਹੀਂ ਸੀ ਕਰਨ ਦਿੱਤੀ। ਸਾਫ਼ ਹੈ ਕਿ ਚੀਨ ਕੁਝ ਛਿਪਾ ਰਿਹਾ ਹੈ। ਅਮਰੀਕਾ ਦੀਆਂ ਖ਼ੁਫ਼ੀਆ ਏਜੰਸੀਆਂ ਚਾਹੇ ਕਿਸੇ ਤਰੀਕੇ ਚੀਨ ਦੀ ਸ਼ਮੂਲੀਅਤ ਲੱਭ ਵੀ ਲੈਣ, ਫਿਰ ਵੀ ਅਮਰੀਕਾ ਚੀਨ ਵਿਰੁੱਧ ਕੋਈ ਖ਼ਾਸ ਕਾਰਵਾਈ ਨਹੀਂ ਕਰ ਸਕੇਗਾ। ਚੀਨ ਨਾਲ ਨਿਪਟਣ ਵੇਲੇ ਅਮਰੀਕਾ ਨੂੰ ਇਹ ਗੱਲ ਯਾਦ ਰੱਖਣੀ ਪਵੇਗੀ ਕਿ ਚੀਨ ਕੋਈ ਇਰਾਕ ਨਹੀਂ ਹੈ ਜਿਸ ਨੂੰ ਸਿਰਫ਼ ਕੈਮੀਕਲ ਹਥਿਆਰ ਰੱਖਣ ਦੇ ਸ਼ੱਕ ਵਿਚ ਹੀ ਅਮਰੀਕਾ ਨੇ ਤਬਾਹ ਕਰ ਕੇ ਸੱਦਾਮ ਹੁਸੈਨ ਨੂੰ ਕਤਲ ਕਰ ਦਿੱਤਾ ਸੀ। ਚੀਨ ਸੰਸਾਰ ਦੀ ਦੂਸਰੀ ਵੱਡੀ ਸੈਨਿਕ ਮਹਾਂ-ਸ਼ਕਤੀ ਹੈ ਅਤੇ ਅਜੇ ਇਹ ਵੀ ਨਹੀਂ ਪਤਾ ਕਿ ਚੀਨ ਕੋਲ ਕੋਰੋਨਾ ਤੋਂ ਇਲਾਵਾ ਹੋਰ ਕਿੰਨੇ ਕੁ ਮਾਰੂ ਵਾਇਰਸ ਸੰਸਾਰ ਨੂੰ ਤਬਾਹ ਕਰਨ ਲਈ ਤਿਆਰ ਪਏ ਹਨ। ਹੁਣ ਤਾਂ ਇਹ ਅਰਦਾਸ ਹੀ ਕੀਤੀ ਜਾ ਸਕਦੀ ਹੈ ਕਿ ਚੀਨ ਦੀ ਵੇਖਾ-ਵੇਖੀ ਕਿਤੇ ਉੱਤਰੀ ਕੋਰੀਆ ਵਰਗੇ ਦੇਸ਼ ਵੀ ਐਟਮੀ ਹਥਿਆਰ ਤਿਆਰ ਕਰਨ ਦੀ ਬਜਾਏ ਕੋਰੋਨਾ ਵਰਗੇ ਵਾਇਰਸ ਨਾ ਤਿਆਰ ਕਰਨ ਲੱਗ ਪੈਣ ਤੇ ਸੰਸਾਰ ਨੂੰ ਹੋਰ ਮੁਸ਼ਕਲ ਵਿਚ ਪਾ ਦੇਣ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**